ਕੈਨੇਡਾ ਦਰਪਣ

1 ਮਈ , 1983

May 1, 1983

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

25¢ Out Of Greater Vancouver 40¢

ਕੈਨੇਡਾ ਦਰਪਣ

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
VOL. 2, NO. 9 May 1, 1983
PHONE: 324-6111

THE CANADA DARPAN
PUNJABI FORTNIGHTLY
Hon. Editor DARSHAN GILL

ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਦੀ ਸੰਭਾਵਨਾ

ਨਵੀਂ ਦਿੱਲੀ—ਕੇਂਦਰੀ ਕੈਬਨਿਟ ਦੀਆਂ ਹੰਗਾਮੀ ਮੀਟਿੰਗਾਂ ਤੋਂ ਸਿਆਸੀ ਹਲਕੇ ਇਹ ਕਿਆਸ ਅਰਾਈਆਂ ਲਾ ਰਹੇ ਹਨ ਕਿ ਪੰਜਾਬ ਵਿਚ ਅਮਨ ਸਥਾਪਤ ਕਰਨ ਲਈ ਕੇਂਦਰ ਕੋਲ ਰਾਸ਼ਟਰਪਤੀ ਰਾਜ ਲਾਗੂ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ। ਪੰਜਾਬ ਵਿਚ ਹਿੰਸਾ ਚੋਟੀ ਤੇ ਪਹੁੰਚ ਗਈ ਜਦੋਂ ਪੁਲਸ ਦੇ ਇਕ ਉਚ ਅਧਿਕਾਰੀ ਅਵਤਾਰ ਸਿੰਘ ਅਟਵਾਲ ਨੂੰ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੇ ਸਾਹਮਣੇ ਗੋਲੀ ਮਾਰ ਦਿਤੀ ਗਈ।

ਜਿਵੇਂ ਪਿਛਲੇ ਸਮੇਂ ਤੋਂ ਪੰਜਾਬ ਵਿਚ ਵਾਪਰ ਰਿਹਾ ਹੈ, ਗੋਲੀ ਮਾਰਨ ਵਾਲਾ ਵਿਅਕਤੀ ਉਸੇ ਵਕਤ ਇਧਰ ਉਧਰ ਹੋ ਗਿਆ।

ਪੰਜਾਬ ਪੁਲੀਸ ਦਾ ਕਹਿਣਾ ਹੈ ਕਿ ਦੋਸ਼ੀ ਗੋਲੀਆਂ ਚਲਾ ਕੇ ਦਰਬਾਰ ਸਾਹਿਬ ਅੰਦਰ ਜਾ ਵੜਿਆ। ਪੁਲਸ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖੇ ਖਤ ਵਿਚ ਪੁਲਸ ਨੇ ਮੰਗ ਕੀਤੀ ਹੈ ਕਿ ਦੋਸ਼ੀ ਨੂੰ ਪੁਲਸ ਦੇ ਹਵਾਲੇ ਕੀਤਾ ਜਾਵੇ। ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਦੋਸ਼ੀ ਦਰਬਾਰ ਸਾਹਿਬ ਵਿਚ ਹੈ।

ਮਾਸੂਮ ਬੱਚੇ ਦਾ ਵਹਿਸ਼ੀਆਨਾ ਕਤਲ ਹੋਰ ਵੀ ਭਿਆਨਕ ਹੈ।

ਪੰਜਾਬ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਦੀ ਭੇਦਭਰੀ ਤਰਾਸਦੀ ਇਹ ਹੈ ਕਿ ਅਕਸਰ ਇਸ ਤਰ੍ਹਾਂ ਦੇ ਕਤਲਾਂ ਦੀ ਰੂਪ ਰੇਖਾ ਬਿਲਕੁਲ ਇਕ ਹੈ। ਪੁਲਸ ਦੀ ਨਾਕਾਮੀ ਦਾ ਇਹ ਜਿਉਂਦਾ ਜਾਗਦਾ ਸਬੂਤ ਹੈ ਕਿ ਉਹ ਅਜਿਹੇ 'ਰਾਜਸੀ' ਕਤਲਾਂ ਵਿਚ ਕਿਸੇ ਇਕ ਵੀ ਦੋਸ਼ੀ ਨੂੰ ਫੜਨ ਤੋਂ ਅਸਮਰਥ ਰਹੀ ਹੈ।

ਪੁਲਸ ਵਲੋਂ ਅਕਸਰ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਅਜਿਹੇ 'ਕਾਤਲਾਂ' ਨੂੰ ਪਨਾਹ ਮਿਲੀ ਹੋਈ ਹੈ। ਕਿਉਂਕਿ ਕਿਸੇ ਇਕ ਅਕਾਲੀ ਲੀਡਰ ਨੇ ਵੀ ਅਜਿਹੇ "ਕਤਲਾਂ" ਦੀ ਨਿਖੇਧੀ ਨਹੀਂ ਕੀਤੀ।

ਕਈ ਹਲਕੇ ਇਹ ਵੀ ਦੋਸ਼ ਲਾ ਰਹੇ ਹਨ ਕਿ ਅਕਾਲੀ ਤੇ ਕਾਂਗਰਸੀ ਆਗੂ ਅੰਦਰੋਂ ਇਕ ਹਨ — ਉਨ੍ਹਾਂ ਦਾ ਕਿਆਫ਼ਾ ਹੈ ਕਿ ਪੰਜਾਬ ਦੇ ਲੋਕਾਂ ਦੀ ਮਾਲੀ ਹਾਲਤ ਦਿਨੋ ਦਿਨ ਨਿਘਰ ਰਹੀ ਹੈ ਤੇ ਇਨ੍ਹਾਂ ਦੋਵਾਂ ਪਾਰਟੀਆਂ ਦੇ ਆਗੂ ਲੋਕਾਂ ਦਾ ਧਿਆਨ ਕੁਰਾਹੇ ਪਾਉਣ ਲਈ 'ਸਾਜ਼ਸ਼ਾਂ' ਰਚ ਰਹੇ ਹਨ।

ਵਿਸ਼ੇਸ਼—
ਬੀ. ਸੀ. ਦੀਆਂ ਚੋਣਾਂ

ਹਰਚਰਨ ਸਿੰਘ ਦਲ ਦੀ ਦਿੱਲੀ ਕਮੇਟੀ ਦੇ ਸਰਪ੍ਰਸਤ
ਬਾਦਲ ਧੜੇ ਦੀ ਜਿੱਤ

ਅੰਮ੍ਰਿਤਸਰ— ਅਕਾਲੀ ਦਲ ਦੀ ਕਮੇਟੀ ਜਿਹੜੀ ਪਿਛਲੇ ਦਿਨੀਂ ਭੰਗ ਕਰ ਦਿਤੀ ਗਈ ਸੀ, ਦੇ ਪ੍ਰਧਾਨ ਹਰਚਰਨ ਸਿੰਘ ਨੂੰ ਨਵੀਂ ਬਣਾਈ ਐਡਹਾਕ ਕਮੇਟੀ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ ਹੈ।

ਅਕਾਲੀ ਦਲ ਹੈਡ ਕੁਆਟਰ ਤੋਂ ਜਾਰੀ ਇਕ ਬਿਆਨ ਵਿਚ ਐਡਹਾਕ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਵੀ 21 ਤੋਂ 25 ਕਰ ਦਿਤੀ ਗਈ ਹੈ। ਸ੍ਰੀ ਹਰਚਰਨ ਸਿੰਘ ਨੂੰ ਸਰਪ੍ਰਸਤ ਬਣਾਉਣਾ ਦਲ ਵਿਚ ਬਾਦਲ ਧੜੇ ਦੀ ਜਿਤ ਸਮਝਿਆ ਜਾ ਰਿਹਾ ਹੈ। ਐਡਹਾਕ ਕਮੇਟੀ ਵਿਚ ਲਏ ਗਏ ਨਵੇਂ ਮੈਂਬਰ ਹਨ : ਸਰਵ ਸ੍ਰੀ ਦਲੀਪ ਸਿੰਘ, ਮਾਨ ਸਿੰਘ ਘਈ, ਚੌਧਰੀ ਬਸੰਤ ਸਿੰਘ(ਸਾਰੇ ਮੈਂਬਰ ਦਿੱਲੀ ਗੁਰਦੁਆਰਾ ਪਬੰਧਕ ਕਮੇਟੀ) ਤੇ ਦਰਸ਼ਨ ਸਿੰਘ।

ਖਾਲਸਤਾਨ ਦੇ ਹਾਮੀਆਂ 'ਚ ਫੁਟ
ਡਾ: ਚੌਹਾਨ ਨੇ ਬਰਤਾਨਵੀ ਸਰਕਾਰ ਨੂੰ ਠੇਕੇਦਾਰ ਨੂੰ ਵਾਪਸ ਭੇਜਣ ਲਈ ਕਿਹਾ

ਗੁਰਦਾਸਪੁਰ—ਦਲ ਖਾਲਸਾ ਦੇ ਲੀਡਰਾਂ ਅਤੇ ਖਾਲਸਤਾਨ ਕੌਂਸਲ ਦੇ ਪ੍ਰਧਾਨ ਡਾਕਟਰ ਜਗਜੀਤ ਸਿੰਘ ਚੌਹਾਨ ਵਿਚਕਾਰ ਆਪਸ ਵਿਚ ਠੱਣ ਗਈ ਹੈ। ਇਥੋਂ ਫਿਰਕੂ ਅਤੇ ਅੱਤਵਾਦੀ ਕਾਰਵਾਈਆਂ ਵਿਚ ਸ਼ਾਮਲ ਦਲ ਖਾਲਸਾ ਦੇ ਜਿਹੜੇ ਸੀਨੀਅਰ ਲੀਡਰ ਇੰਗਲੈਂਡ ਪਹੁੰਚ ਗਏ ਹਨ, ਡਾਕਟਰ ਜਗਜੀਤ ਸਿੰਘ ਵਲੋਂ ਉਹਨਾਂ ਦੀ ਵਿਰੋਧਤਾ ਆਰੰਭ ਕਰ ਦਿਤੀ ਗਈ ਹੈ। ਇਸ ਵਿਰੋਧਤਾ ਦਾ ਮੁਖ ਕਾਰਨ ਉਹ ਭਾਰੀ ਧੰਨ ਹੈ ਜੋ ਡਾ: ਜਗਜੀਤ ਸਿੰਘ ਚੌਹਾਨ ਨੇ ਖਾਲਸਤਾਨ ਦੀ ਸਥਾਪਨਾ ਕਰਨ ਦੇ ਨਾਮ ਤੇ ਵਿਦੇਸ਼ਾਂ ਵਿਚ ਰਹਿੰਦੇ ਸਿਖਾਂ ਪਾਸੋਂ ਇਕੱਤਰ ਕੀਤਾ ਹੈ। ਸਾਡੇ ਪ੍ਰਤੀਨਿਧ ਨੂੰ ਦਲ ਖਾਲਸਾ ਦੇ ਸੂਤਰਾਂ ਤੋਂ ਜਿਹੜੀ ਜਾਣਕਾਰੀ ਮਿਲੀ ਹੈ ਉਸ ਤੋਂ ਪਤਾ ਲੱਗਾ ਹੈ ਕਿ ਬੀਤੇ ਸਾਲ ਅੰਮ੍ਰਿਤਸਰ ਵਿਚ ਹੋਏ ਗਊ ਹੱਤਿਆ ਕਾਂਡ ਦਾ ਮੁਖ ਦੋਸ਼ੀ ਠੇਕੇਦਾਰ ਜਸਵੰਤ ਸਿੰਘ ਅਜ ਕੱਲ੍ਹ ਇੰਗਲੈਂਡ ਵਿਚ ਹੈ ਅਤੇ ਉਥੇ ਪੰਜਾਬੀ ਵਿਚ ਛਪਣ ਵਾਲੇ ਇਕ ਅਖਬਾਰ ਦੇ ਮਾਲਿਕ ਨੇ ਉਸ ਨੂੰ ਪਨਾਹ [illegible] ਹੈ। ਜਦ ਡਾ: ਜਗਜੀਤ ਸਿੰਘ ਚੌਹਾਨ ਨੂੰ ਇਹ ਪਤਾ ਲੱਗਾ ਕਿ ਉਸਦੇ ਗੁਪਤ ਭੇਦ ਖੋਹਲਣ ਵਾਲਾ ਠੇਕੇਦਾਰ ਜਸਵੰਤ ਸਿੰਘ ਇੰਗਲੈਂਡ ਆ ਗਿਆ ਹੈ ਤਾਂ ਉਸ ਨੇ ਠੇਕੇਦਾਰ ਦੀ ਵਿਰੋਧਤਾ ਆਰੰਭ ਕਰਦੇ ਹੋਏ ਬਰਤਾਨਵੀ ਸਰਕਾਰ ਨੂੰ ਕਿਹਾ ਕਿ ਇਹ ਭਾਰਤ ਵਿਚ ਕਈ ਕੇਸਾਂ ਵਿਚ ਦੋਸ਼ੀ ਹੈ। ਅਤੇ ਇਹ ਦਲ ਖਾਲਸਾ ਦਾ ਮੈਂਬਰ ਵੀ ਨਹੀਂ ਹੈ। ਇਸ ਲਈ ਇਸ ਨੂੰ ਸਿਆਸੀ ਸ਼ਰਨ ਨਾ ਦਿਤੀ ਜਾਵੇ। ਠੇਕੇਦਾਰ ਜਸਵੰਤ ਸਿੰਘ ਡਾ: ਜਗਜੀਤ ਸਿੰਘ ਚੌਹਾਨ ਵਲੋਂ ਲਾਏ ਇਹਨਾਂ ਸਾਰੇ ਦੋਸ਼ਾਂ ਦੀ ਸਫਾਈ ਦੇਣ ਅਤੇ ਬਰਤਾਨੀਆਂ ਵਿਚ ਸਿਆਸੀ ਸ਼ਰਨ ਪ੍ਰਾਪਤ ਕਰਨ ਲਈ ਆਪਣੇ ਵਿਰੁਧ ਭਾਰਤ ਵਿਚ ਛਪੀ ਉਹ ਸਾਰੀ ਸਮਗਰੀ ਜਿਸ ਵਿਚ ਗਊ ਹੱਤਿਆ ਕਾਂਡ ਅੰਮ੍ਰਿਤਸਰ ਦੇ ਕੇਸ ਦੀ ਐਫ. ਆਈ. ਆਰ. ਦੀ ਨਕਲ, ਅਖਬਾਰਾਂ ਦੀਆਂ ਕਾਤਰਾਂ, ਦਲ ਖਾਲਸਾ ਤੇ ਲਾਈ ਪਾਬੰਦੀ ਦੇ ਨੋਟੀਫੀਕੇਸ਼ਨ ਦੀ ਕਾਪੀ, ਜ਼ਿਲਾ ਮੈਜਿਸਟਰੇਟ ਗੁਰਦਾਸਪੁਰ ਵਲੋਂ ਠੇਕੇਦਾਰ ਜਸਵੰਤ ਸਿੰਘ ਵਿਰੁਧ ਕੌਮੀ ਸੁਰੱਖਿਆ ਐਕਟ ਅਧੀਨ ਦਰਜ ਕੀਤੇ ਕੇਸ ਦੀ ਨਕਲ ਅਤੇ ਇਸ ਵਿਰੁਧ ਸੰਸਦ ਵਿਚ ਕੀਤੀ ਗਈ ਕਾਰਵਾਈ ਦੇ ਸਾਰੇ ਸਬੂਤ ਬਰਤਾਨੀਆਂ ਸਰਕਾਰ ਨੂੰ ਪੇਸ਼ ਕਰ ਦਿਤੇ ਹਨ। ਠੇਕੇਦਾਰ ਵਲੋਂ ਇਹ ਸਾਰੇ ਸਬੂਤ ਪੇਸ਼ ਕਰਨ ਦੇ ਬਾਵਜੂਦ ਵੀ ਬਰਤਾਨੀਆ ਸਰਕਾਰ ਨੇ ਉਸ ਨੂੰ ਅਜੇ ਤਕ ਬਾਕਾਇਦਾ ਸਿਆਸੀ ਸ਼ਰਨ ਨਹੀਂ ਦਿਤੀ ਅਤੇ ਇਸ ਸਬੰਧ ਵਿਚ ਇਮੀਗਰੇਸ਼ਨ ਵਿਭਾਗ ਪਾਸ ਕੇਸ ਚਲ ਰਿਹਾ ਹੈ। ਠੇਕੇਦਾਰ ਜਸਵੰਤ ਸਿੰਘ ਦਾ ਹੁਣ ਤਲਵਿੰਦਰ ਸਿੰਘ ਅਤੇ ਤਰਸੇਮ ਸਿੰਘ ਨਾਲ ਵੀ ਸੰਪਰਕ ਹੈ, ਨੇ ਬਰਤਾਨਵੀ ਸਿਖਾਂ ਕੋਲ ਡਾਕਟਰ ਜਗਜੀਤ ਸਿੰਘ ਚੌਹਾਨ ਵਿਰੁਧ ਇਹ ਦੋਸ਼ ਲਗਾਇਆ ਸੀ ਕਿ ਇਸ ਨੇ ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਕੋਲੋਂ ਖਾਲਿਸਤਾਨ ਦੇ ਨਾਮ ਤੇ ਵੱਡੀ ਮਾਤਰਾ ਵਿਚ ਪੈਸਾ ਇਕੱਤਰ ਕਰਕੇ ਹੜੱਪ ਕਰ ਲਿਆ ਹੈ ਅਤੇ ਇਸ ਤਰ੍ਹਾਂ ਭਾਰਤ ਵਿਚ ਚਲ ਰਹੇ ਖਾਲਿਸਤਾਨ ਅੰਦੋਲਨ ਲਈ ਇਹ ਪੈਸਾ ਨਹੀਂ ਭੇਜਿਆ ਗਿਆ ਅਤੇ ਨਿੱਜੀ ਸਵਾਰਥ ਲਈ ਇਸ ਪੈਸੇ ਦੁਆਰਾ ਆਪਣੇ ਨਾਮ ਉਤੇ ਕਿਸੇ ਦੇਸ਼ ਨਾਲ ਕੋਈ ਜੰਜੀਰਾ ਖਰੀਦਣ ਦੀ ਵਿਉਂਤ ਗੁੰਦ ਰੱਖੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਵਿਦੇਸ਼ਾਂ ਵਿਚ ਸ਼ਰਨ ਲੈਣ ਵਾਲੇ ਅੱਤਵਾਦੀ ਸਿਖਾਂ ਦੀ ਵੱਡੀ ਗਿਣਤੀ ਹੁਣ ਡਾ: ਜਗਜੀਤ ਸਿੰਘ ਚੌਹਾਨ ਦੇ ਵਿਰੁਧ ਹੈ। ਸਾਡੇ ਪੱਤਰ ਪ੍ਰੇਰਕ ਨੂੰ ਇਹ ਵੀ ਪਤਾ ਲੱਗਾ ਹੈ ਕਿ ਬਰਤਾਨੀਆ ਵਿਚ ਵੀ ਦਲ ਖਾਲਸਾ ਦੀ ਇਕ ਯੂਨਿਟ ਸਥਾਪਿਤ ਕਰ ਦਿਤੀ ਗਈ ਹੈ ਜਿਸ ਵਿਚ ਉਥੇ ਰਹਿ ਰਹੇ ਸਿਖ ਯੁਵਕਾਂ ਨੂੰ ਭਰਤੀ ਕਰਨ ਦਾ ਕੰਮ ਜਾਰੀ ਹੈ।

ਡੇਵ ਬੈਰਿਟ ਦਾ ਇੰਡੋ-ਕਨੇਡੀਅਨ ਕਮਿਊਨਿਟੀ ਦੇ ਨਾਂ ਸੁਨੇਹਾ



"ਈਸਟ ਇੰਡੀਅਨ ਕਮਿਊਨਿਟੀ ਬੀ. ਸੀ. ਦੇ ਸੂਬੇ ਵਿਚ ਅਹਿਮ ਘੱਟ ਗਿਣਤੀ ਹੈ। ਮੈਂ ਐਨ. ਡੀ. ਪੀ. ਵਲੋਂ ਈਸਟ ਇੰਡੀਅਨ ਕਮਿਊਨਿਟੀ ਨੂੰ ਯਕੀਨ ਦੁਆਉਂਦਾ ਹਾਂ ਕਿ ਐਨ. ਡੀ. ਪੀ. ਸਦਾ ਵਾਂਗ ਸਭ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਸਭ ਨੂੰ ਇਕੋ ਜਿਹੇ ਮੌਕੇ ਦੇਣ ਲਈ ਐਨ. ਡੀ. ਪੀ. ਸਦਾ ਅੱਗੇ ਰਹੇਗੀ।

ਮੇਰੇ ਵਲੋਂ ਇਹ ਸੁਨੇਹਾ ਇੰਡੋ ਕਨੇਡੀਅਨ ਕਮਿਊਨਿਟੀ ਨੂੰ ਪੁਚਾ ਦੇਣਾ।"

ਡੇਵ ਬੈਰਿਟ

ਪਾਰਲੀਮੈਂਟ ਵਿਚ ਹੰਗਾਮਾ
ਜੇ ਦੋਸ਼ੀ ਸੱਤ ਦਿਨ ਅੰਦਰ ਆਪਣੇ ਆਪ ਪੇਸ਼ ਨਾ ਹੋਏ ਤਾਂ ਸਰਕਾਰ ਸਖਤ ਕਾਰਵਾਈ ਕਰੇਗੀ — ਸੇਠੀ

ਨਵੀਂ ਦਿੱਲੀ—ਕੱਲ੍ਹ ਪਾਰਲੀਮੈਂਟ ਵਿਚ ਡੀ. ਆਈ. ਜੀ. ਅੰਮ੍ਰਿਤਸਰ ਰੇਂਜ ਅਵਤਾਰ ਸਿੰਘ ਅਟਵਾਲ ਦੇ ਕਤਲ ਬਾਰੇ ਹੰਗਾਮੇ ਸਮੇਂ ਗ੍ਰਿਹ ਮੰਤਰੀ ਪ੍ਰਕਾਸ਼ ਚੰਦ ਸੇਠੀ ਨੇ ਕਿਹਾ ਕਿ ਜੇ ਦੋਸ਼ੀ ਸੱਤ ਦਿਨ ਅੰਦਰ ਆਪਣੇ ਆਪ ਪੇਸ਼ ਨਾ ਹੋਏ ਤਾਂ ਸਰਕਾਰ ਸਖਤ ਕਾਰਵਾਈ ਕਰਨ ਲਈ ਮਜ਼ਬੂਰ ਹੋਵੇਗੀ।

ਅਕਾਲੀ ਆਗੂਆਂ ਦਾ ਅੰਮ੍ਰਿਤਸਰ ਵਿਚ ਪ੍ਰੀਤ ਕਰਮ ਸੀ ਜੇ ਸਰਕਾਰ ਨੇ ਦਰਬਾਰ ਸਾਹਿਬ ਵਿਚ ਪੁਲਸ ਭੇਜੀ ਤਾਂ ਖੂਨ ਖਰਾਬਾ ਹੋਵੇਗਾ।

ਪਾਰਲੀਮੈਂਟ ਦੇ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਪੰਜਾਬ ਦੀ ਹਾਲਤ ਬਰਦਾਸ਼ਤ ਤੋਂ ਬਾਹਰ ਹੋ ਗਈ ਹੈ ਤੇ ਸਰਕਾਰ ਨੂੰ ਸਖਤੀ ਤੋਂ ਕੰਮ ਲੈ ਕੇ ਦੋਸ਼ੀਆਂ ਨੂੰ ਫੜਨਾ ਚਾਹੀਦਾ ਹੈ। ਨਹੀਂ ਤਾਂ ਜੇ ਪੁਲੀਸ ਦੇ ਡੀ. ਆਈ. ਜੀ. ਨੂੰ ਗੋਲੀ ਮਾਰੀ ਜਾ ਸਕਦੀ ਹੈ ਤਾਂ ਆਮ ਆਦਮੀ ਦਾ ਪੰਜਾਬ ਵਿਚ ਕੀ ਹਾਲ ਹੋਵੇਗਾ।

ਅੰਦਰ ਪੜ੍ਹੋ —
ਅਸਲ ਵਿਚ ਖਾਲਿਸਤਾਨ ਕੀ ਹੈ?

ਭਾਰਤ ਸਰਕਾਰ ਨੇ ਵਿਦੇਸ਼ੀਆਂ ਲਈ ਡਿਊਟੀ ਸਬੰਧੀ ਕਾਨੂੰਨਾਂ ਵਿਚ ਸੋਧ ਕਰ ਦਿਤੀ

— ਭਾਰਤ ਵਿਚ ਸਮਾਨ ਲਿਜਾਣ ਬਾਰੇ ਕਾਨੂੰਨਾਂ ਵਿਚ ਭਾਰਤ ਸਰਕਾਰ ਨੇ ਪਹਿਲੀ ਮਾਰਚ 1983 ਤੋਂ ਤਬਦੀਲੀ ਕਰ ਦਿਤੀ ਹੈ। ਅਤੇ ਸਮਾਨ ਲਿਜਾਣ ਤੇਡਿਊਟੀ ਵਿਚ ਕੁਝ ਸੋਧਾਂ ਕੀਤੀਆਂ ਹਨ

ਜ਼ਰੂਰੀ ਤਬਦੀਲੀਆਂ ਇਹ ਹਨ :

1. ਡਿਊਟੀ ਫਰੀ ਸਾਮਾਨ ਦੀ ਹੱਦ ਇਕ ਹਜ਼ਾਰ ਰੁਪਏ ਤੋਂ 1250 ਰੁਪਏ ਕਰ ਦਿਤੀ ਗਈ ਹੈ।ਬੱਚਿਆਂ ਤੇ ਹੋਰ ਮੁਸਾਫਰਾਂ ਸਬੰਧੀ ਵੀ ਵਾਧਾ ਕਰ ਦਿਤਾ ਗਿਆ ਹੈ।

2. ਜਿਨ੍ਹਾਂ ਚੀਜ਼ਾਂ ਤੇ ਅੱਗੇ ਡਿਊਟੀ ਲੱਗਦੀ ਸੀ ਉਨ੍ਹਾਂ ਦੀ ਗਿਣਤੀ ਘਟਾ ਦਿਤੀ ਗਈ ਹੈ। ਅੱਗੇ ਗਿਆਰਾਂ ਆਈਟਮਾਂ ਦੀ ਲਿਸਟ ਸੀ। ਹੁਣ ਕੇਵਲ ਹੇਠ ਲਿਖੀਆਂ ਵਸਤਾਂ ਨੂੰ ਡਿਊਟੀ ਫਰੀ ਨਹੀਂ ਲੰਘਣ ਦਿਤਾ ਜਾਵੇਗਾ :—

(ੳ) ਮੋਟਰ ਸਾਈਕਲ, ਸਕੂਟਰ ਤੇ ਮੋਪਡਜ਼
(ਅ) ਅਸਲਹ ਜਾਂ ਹਥਿਆਰ
(ੲ) 200 ਤੋਂ ਵੱਧ ਸਿਗਰਟਾਂ ਜਾਂ 50 ਤੋਂ ਵੱਧ ਸਿਗਾਰ ਜਾਂ 250 ਗਰਾਮ ਤੋਂ ਵੱਧ ਤੰਬਾਕੂ
(ਸ) 0.95 ਲਿਟਰ ਤੋਂ ਵੱਧ ਸ਼ਰਾਬ

3. ਜੋ ਭਾਰਤੀ ਕਾਮੇ ਜਿਨ੍ਹਾਂ ਕੋਲ ਬਾਹਰ ਭਾਰਤੀ ਪਾਸਪੋਰਟ ਹੈ ਜੋ ਆਮ ਕਰਕੇ ਇਕ ਸਾਲ ਤੋਂ ਵੱਧ ਠੇਕਿਆਂ ਤੇ ਕੰਮ ਕਰਨ ਜਾਂਦੇ ਹਨ ਅਤੇ ਅਜਿਹੇ ਕੰਮ ਦੇ ਖਤਮ ਹੋਣ ਤੇ ਇਕ ਸਾਲ ਦੇ ਬਾਅਦ ਮੁੜਦੇ ਹਨ ਉਹ 5000 ਰੁਪਏ ਤਕ ਦਾ ਘਰ ਲਈ ਸਾਮਾਨ ਡਿਊਟੀ ਤੋਂ ਫਰੀ ਲਜਾ ਸਕਦੇ ਹਨ ਜਿਨ੍ਹਾਂ ਦੀ ਉਨ੍ਹਾਂ ਦੀ ਮਲਕੀਅਤ ਛੇ ਮਹੀਨੇ ਤੋਂ ਵੱਧ ਹੋਵੇਗੀ ਦੀ ਛੋਟ ਦੇ ਦਿਤੀ ਗਈ ਹੈ — ਸਿਰਫ ਇਨ੍ਹਾਂ ਚੀਜ਼ਾਂ ਤੇ ਛੋਟ ਨਹੀਂ :

(ੳ) ਮੋਟਰ ਸਾਈਕਲ, ਸਕੂਟਰ, ਮੋਪਡਿਜ਼
(ਅ) ਏਅਰ ਕੰਡੀਸ਼ਨਰ
(ੲ) ਰੀਫਰੈਜ਼ੀਰੇਟਰਜ ਅਤੇ ਡੀਪ ਫਰੀਜ਼ਰਜ਼
(ਸ) ਅਸਲਾ
(ਹ) 200 ਤੋਂ ਵੱਧ ਸਿਗਰਟ ਜਾਂ 50 ਤੋਂ ਵੱਧ ਸਿਗਾਰ ਜਾਂ 250 ਗਰਾਮ ਤੋਂ ਵੱਧ ਤੰਬਾਕੂ
(ਕ) 0.95 ਲਿਟਰ ਤੋਂ ਵੱਧ ਸ਼ਰਾਬ

4. ਪਹਿਲੇ 2000 ਰੁਪਏ ਦੀ ਸਲੈਬ ਤੇ ਬੁਨਿਆਦੀ ਡਿਊਟੀ 130 ਫੀ ਸਦੀ ਪਹਿਲਾਂ ਵਾਂਗ ਜਾਰੀ ਰਹੇਗੀ ਪਰ ਪਹਿਲੀ ਸਲੈਬ ਤੋਂ ਵੱਧ 2000 ਰੁਪਏ ਦੀ ਸਲੈਬ ਵਿਚ ਡਿਊਟੀ 300 ਫੀ ਸਦੀ ਤੋਂ ਘਟਾ ਕੇ 200 ਫੀ ਸਦੀ ਕਰ ਦਿਤੀ ਗਈ ਹੈ।

ਗੰਗਾਨਗਰ ਹਥਿਆਰ ਚੋਰੀ : ਅਤਵਾਦੀਆਂ ਉਤੇ ਸ਼ੱਕ

ਜੈਪੁਰ—ਗੰਗਾਨਗਰ ਦੇ ਮਾਲਖਾਨੇ ਵਿਚ ਹਥਿਆਰਾਂ ਦੀ ਚੋਰੀ ਦੀ ਘਟਨਾਂ ਤੋਂ ਬਾਅਦ ਸਰਕਾਰ ਵਲੋਂ ਚੁਕੇ ਗਏ ਕਦਮਾਂ ਦੇ ਇਕ ਹਿੱਸੇ ਵਜੋਂ ਸਾਰੇ ਹਥਿਆਰ ਖਾਨਿਆਂ ਤੇ ਵੱਖਰੀਆਂ ਗਾਰਦਾਂ ਤਾਈਨਾਤ ਕਰ ਦਿਤੀਆਂ ਗਈਆਂ ਹਨ। ਮੁਖ ਸਕੱਤਰ ਐਮ. ਐਮ. ਕੇ. ਵਾਲੀ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਚੋਰੀ ਪਿਛੇ ਪੰਜਾਬ ਦੇ ਅਤਵਾਦੀਆਂ ਦਾ ਹੱਥ ਹੋਣ ਦੀ ਸੰਭਾਵਨਾ ਹੈ ਭਾਵੇਂ ਕਿ ਸੂਬੇ ਵਿਚ ਅਕਾਲੀ ਲਹਿਰ ਨਜ਼ਰ ਨਹੀਂ ਆਉਂਦੀ।

ਮੁਖ ਸਕੱਤਰ ਨੇ ਕਿਹਾ ਕਿ ਗੰਗਾ ਨਗਰ ਦੇ ਐਡੀਸ਼ਨਲ ਡਿਸਟ੍ਰਿਕਟ ਐਂਡ ਸੈਸ਼ਨ ਜਜ ਦੇ ਮਾਲਖਾਨੇ ਦੇ ਅੱਗੇ ਖੁਲ੍ਹੀ ਥਾਂ ਹੈ, ਉਥੇ ਗੱਡੀਆਂ ਆ ਸਕਦੀਆਂ ਹਨ। ਵੱਡੀ ਗਿਣਤੀ ਵਿਚ ਹਥਿਆਰਾਂ ਦੀ ਚੋਰੀ ਤੋਂ ਜਾਪਦਾ ਹੈ ਕਿ ਚੋਰ ਗੱਡੀ ਲੈ ਆਏ।

ਸੂਬੇ ਵਿਚ ਦਲ ਖਾਲਸਾ ਜਾਂ ਅਕਾਲੀ ਦਲ ਦੀਆਂ ਜਥੇਬੰਦਕ ਸਰਗਰਮੀਆਂ ਬਾਰੇ ਪੁਛੇ ਜਾਣ ਤੇ ਉਹਨਾ ਜੁਆਬ ਨਾਂਹ ਵਿਚ ਦਿਤਾ। ਉਹਨਾਂ ਕਿਹਾ ਕਿ ਦਲ ਖਾਲਸਾ ਦੀ ਸੂਬੇ ਵਿਚ ਕੋਈ ਸਰਗਰਮੀ ਨਹੀਂ ਅਕਾਲੀ ਦਲ ਵਾਲੇ ਕੁਝ ਪ੍ਰਚਾਰ ਕਰਦੇ ਹਨ।

ਜਗਜੀਤ ਜ਼ੀਰਵੀ ਦਾ ਸਨਮਾਨ

ਜਗਤਪੁਰ—ਲਿਖਾਰੀ ਸਭਾ ਜਗਤਪੁਰ ਵਲੋਂ ਪੰਜਾਬ ਦੇ ਲੋਕ-ਸਾਹਿਤ ਅਤੇ ਸਭਿਆਚਾਰਕ ਵਿਰਸੇ ਨੂੰ ਲੋਕਾਂ ਨਾਲ ਸਾਂਝਾ ਕਰਨ ਲਈ 16 ਅਪਰੈਲ ਨੂੰ ਪਿੰਡ ਮਹਿਮੂਦਪੁਰ (ਨੇੜੇ ਔੜ) ਇਕ ਵਿਸ਼ੇਸ਼ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਇਸ ਸਮੇਂ ਪੰਜਾਬੀ ਗੀਤ ਗਾਇਕੀ ਨੂੰ ਅਸ਼ਲੀਲਤਾ ਵਿਚੋਂ ਕੱਢ ਕੇ ਨਵੀਆਂ ਲੀਹਾਂ ਉਤੇ ਲਿਆਉਣ ਵਾਲੇ ਪੰਜਾਬੀ ਕਲਾਕਾਰ ਸ੍ਰੀ ਜਗਜੀਤ ਜ਼ੀਰਵੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਭਿੰਡਰਾਂਵਾਲੇ ਦਾ ਸਿਖਾਂ ਨੂੰ ਹਥਿਆਰਬੰਦ ਹੋਣ ਦਾ ਸੱਦਾ

ਅੰਮ੍ਰਿਤਸਰ—ਜਰਨੈਲ ਸਿੰਘ ਭਿੰਡਰਾਂਵਾਲਾ ਜਿਹੜੇ ਮਰਜੀਵੜਿਆਂ ਵਜੋਂ ਸਹੁੰ ਚੁਕਣ ਵਾਲਿਆਂ ਵਿਚ ਸ਼ਾਮਲ ਸਨ, ਨੇ 'ਸਿਖਾਂ' ਨੂੰ ਸੱਦਾ ਦਿਤਾ ਹੈ ਕਿ ਉਹ ਗੁਲਾਮੀ ਦਾ ਜੂਲਾ ਲਾਹੁਣ ਲਈ ਹਥਿਆਰਬੰਦ ਹੋਣ।

ਮੰਚ ਉਤੇ ਸੰਤ ਲੌਂਗੋਵਾਲ ਦੇ ਬਰਾਬਰ ਖੜੇ ਭਿੰਡਰਾਂਵਾਲੇ ਨੇ ਸਿਖਾਂ ਨੂੰ ਕਿਹਾ ਕਿ ਉਹ ਉਹਨਾਂ ਲੋਕਾਂ ਨੂੰ ਮਿਟਾ ਦੇਣ ਜਿਹੜੇ ਸਾਡੇ ਗੁਰਧਾਮਾਂ ਦੀ ਬੇਅਦਬੀ ਕਰਨਾ ਚਾਹੁੰਦੇ ਹਨ ਅਤੇ ਪੁਲਸ ਨੂੰ ਹਰਿਮੰਦਰ ਸਾਹਿਬ ਜਾਂ ਗੁਰੂ ਨਾਨਕ ਨਿਵਾਸ ਵਿਚ ਦਾਖਲ ਹੋਣ ਦੇ ਆਦੇਸ਼ ਦੇ ਰਹੇ ਹਨ। ਉਹਨਾਂ ਕਿਹਾ ਕਿ "ਜੇ ਪੁਲਸ ਦਰਬਾਰ ਸਾਹਿਬ ਵਿਚ ਦਾਖਲ ਹੋ ਜਾਏ ਤਾਂ ਤੁਸੀਂ ਕਿਸੇ ਦੇ ਹੁਕਮ ਦੀ ਉਡੀਕ ਨਾ ਕਰੋ ਸਗੋਂ ਆਪਣੇ ਆਪ ਕਾਰਵਾਈ ਸ਼ੁਰੂ ਕਰ ਦਿਓ

ਉਹਨਾਂ ਹਰ ਰੋਜ਼ ਦੁਹਰਾਇਆ ਜਾਂਦਾ ਆਪਣਾ ਇਹ ਦੋਸ਼ ਦੁਹਰਾਇਆ ਕਿ ਸਿਖਾਂ ਨਾਲ ਵਿਤਕਰਾ ਹੋ ਰਿਹਾ ਹੈ। ਉਹਨਾਂ ਕਿਹਾ ਕਿ ਸਰਕਾਰ ਸਿਖਾਂ ਨੂੰ ਖਤਮ ਕਰਨ ਲਈ ਸਿਖਾਂ ਦੀ ਹੀ ਵਰਤੋਂ ਕਰ ਰਹੀ ਹੈ।

ਜਾਪਦਾ ਹੈ ਕਿ ਉਹਨਾਂ ਦਾ ਇਸ਼ਾਰਾ ਪੰਜਾਬ ਪੁਲਸ ਦੇ ਸਿਖਾਂ ਵਲ ਸੀ।

ਮਹਿਲਾ ਫੁੱਟਬਾਲ ਹਿੰਦ ਦੀ ਲਗਾਤਾਰ ਤੀਜੀ ਜਿਤ

ਬੈਂਕਾਕ—ਹਿੰਦ ਤੇ ਥਾਈਲੈਂਡ ਨੇ ਆਈ ਮਹਿਲਾ ਫੁਟਬਾਲ ਟੂਰਨਾਮੈਂਟ ਵਿਚ ਲਗਾਤਾਰ ਤੀਜੀ ਜਿਤ ਦਰਜ ਕੀਤੀ।

6 ਦੇਸ਼ਾਂ ਦੇ ਇਸ ਟੂਰਨਾਮੈਂਟ ਵਿਚ ਹਿੰਦ ਮਲੇਸ਼ੀਆ ਨੂੰ 3-0 ਤੇ ਥਾਈਲੈਂਡ ਹਾਂਗਕਾਂਗ ਨੂੰ 4-0 ਨਾਲ ਹਰਾਕੇ ਫਾਈਨਲ ਟੱਕਰ ਵਲ ਵਧੇ। ਹਿੰਦ ਅਧ ਤਕ ਆਊਟ ਸਾਈਡ ਲੈਫਟ ਸ਼ਾਂਤੀ ਮਲਿਕ ਦੇ ਦੋ ਗੋਲਾਂ ਨਾਲ ਅੱਗੇ ਸੀ। ਤੀਜਾ ਗੋਲ ਸਟਰ ਫਾਰਵਰਡ ਸ਼ੁਕਲਾ ਦੱਤਾ ਨੇ ਕੀਤਾ।

'ਕਾਤਲ ਜਥੇ' ਨੇ ਦਰਬਾਰ ਸਾਹਿਬ 'ਚ ਪੈਂਫਲਿਟ ਵੰਡੇ

ਅੰਮ੍ਰਿਤਸਰ—ਇਥੇ ਹਰਿਮੰਦਰ ਸਾਹਿਬ ਵਿਚ ਕੈਨੇਡਾ ਵਿਚ ਵਸੇ ਸਿਖਾਂ ਦੇ ਅੱਤਵਾਦੀ ਗਰੁਪ 'ਬੱਬਰ ਖਾਲਸਾ' ਵਲੋਂ ਕੱਢੇ ਗਏ ਕਿਤਾਬਚੇ ਦੀਆਂ ਸਾਈਕਲੋ ਸਟਾਈਲ ਕਾਪੀਆਂ ਇਥੇ ਆਈਆਂ ਸੰਗਤਾਂ ਵਿਚ ਵੰਡੀਆਂ ਗਈਆਂ।

ਇਸ ਗਰੁਪ ਤੇ ਕੰਟਰੋਲ 'ਕਾਤਲ ਜਥੇ' ਦਾ ਹੈ। ਪੈਂਫਲਿਟ ਵਿਚ ਸਿਖ ਨੂੰ ਸਰਕਾਰੀ ਤਸ਼ਦਦ ਦਾ ਮੁਕਾਬਲਾ ਕਰਨ ਅਤੇ ਗੁਲਾਮੀ ਦੀਆਂ ਬੇੜੀਆਂ ਤੋੜ ਦੇਣ ਦਾ ਸੱਦਾ ਦਿਤਾ ਗਿਆ ਹੈ। ਹਰਿਮਦਰ ਸਾਹਿਬ ਦੇ ਖੇਤਰ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨਾਂ ਤੇ ਕੱਢੇ ਗਏ ਇਸ਼ਤਿਹਾਰਦਿਵਾਰਾਂ ਤੇ ਲਗਾਏ ਗਏ ਜਿਸ ਵਿਚ ਸਿਖਾਂ ਨੂੰ ਪਿੰਡ ਪੱਧਰ ਤੇ ਸ਼ਹੀਦੀ ਜਥੇ ਬਣਾਉਣ ਦਾ ਸੱਦਾ ਦਿਤਾ ਗਿਆ ਹੈ।

ਇਸ ਵਿਚ ਸਿਖਾਂ ਨੂੰ ਆਪਣੇ ਧਰਮ ਅਤੇ ਸਭਿਆਚਾਰ ਦੀ ਰਖਿਆ ਲਈ ਲੜ ਮਰਨ ਦਾ ਸੱਦਾ ਦਿਤਾ ਗਿਆ ਹੈ।

ਪ੍ਰਧਾਨ ਮੰਤਰੀ ਵਲੋਂ ਜਵਾਨਾਂ ਨੂੰ ਚੌਕਸੀ ਦਾ ਸੱਦਾ

ਊਧਮਪੁਰ—ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਖਬਰਦਾਰ ਕੀਤਾ ਕਿ ਦੇਸ਼ ਉਦਾਲੇ ਜੰਗ ਦਾ ਖਤਰਾ ਮੰਡਲ ਰਿਹਾ ਹੈ ਤੇ ਸਾਡੇ ਗੁਆਂਢੀਆਂ ਵਲੋਂ ਭਾਰੀ ਮਾਤਰਾ ਵਿਚ ਹਥਿਆਰ ਖਰੀਦਣ ਨਾਲ ਸਥਿਤੀ ਹੋਰ ਗੰਭੀਰ ਹੋ ਗਈ ਹੈ।

ਫੌਜ ਦੇ ਜਵਾਨਾਂ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਗਾਂਧੀ ਨੇ ਉਨ੍ਹਾਂ ਨੂੰ ਕਿਸੇ ਵੀ ਤਰਫੋਂ ਅਚਾਨਕ ਖਤਰੇ ਦਾ ਟਾਕਰਾ ਕਰਨ ਲਈ ਚੌਕਸ ਰਹਿਣ ਦਾ ਸੱਦਾ ਦਿਤਾ। ਉਹਨਾਂ ਕਿਹਾ ਕਿ "ਅਸੀਂ ਭੈੜੀ ਅੱਖ ਨਾਲ ਦੇਖਣ ਵਾਲੇ ਨੂੰ ਸਬਕ ਸਿਖਾਵਾਂਗੇ।"

THE CANADA DARPAN FORTNIGHTLY
P.O.BOX 67344 STN 'O'
Vancouver, B.C.
Hon. Editor : Darshan Gill
Advertising Manager : H. Gill

ਸੰਪਾਦਕੀ

ਬੀ. ਸੀ. ਚੋਣਾਂ — ਅਹਿਮ ਮਸਲਾ

ਬੇਰੁਜ਼ਗਾਰੀ

ਵੱਖੋ ਵੱਖ ਥਾਵਾਂ ਤੋਂ ਇਕੱਠੇ ਕੀਤੇ ਅੰਕੜੇ ਇਹ ਦੱਸਦੇ ਹਨ ਕਿ ਬੇਰੁਜ਼ਗਾਰੀ ਕੇਵਲ ਆਰਥਿਕ ਸਮੱਸਿਆਵਾਂ ਹੀ ਪੈਦਾ ਨਹੀਂ ਕਰਦੀ ਸਗੋਂ ਮਾਨਸਿਕ ਉਲਝਣਾਂ ਪੈਦਾ ਕਰਨ ਵਿਚ ਉਸ ਤੋਂ ਵੀ ਵੱਧ ਹਿਸਾ ਪਾਉਂਦੀ ਹੈ। ਆਰਥਿਕ ਸਮੱਸਿਆਵਾਂ ਵਿਚ ਵਾਧੇ ਦਾ ਕਾਰਨ ਪਹਿਲਾਂ ਵਿਆਜ ਦੀਆਂ ਦਰਾਂ ਦਾ ਵਧਣਾ ਬਣਿਆ ਦੱਸਿਆ ਜਾਂਦਾ ਰਿਹਾ। ਵਿਆਜ ਦੀਆਂ ਦਰਾਂ ਘਟੀਆਂ ਨੂੰ ਵੀ ਕਈ ਮਹੀਨੇ ਹੋ ਚੁਕੇ ਹਨ ਪਰ ਆਰਥਿਕਤਾ ਸੁਧਰਨ ਦੀ ਥਾਂ ਨਿਘਾਰ ਵਲ ਜਾ ਰਹੀ ਹੈ। ਰੁਜ਼ਗਾਰ ਵਧਣ ਦੀ ਥਾਂ ਹੋਰ ਘੱਟ ਰਹੀ ਹੈ। ਹਰ ਸੰਵੇਦਨ ਸ਼ੀਲ ਵਿਅਕਤੀ ਇਹ ਸੋਚਣ ਲਈ ਮਜ਼ਬੂਰ ਹੁੰਦਾ ਹੈ ਕਿ ਆਖਰ ਇਸਦਾ ਕਾਰਨ ਕੀ ਹੈ ? ਸਰਮਾਏਦਾਰ ਇਸ ਦੇ ਦੋਸ਼ੀ ਮਜ਼ਦੂਰੀ ਕਰਨ ਵਾਲਿਆਂ ਨੂੰ ਠਹਿਰਾਉਂਦੇ ਹਨ ਕਿ ਉਹ ਉਜ਼ਰਤਾਂ ਵੱਧ ਮੰਗਦੇ ਹਨ। ਉਜ਼ਰਤਾਂ ਕਿਉਂ ਵੱਧ ਮੰਗੀਆਂ ਜਾਂਦੀਆਂ ਹਨ ? ਇਸ ਲਈ ਕਿ ਚੀਜ਼ਾਂ ਦੀਆਂ ਕੀਮਤਾਂ ਵਧਦੀਆਂ ਹਨ ਤੇ ਮਜ਼ਦੂਰ ਕੋਲ ਇਕੋ ਇਕ ਸਾਧਨ ਉਜ਼ਰਤ ਹੈ। ਸਰਮਾਏਦਾਰੀ ਕਿਉਂਕਿ ਪਲਦੀ ਹੀ ਮੁਨਾਫੇਖੋਰੀ ਦੇ ਸਿਰ ਤੇ ਹੈ — ਤੇ ਜਦੋਂ ਇਸ ਦਾ ਮੁਨਾਫਾ ਘਟਦਾ ਹੈ ਤਾਂ ਇਸ ਨੂੰ ਹੱਥਾਂ ਪੈਰਾਂ ਦੀ ਪੈਂਦੀ ਹੈ ਇਹ ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਤਾਂ ਡਾਲਰਾਂ ਦੀ ਕਮੀ ਹੈ, ਦੂਜੇ ਪਾਸੇ ਬੈਂਕਾਂ ਦੇ ਮੁਨਾਫੇ ਸੈਂਕੜੇ ਮਿਲੀਅਨ ਡਾਲਰ ਵਧ ਰਹੇ ਹਨ। ਛੋਟਾ ਵਪਾਰੀ ਕੁਚਲਿਆ ਜਾ ਰਿਹਾ ਹੈ, ਮਜ਼ਦੂਰ ਕੰਮ ਤੋਂ ਵਿਹਲਾ ਹੈ। ਦਫਤਰਾਂ ਵਿਚ ਛਾਂਟੀ ਜਾਰੀ ਹੈ।

ਉਪਰੋਕਤ ਸਥਿਤੀ ਵਿਚ ਬੀ. ਸੀ. ਦੀਆਂ ਚੋਣਾਂ ਹਰ ਵੋਟਰ ਲਈ ਬਹੁਤ ਮਹੱਤਵ ਪੂਰਨ ਹਨ। ਕੀ ਹਰ ਵੋਟਰ ਚਾਹੇਗਾ ਕਿ ਸਥਿਤੀ ਉਂਝ ਦੀ ਉਂਝ ਬਣੀ ਰਹੇ ? ਪਿਛਲੇ ਦੋ ਸਾਲ ਤੋਂ ਬੀ. ਸੀ. ਦੀ ਸੋਸ਼ਲ ਕਰੈਡਿਟ ਸਰਕਾਰ ਹੱਥ ਤੇ ਹੱਥ ਧਰਕੇ ਬੈਠੀ ਹੋਈ ਹੈ। ਪਿਛਲੇ 31 ਸਾਲਾਂ ਵਿਚੋਂ ਬੀ. ਸੀ. ਦੇ ਸੂਬੇ ਉਤੇ 28 ਸਾਲ ਇਕ ਪ੍ਰਵਾਰ ਦਾ ਰਾਜ ਰਿਹਾ ਹੈ। 1952 ਤੋਂ 1972 ਤਕ ਬਿਲ ਬੈਨਿਟ ਦੇ ਬਜ਼ੁਰਗ ਬੀ. ਸੀ. ਤੇ ਰਾਜ ਕਰਦੇ ਰਹੇ ਤੇ ਹੁਣ ਅੱਠ ਸਾਲ ਤੋਂ ਬਿੱਲ ਬੈਨਿਟ ਹੋਰੀਂ ਬਿਰਾਜਮਾਨ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਬੀ. ਸੀ. ਦੇ ਸੂਬੇ ਦੇ ਦੀਵਾਲੀਆਪਨ ਲਈ ਸੋਕਰਡ ਸਰਕਾਰ ਜ਼ਿੰਮੇਵਾਰ ਹੈ ਪਰ ਅਜੇ ਵੀ ਇਹ ਰਟ ਲਗਾਈ ਜਾ ਰਹੇ ਹਨ ਕਿ ਇਨ੍ਹਾਂ ਨੂੰ ਹੋਰ ਮੌਕਾ ਦਿਤਾ ਜਾਵੇ। ਜਿਵੇਂ ਅੱਗੋ ਕਸਰ ਬਾਕੀ ਰਹਿ ਗਈ ਹੋਵੇ !

ਇਹ ਸਮਾਂ ਹੈ ਕਿ ਅਸੀਂ ਆਪਣੇ ਭਵਿਖ ਨੂੰ ਮੁੱਠੀ ਭਰ ਧਨੀਆਂ ਦੇ ਹੱਥ ਗਹਿਣੇ ਨਾ ਧਰੀਏ ਸਗੋਂ ਸਮੁਚੀ ਕਮਿਊਨਿਟੀ ਦੇ ਹਿੱਤਾਂ ਦੀ ਰਾਖੀ ਕਰਦੀ ਧਾਰਾ ਨਾਲ ਕਦਮ ਮਿਲਾ ਕੇ ਚਲੀਏ। ਇਹ ਮੌਕਾ ਤੁਹਾਡੇ ਹੱਥ 5 ਮਈ ਨੂੰ ਆ ਰਿਹਾ ਹੈ। ਇਸਦੀ ਸਹੀ ਵਰਤੋਂ ਕਰਨੀ ਤੁਹਾਡੇ ਆਪਣੇ ਹੱਥ ਹੈ।

ਅਸੀਂ ਤੇ ਮੀਡੀਆ

ਸਾਰੀ ਕਮਿਊਨਿਟੀ ਵਿਚ ਮੀਡੀਆ ਆਪਣਾ ਅਹਿਮ ਰੋਲ ਅਦਾ ਕਰਦਾ ਹੈ। ਸੁਥਰੀ ਬੋਲੀ ਤੇ ਦਲੀਲ ਭਰਪੂਰ ਬਹਿਸ ਮਸਲੇ ਸੁਲਝਾਉਣ ਵਿਚ ਮਦਦ ਕਰਦੀ ਹੈ। ਪਰ ਕਈ ਵਾਰ ਮੀਡੀਆ ਆਪਣੇ ਆਪ ਨੂੰ ਲੋਕਾਂ ਤੋਂ ਉਚਾ ਸਮਝਣਾ ਸ਼ੁਰੂ ਕਰ ਬਹਿੰਦਾ ਹੈ। ਲੋਕਾਂ ਵਿਚ ਅਥਾਹ ਸ਼ਕਤੀ ਹੈ ਤੇ ਇਸ ਨੂੰ ਉਸਾਰੂ ਪ੍ਰਣਾਲੀ ਵਿਚ ਢਾਲ ਕੇ ਉਸਾਰੂ ਕੰਮਾਂ ਲਈ ਵਰਤਿਆ ਜਾਣਾ ਚਾਹੀਦਾ ਹੈ। ਜਾਤੀ ਮੁਫਾਦਾਂ ਨੂੰ ਅੱਗੇ ਰੱਖ ਕੇ ਕਈ ਵਾਰ ਬਹਿਸ ਗਲਤ ਮੋੜ ਵੱਲ ਲੈ ਜਾਂਦੀ ਹੈ ਤੇ ਗਾਲੀ ਗਲੋਚ ਤਕ ਜਾ ਪੁੱਜ ਦੀ ਹੈ। ਮੀਡੀਏ ਤੋਂ ਆਮ ਲੋਕ ਸਹੀ ਖਬਰਾਂ ਤੇ ਸੁਚੇ ਮਨੋਰੰਜਨ ਦੀ ਮੰਗ ਕਰਦੇ ਹਨ। ਜਾਤੀ ਮੁਫਾਦਾਂ ਨੂੰ ਪਿਛੇ ਰੱਖ ਕੇ ਹੀ ਸਹੀ ਰਾਹ ਤੁਰਿਆ ਜਾ ਸਕਦਾ ਹੈ। ਕਾਸ਼ ! ਆਪਾਂ ਸਾਰੇ ਇਹ ਪ੍ਰਣ ਲੈ ਸਕੀਏ !

ਇੰਡੋ-ਕੈਨੇਡੀਅਨ ਸਿੱਖ ਐਸੋਸੀਏਸ਼ਨ ਪ੍ਰਿਸ ਰੂਪਿਰਟ ਦੇ ਨਵੇਂ ਸੇਵਾਦਾਰ

ਪ੍ਰਿਸ ਰੂਪਿਰਟ—17 ਅਪਰੈਲ, 1983 ਨੂੰ ਗੁਰੂ ਘਰ ਪ੍ਰਿਸ ਰੂਪਿਰਟ ਦੀਆਂ ਸੰਗਤਾਂ ਵਲੋਂ ਸਰਬ ਸੰਮਤੀ ਨਾਲ ਹੇਠ ਲਿਖੇ ਸੇਵਾਦਾਰਾਂ ਨੂੰ ਸੇਵਾ ਦਿਤੀ ਗਈ।

ਭਾਈ ਸੋਹਨ ਸਿੰਘ ਚਾਹਲ	ਪ੍ਰਧਾਨ
ਭਾਈ ਮੁਹਿੰਦਰ ਸਿੰਘ ਸੰਘਾ	ਮੀਤ-ਪ੍ਰਧਾਨ
ਭਾਈ ਹਰਿੰਦਰ ਸਿੰਘ ਮਾਣਕ	ਸਕੱਤਰ
ਭਾਈ ਸੁਖਦੇਵ ਸਿੰਘ ਉੱਪਲ	ਮੀਤ-ਸਕੱਤਰ
ਭਾਈ ਗਵਿੰਦਰ ਸਿੰਘ ਮੱਲ੍ਹੀ	ਖਜ਼ਾਨਚੀ
ਭਾਈ ਹਰਨੇਕ ਸਿੰਘ ਬਰਾੜ	ਮੀਤ-ਖਜ਼ਾਨਚੀ

ਮੈਂਬਰ :- ਭਾਈ ਅਮਰਜੀਤ ਸਿੰਘ ਪੰਨੂੰ, ਭਾਈ ਕਿਸ਼ਨ ਸਿੰਘ ਮਨਹਾਸ ਤੇ ਭਾਈ ਸੁਖਬੀਰ ਸਿੰਘ ਸੰਧੂ

ਪ੍ਰਿਸ ਰੂਪਿਰਟ ਦੀ ਸਿੱਖ ਕਮਿਊਨਿਟੀ ਨੂੰ ਵੱਖ ਵੱਖ ਸਮੇਂ ਮਿ: ਗਰਾਹਮ ਲੀਅ - ਐਨ. ਡੀ. ਪੀ. ਉਮੀਦਵਾਰ ਤੇ ਮਿ: ਰਾਏ ਵੈੱਬਰ ਨੇ 5 ਮਈ ਨੂੰ ਹੋ ਰਹੀਆਂ ਸੂਬੇ ਦੀਆਂ ਚੋਣਾਂ ਬਾਰੇ ਆਪੋ ਆਪਣੇ ਵਿਚਾਰ ਦੱਸੇ।

ਪੰਜਾਬ ਦੀ ਡਾਇਰੀ

ਦਰਬਾਰਾ ਸਿੰਘ ਸਰਕਾਰ ਸਿਰਫ ਨਾਂ ਦੀ ਸਰਕਾਰ ਹੈ ਪੰਜਾਬ ਵਿਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ——ਬਾਦਲ

ਖਾਸ ਰਿਪੋਰਟ : ਮਨਜੀਤ ਸਿੰਘ ਰੱਤੂ ਵਿਸ਼ੇਸ਼ ਪ੍ਰਤੀਨਿਧ ਦੁਆਰਾ

ਪੰਜਾਬ ਵਿਚ ਅਕਾਲੀ ਦਲ ਦੇ ਚਲ ਰਹੇ ਧਰਮਯੁੱਧ ਵਿਚ ਅਕਾਲੀਆਂ ਦੇ ਪ੍ਰਮੁਖ ਲੀਡਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਇਹ ਬਹੁਤ ਵੱਡੀ ਅਕਾਲੀ ਦਲ ਦੀ ਪ੍ਰਾਪਤੀ ਹੈ ਕਿ ਉਹਨਾਂ ਨੇ ਸਰਕਾਰੀਆ ਕਮਿਸ਼ਨ ਦੀ ਨਿਯੁਕਤੀ ਇਕ ਬਹੁਤ ਵੱਡੀ ਦਲ ਦੀ ਪ੍ਰਾਪਤੀ ਦਸਿਆ ਹੈ।

ਪੰਜਾਬ ਦੇ ਸਾਬਕਾ ਮੁਖ ਮੰਤਰੀ ਤੇ ਪ੍ਰਸਿੱਧ ਅਕਾਲੀ ਲੀਡਰ ਸ. ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਿਚ ਅਕਾਲੀਆਂ ਦੀਆਂ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਦੀ ਭਾਰੀ ਨਿਖੇਧੀ ਕੀਤੀ ਹੈ ਉਹਨਾਂ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਅਕਾਲੀ ਦਲ ਪੰਜਾਬ ਦੀ ਸਮਸਿਆਵਾਂ ਲਈ ਸੰਘਰਸ਼ ਕਰ ਰਿਹਾ ਹੈ। ਗ੍ਰਿਫਤਾਰੀਆਂ ਦਾ ਇਹ ਸਿਲਸਿਲਾ ਸਰਕਾਰ ਨੂੰ ਕਾਫੀ ਮਹਿੰਗਾ ਪਵੇਗਾ। ਸ੍ਰੀ ਬਾਦਲ ਨੇ ਭਾਰਤ ਵਿਚ ਵਿਸ਼ੇਸ਼ ਪ੍ਰਤੀਨਿਧ ਨਾਲ ਇਕ ਮੁਲਾਕਾਤ ਦੌਰਾਨ ਸਰਕਾਰ ਤੇ ਕਈ ਹੋਰ ਵੀ ਦੋਸ਼ ਲਾਏ। ਬਾਦਲ ਨੇ ਇਹ ਵੀ ਕਿਹਾ ਕਿ ਸਾਡਾ ਅੰਦੋਲਨ ਪਹਿਲਾਂ ਵਾਂਗ ਹੀ ਸ਼ਾਂਤਮਈ ਰਹੇਗਾ। ਇਹ ਉਦੋਂ ਤੀਕ ਜਾਰੀ ਰਹੇਗਾ ਜਦੋਂ ਤੀਕ ਕੇਂਦਰ ਸਰਕਾਰ ਮੰਗਾਂ ਪ੍ਰਵਾਨ ਨਹੀਂ ਕਰ ਲੈਂਦੀ। ਬੀਤੇ ਦਿਨ ਬਠਿੰਡੇ ਵਿਚ ਇਕ ਅਕਾਲੀ ਕਾਨਫਰੰਸ ਵਿਚ ਪੰਥ ਦੇ ਤਿੰਨੇ ਲੀਡਰਾਂ ਜਥੇਦਾਰ ਟੌਹੜਾ, ਤਲਵੰਡੀ ਤੇ ਬਾਦਲ ਨੇ ਇਕ ਇਕੱਠ ਵਿਚ ਕਿਹਾ ਕਿ ਕੇਂਦਰ ਰਾਜ ਮੁੜ ਸਬੰਧਾਂ ਲਈ ਵਿਚਾਰ ਕਰਨ ਲਈ ਕੇਂਦਰ ਵਲੋਂ ਕੀਤੀ ਗਈ ਸਰਕਾਰੀਆ ਕਮਿਸ਼ਨ ਦੀ ਨਿਯੁਕਤੀ ਅਕਾਲੀ ਅੰਦੋਲਨ ਦੀ ਇਕ ਜਿਤ ਹੈ। ਉਹਨਾਂ ਕਿਹਾ ਕਿ ਕੇਂਦਰ ਰਾਜ ਸਬੰਧਾਂ ਤੇ ਮੁੜ ਵਿਚਾਰ ਕਰਨ ਲਈ ਅਕਾਲੀ ਦਲ ਵਲੋਂ ਫਿਰ ਤੋਂ ਕੀਤੀ ਗਈ ਦਾ ਸਿਰਫ ਪੰਜਾਬ ਲਈ ਹੀ ਨਹੀਂ, ਸਗੋਂ ਸਾਰੇ ਸੂਬਿਆਂ ਨਾਲ ਹੈ, ਉਹਨਾਂ ਕਿਹਾ ਕਿ "ਅਸੀਂ ਕੌਮੀ ਏਕਤਾ ਤੇ ਆਖੰਡਤਾ ਵਿਚ ਪੂਰਾ ਭਰੋਸਾ ਰੱਖਦੇ ਹਾਂ ਸਾਡਾ ਹਿੰਦੂਆਂ ਨਾਲ ਕੋਈ ਜਾਤੀ ਤੌਰ ਤੇ ਝਗੜਾ ਨਹੀਂ— ਤਿੰਨੇ ਲੀਡਰਾਂ ਨੇ 'ਕੈਨੇਡਾ ਦਰਪਣ' ਦੇ ਭਾਰਤ ਵਿਚ ਵਿਸ਼ੇਸ਼ ਪ੍ਰਤੀਨਿਧ ਸ੍ਰੀ ਮਨਜੀਤ ਸਿੰਘ ਰੱਤੂ ਨਾਲ ਇਕ ਵਿਸ਼ੇਸ਼ ਇੰਟਰਵਿਊ ਦੌਰਾਨ ਦਸਿਆ ਕਿ ਦਲ ਨ ਹਿੰਸਾ ਵਿਚ ਵਿਸ਼ਵਾਸ਼ ਰਖਦਾ ਹੈ ਤੇ ਨਾ ਹੀ ਕਾਤਲਾ ਦੀ ਹਮਾਇਤ ਕਰਦਾ ਹੈ ਉਹਨਾਂ ਨੇ ਦੋਸ਼ ਲਾਇਆ ਕਿ ਸਿੱਖਾਂ ਤੇ ਕੀਤੇ ਜਾ ਰਹੇ ਹਮਲੇ, ਇਸ ਸਾਰੇ ਕੰਮ ਦੀ ਕਸੂਰਵਾਰ ਪੰਜਾਬ ਸਰਕਾਰ ਹੈ। ਉਹਨਾਂ ਪਟਿਆਲੇ ਤੇ ਲੁਧਿਆਣੇ, ਹੁਸ਼ਿਆਰਪੁਰ ਵਿਚ ਕਿਸਾਨਾਂ ਤੇ 31 ਮਾਰਚ ਨੂੰ ਕੀਤੇ ਗਏ ਲਾਠੀਚਾਰਜ ਦੀ ਜ਼ੋਰਦਾਰ ਨਿਖੇਧੀ ਕੀਤੀ, ਸ੍ਰੀ ਬਾਦਲ ਨੇ ਮੰਗ ਕੀਤੀ ਕਿ ਰਾਵੀ ਬਿਆਸ ਦਾ ਪਾਣੀ ਦਾ ਝਗੜਾ ਕਮਿਸ਼ਨ ਹਵਾਲੇ ਕੀਤਾ ਜਾਵੇ, ਜਥੇਦਾਰ ਤਲਵੰਡੀ ਨੇ ਕਿਹਾ ਕਿ ਜਦੋਂ ਤੀਕ ਆਨੰਦਪੁਰ ਮਤਾ ਲਾਗੂ ਨਹੀਂ ਕੀਤਾ ਜਾਂਦਾ ਮੋਰਚਾ ਜਾਰੀ ਰਹੇਗਾ। ਸ੍ਰੀ ਬਾਦਲ ਨੇ ਇਕ ਪੱਤਰਕਾਰ ਸੰਮੇਲਨ ਵਿਚ ਇਹ ਵੀ ਦਸਿਆ ਕਿ ਦਰਬਾਰਾ ਸਿੰਘ ਸਿਰਫ ਨਾਂ ਦੀ ਹੀ ਸਰਕਾਰ ਹੈ। ਪੰਜਾਬ ਵਿਚ ਸ਼ਾਸ਼ਨ ਦਾ ਭੱਠਾ ਬੈਠ ਚੁਕਾ ਹੈ ਤੇ ਅਮਨ ਕਾਨੂੰਨ ਦਾ ਅਤੀ ਬੁਰਾ ਹਾਲ ਹੈ।

ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਦਸਿਆ ਕਿ ਅਕਾਲੀ ਦਲ ਨੂੰ ਨਿਰੰਕਾਰੀ ਮੁਖੀ ਬਾਬਾ ਹਰਦੇਵ ਸਿੰਘ ਪਾਸੋਂ "ਅਵਤਾਰ ਬਾਣੀ" ਧਾਰਮਿਕ ਪੁਸਤਕ ਵਿਚ ਇਤਰਾਜ਼ ਯੋਗ ਸ਼ਬਦ ਕੱਢਣ ਦੀ ਕੋਈ ਪੇਸ਼ਕਸ਼ ਪ੍ਰਾਪਤ ਹੋਈ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਕੇਂਦਰ ਸਰਕਾਰ ਆਪਣੇ ਤੌਰ ਤੇ ਸਿੱਖਾਂ ਤੇ ਨਿਰੰਕਾਰੀਆਂ ਵਿਚ ਮਤਭੇਦ ਘਟਾਉਣ ਲਈ ਕੋਈ ਯਤਨ ਕਰ ਰਿਹਾ ਹੈ। ਅਕਾਸ਼ਬਾਣੀ ਜਲੰਧਰ ਰਾਹੀਂ ਦਰਬਾਰ ਸਾਹਿਬ ਤੋਂ ਕੀਰਤਨ ਪ੍ਰਸਾਰਨ ਕਰਨ ਸਬੰਧੀ ਉਹਨਾਂ ਕਿਹਾ ਕਿ ਇਹ ਸ਼ਬਦ ਕੀਰਤਨ ਦੋ ਘੰਟੇ ਸਵੇਰੇ ਤੇ ਇਕ ਘੰਟਾ ਸ਼ਾਮ ਨੂੰ ਪ੍ਰਸਾਰਿਤ ਕੀਤਾ ਜਾਏ ਤੇ ਇਹ ਪ੍ਰਸਾਰਨ ਜਲੰਧਰ ਕੇਂਦਰ ਏ ਤੇ ਉਸਦੇ ਸ਼ਕਤੀ ਸ਼ਾਲੀ ਟਰਾਂਸਮੀਟਰ ਤੋਂ ਕੀਤਾ ਜਾਏ। ਜਿਥੇ ਅੱਜ ਕੱਲ੍ਹ ਉਰਦੂ ਸਰਵਿਸ ਚਲਦੀ ਹੈ ਤਾਂ ਜੋ ਵਤਨੋਂ ਦੂਰ ਬੈਠੇ ਸਿੱਖ ਵੀ ਸ਼ਬਦ ਕੀਰਤਨ ਸੁਣ ਸਕਣ। ਉਹਨਾਂ ਇਹਨਾਂ ਦੋਸ਼ਾਂ ਨੂੰ ਗਲਤ ਦਸਿਆ ਕਿ ਅਕਾਲੀ ਦਲ ਰਾਜਸੀ ਪਾਰਟੀ ਹੈ ਪਰ ਉਸ ਦਾ ਰਾਜ ਵਿਚ ਰਾਜਸੀ ਤਾਕਤ ਹਾਸਲ ਕਰਨ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਇਸ ਗੱਲ ਦਾ ਦੋਸ਼ ਲਾਇਆ ਕਿ ਅਕਾਲੀ ਅਤਵਾਦੀ ਜਾਂ ਵੱਖਵਾਦੀ ਨਹੀਂ ਹਨ। ਸਰਕਾਰ ਸਿੱਖਾਂ ਤੇ ਜ਼ੁਲਮ ਕਰ ਰਹੀ ਹੈ।

ਉਧਰ ਪੰਜਾਬ ਦੇ ਮਸਲੇ ਬਾਰੇ ਮੁੜ ਇਕ ਸੰਸਦ ਵਿਚ ਇਕ ਵੇਰ ਫਿਰ ਬਹਿਸ ਹੋਈ। ਪੰਜਾਬ ਦੇ ਸੰਸਦ ਮੈਂਬਰ ਨੇ ਵੀ ਹੁਣ ਆਪਣੇ ਪ੍ਰਦੇਸ਼ ਦੇ ਮਸਲੇ ਬਾਰੇ ਜ਼ਬਾਨ ਖੋਹਲੀ ਹੈ ਅਤੇ ਵਰਤਮਾਨ ਸਥਿਤੀ ਤੇ ਚਿੰਤਾ ਪ੍ਰਗਟ ਕੀਤੀ ਹੈ ਪਿਛਲੀ ਵੇਰ ਸ੍ਰੀ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੇ ਬਹੁਤ ਦਲੇਰੀ ਨਾਲ ਪੰਜਾਬ ਦੇ ਮਸਲੇ ਦਾ ਵਰਨਣ ਕੀਤਾ ਸੀ ਤੇ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿਤੀ ਸੀ ਕਿ ਜੇਕਰ ਉਸਨੇ ਹੁਣ ਵੀ ਸਥਿਤੀ ਦਾ ਮੁਕਾਬਲਾ ਨਾ ਕੀਤਾ ਤਾਂ ਪੰਜਾਬ ਦੀ ਸਥਿਤੀ ਕਾਬੂ ਵਿਚ ਬਾਹਰ ਹੋ ਜ਼ਾਵੇਗੀ। ਲੋਕ ਸਭਾ ਦੀ ਬਹਿਸ ਵਿਚ ਤਿੰਨ ਕਾਂਗਰਸੀ ਸੰਸਦ ਮੈਂਬਰਾਂ ਸ੍ਰੀਮਤੀ ਹਰਬੰਸ ਕੌਰ, ਸ੍ਰੀਮਤੀ ਗੁਰਬਿੰਦਰ ਕੌਰ ਬਰਾੜ ਤੇ ਜਨਰਲ ਰਜਿੰਦਰ ਸਪੈਰੋ ਦੇ ਧਿਆਨ ਦੁਆਊ ਮਤੇ ਤੇ ਹੋਈ ਜਿਸ ਵਿਚ ਕਿਹਾ ਗਿਆ ਕਿ ਪੰਜਾਬ ਵਿਚ ਅਤਵਾਦੀਆਂ ਦੀਆਂ ਸਰਗਰਮੀਆਂ ਬਹੁਤ ਵਧ ਗਈਆਂ ਹਨ ਲਗਪਗ ਸੰਸਦ ਮੈਂਬਰਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਹਨਾਂ ਅਤਵਾਦੀਆਂ ਨੂੰ ਸ਼ਕਤੀ ਨਾਲ ਨਿਪਟਣ ਲਈ ਉਹ ਅੰਦੋਲਨ ਦਾ ਰਾਹ ਤਿਆਗ ਕੇ ਆਪਣੀਆਂ ਬਾਕੀ ਮੰਗਾਂ ਲਈ ਭਾਰਤ ਸਰਕਾਰ ਨਾਲ ਵਾਰਤਾ ਦਾ ਰਾਹ ਅਪਨਾਉਣ। ਜਦੋਂ ਕੇਂਦਰੀ ਮੰਤਰੀ ਨੇ ਬਹਿਸ ਦੌਰਾਨ ਧਿਆਨ ਦਿੰਦੇ ਕਿਹਾ ਕਿ 21 ਮਾਰਚ ਦੀਆਂ ਘਟਨਾਵਾਂ ਜਿਹਨਾਂ ਵਿਚ 2 ਬੰਦੇ ਮਾਰੇ ਗਏ ਤੇ 13 ਜ਼ਖਮੀ ਹੋਏ ਬਹੁਤ ਦੁੱਖ ਤੇ ਚਿੰਤਾ ਵਾਲੀ ਗਲ ਹੈ। ਤਾਂ ਜਨਤਾ ਪਾਰਟੀ ਦੇ ਨੇਤਾ ਸੁਬਰਾਮਨੀਅਮ ਸੁਵਾਮੀ ਨੇ ਕਿਹਾ ਕਿ ਗ੍ਰਹਿ ਮੰਤਰੀ ਦੇ ਉਕਤ ਬਿਆਨ ਵਿਚੋਂ ਬੇਬਸੀ ਦੀ ਬੂ ਆਉਂਦੀ ਹੈ। ਉਹਨਾਂ ਕਿਹਾ ਕਿ ਇਹਨਾਂ ਘਟਨਾਵਾਂ ਤੇ ਚਿੰਤਾ ਕਰਨ ਦਾ ਕੀ ਲਾਭ ? ਸਰਕਾਰ ਨੂੰ ਇਹ ਘਟਨਾਵਾਂ ਰੋਕਣ ਲਈ ਕੁਝ ਤੇ ਸਾਹਸ ਵਿਖਾਉਣਾ ਚਾਹੀਦਾ ਹੈ।

ਇਹ ਇਕ ਕਮਜ਼ੋਰ ਸਰਕਾਰ ਦਾ ਬਿਆਨ ਹੈ ਜੋ ਕਿ ਅਕਾਲੀ ਦਲ ਦਾ ਟਾਕਰਾਂ ਕਰਨ ਤੋਂ ਕੰਨੀ ਕਤਰਾਉਂਦਾ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੇ ਉਕਤ ਬਿਆਨ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਕਿ ਜਿਸ ਦਿਨ ਪੁਲਿਸ ਦਰਬਾਰ ਸਾਹਿਬ ਵਿਚ ਦਾਖਲ ਹੋਏਗੀ ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਏਗੀ। ਕੇਂਦਰੀ ਗ੍ਰਹਿ ਮੰਤਰੀ ਸ੍ਰੀ ਸੇਠੀ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਸੁਰੱਖਿਆ ਪ੍ਰਬੰਧ ਮਜ਼ਬੂਤ ਬਣਾਉਣ, ਅਤਿਵਾਦੀਆਂ ਤੋਂ ਹਥਿਆਰ ਪਕੜਨ ਦੀ ਹਦਾਇਤ ਜਾਰੀ ਕਰ ਦਿਤੀ ਹੈ। ਤੇ ਲਾਇਸੰਸ ਪ੍ਰਾਪਤ ਹਥਿਆਰਾਂ ਨੂੰ ਵੀ ਬਾਰੂਦ ਦੀ ਸਪਲਾਈ ਵੀ ਚੈਕ ਕੀਤਾ ਜਾ ਰਿਹਾ ਹੈ। ਉਹਨਾਂ ਦਸਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਫਿਰ ਤੋਂ ਹਥਿਆਰ ਜਮਾਂ ਕਰਵਾਉਣ ਲਈ ਕਿਹਾ ਗਿਆ ਹੈ। ਇਸ ਸਮੇਂ ਤਕ ਉਹਨਾਂ ਦੇ ਸ਼ਰਧਾਲੂਆਂ ਨੇ 17 ਬੰਦੂਕਾਂ ਜਮਾਂ ਕਰਵਾਈਆਂ ਹਨ। ਸ੍ਰੀ ਸੇਠੀ ਨੇ ਕਿਹਾ ਹੈ ਕਿ ਸਰਕਾਰ ਕਿਸੇ ਨੂੰ ਵੀ ਦੇਸ਼ ਦੀ ਆਖੰਡਤਾ ਨਾਲ ਖੇਡਣ ਦੀ ਆਗਿਆ ਨਹੀਂ ਦੇਵੇਗੀ। ਉਹਨਾਂ ਨੇ ਪੰਜਾਬ ਵਿਚ ਰਾਸਟਰਪਤੀ ਰਾਜ ਲਾਗੂ ਕਰਨ ਦੀ ਮੰਗ ਰੱਦ ਕਰ ਦਿਤੀ ਹੈ ਤੇ ਕਿਹਾ ਹੈ ਕਿ ਪੰਜਾਬ ਵਿਚ ਅਜੇ ਅਜਿਹੀ ਸਥਿਤੀ ਪੈਦਾ ਨਹੀਂ ਹੋਈ। ਪੰਜਾਬ ਸਰਕਾਰ ਪ੍ਰਦੇਸ਼ ਵਿਚ ਕਾਨੂੰਨ ਵਿਵਸਥਾਂ ਦੀ ਸਥਾਪਤੀ ਲਈ ਕਦਮ ਚੁਕ ਰਹੀ ਹੈ ਅਤੇ ਕੇਂਦਰ ਇਸ ਮਸਲੇ ਵਿਚ ਸੰਭਵ ਸਹਾਇਤਾ ਕਰ ਰਿਹਾ ਹੈ।

ਸ੍ਰੀ ਟੌਹੜਾ ਨੇ ਕਿਹਾ ਕਿ ਵਿਸਾਖੀ ਵਾਲੇ ਦਿਨ ਇਕ ਲੱਖ ਵਾਲੰਟੀਅਰ ਸਹੁੰ ਖਾਧੀ ਕਿ ਉਹ ਅਕਾਲੀ ਦਲ ਦੇ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹਨ ਉਹਨਾਂ ਕਿਹਾ ਕਿ ਸਰਕਾਰ ਅਜੇ ਤਕ ਇਕ ਵੀ ਮੋਟਰ ਸਾਈਕਲ ਸਵਾਰ ਨੂੰ ਪਕੜ ਨਹੀਂ ਸਕੀ ਪਰ ਜੇ ਇਕ ਲੱਖ ਸਿੱਖ ਸੜਕਾਂ ਤੇ ਆ ਗਏ ਤਾਂ ਫਿਰ ਸਰਕਾਰ ਕੀ ਕਰੇਗੀ। ਉਹਨਾਂ ਕਿਹਾ ਕਿ ਦਰਬਾਰ ਸਾਹਿਬ ਅੰਦਰ ਕਿਸੇ ਹਾਲਤ ਵਿਚ ਵੀ ਪੁਲਸ ਨੂੰ ਦਾਖਲ ਨਹੀਂ ਹੋਣ ਦਿਤਾ ਜਾਵੇਗਾ। ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਕਿਹਾ ਹੈ ਕਿ ਆਨੰਦਪੁਰ ਦੇ ਮਤੇ ਦੀ ਪ੍ਰਾਪਤੀ ਤੋਂ ਬਿਨਾਂ ਅਕਾਲੀ ਅੰਦੋਲਨ ਖਤਮ ਨਹੀਂ ਹੋ ਸਕਦਾ।

—ਬਾਕੀ ਅਗਲੀ ਰਾਜਨੀਤਕ ਡਾਇਰੀ ਵਿਚ ਪੜ੍ਹੋ —

ਨਵਾਂ ਸਥਾਈ ਕਾਲਮ

ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ
ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ।

ਪਹਾੜਾ ਸਿੰਘ

—ਸੁਥਰਾ

ਲਾਲ : ਸੁਣਾ ਬਈ ਪਹਾੜਾ ਸਿਆਂ ! ਕਿਵੇਂ ਲੰਘਦੀ ਐ ਅੱਜ ਕੱਲ੍ਹ ?
ਪ: ਸ: ਮੌਜਾਂ ਨੇ ! ਫੁੱਲਾਂ ਤੇ ਕਾਟੋ ਨੱਚਦੀ ਹੈ ...। ਇਕ ਦਿਨ 'ਚ ਅਖਬਾਰ ਚੇਪ ਦੇਈਦੀ ਹੈ ...ਬਾਕੀ ਵਿਹਲੇ ...
ਲਾਲ : ਵਿਹਲਾ ਦਿਮਾਗ ਤਾਂ ਸ਼ੈਤਾਨ ਦਾ ਘਰ ਹੁੰਦੈ ... ਕੋਈ ਸੇਵਾ ਦਾ ਕੰਮ ਹੀ ਕਰ ਲਿਆ ਕਰ ...
ਪ: ਸ: ਨਿੱਤ ਤਾਂ ਕਰਦਾਂ ਸੇਵਾ ਲੋਕਾਂ ਦੀ ... ਤੂੰ ਪੜ੍ਹਿਆ ਤਾਂ ਕਰ ਆਪਣਾ ਅਖਬਾਰ। ਜੀਹਦੀ ਦੇਖੀਦੀ ਹੈ ਪੱਗ ਲਾਹ ਦੇਈਦੀ ਹੈ।
ਲਾਲ : ਇਸ ਦਾ ਤੈਨੂੰ ਕੀ ਮਿਲਦਾ ?
ਪ: ਸ: ਲੋਕੀ ਆਪਣਾ ਸਿੱਕਾ ਮੰਨਦੇ ਐ। ਮਾਣ ਵਧਦਾ ਹੈ।
ਲਾਲ : ਮਾਣ ਸੁਆਹ ਵਧਦੈ ਤੇਰਾ। ਮੈਂ ਤਾਂ ਸੁਣਿਐਂ ਕਿਸੇ ਤੇਰੇ ਥੱਪੜ ਮਾਰੇ ਪੰਜਾਹ ਬੰਦਿਆਂ ਸਾਹਮਣੇ ਅਤੇ ਤੈਂ ਮੇਜ਼ ਥੱਲੇ ਲੁਕ ਕੇ ਜਾਨ ਬਚਾਈ।
ਪ: ਸ: ਲੈ ਇਹ ਤਾਂ ਹੁੰਦਾ ਈ ਐ ... ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ। ਨਾਲੇ ਆਪਾਂ ਨੂੰ ਕੀ ਫਰਕ ਪੈਂਦੈ। ਦੋ ਪਈਆਂ ਵਿਸਰ ਗਈਆਂ ...
ਲਾਲ : ਪਰ ਪਹਾੜਾ ਸਿਆਂ ! ਜੇ ਤੂੰ ਝੂਠੀਆਂ ਗੱਲਾਂ ਅਤੇ ਹੋਰ ਊਟ ਪਟਾਂਗ ਨਾ ਹੀ ਲਿਖਿਆ ਕਰੇਂ ! ਤੈਨੂੰ ਰੋਟੀ ਹਜ਼ਮ ਨਹੀਂ ਆਉਂਦੀ।
ਪ: ਸ: ਤੈਨੂੰ ਨਹੀਂ ਪਤਾ ! ਇਸ ਨਾਲ ਤਾਂ ਵਪਾਰ ਚਮਕਦੈ ਆਪਣਾ !
ਲਾਲਾ : ਮੈਂ ਤਾਂ ਸੁਣਿਐ ਤੇਰੇ ਉਤੇ ਲੋਕਾਂ ਨੇ ਕਿੰਨੇ ਹੀ ਮੁਕੱਦਮੇ ਕੀਤੇ ਹੋਏ ਨੇ ਅਦਾਲਤਾਂ ਵਿਚ। ਉਨਾਂ ਲਈ ਫੀਸਾਂ ਕਿਥੋਂ ਦਿੰਨੈਂ ? ਪੈਸਾ ਕਿੱਥੋਂ ਆਉਂਦਾ ਹੈ ?
ਪ: ਸ: ਪੈਸੇ ਦਾ ਕੀ ਹੈ ? ਇਕ ਗੁਰਦੁਆਰੇ ਨੂੰ ਚੁਕੋ ਦੂਜਿਆਂ ਨੂੰ ਨਿੰਦੋ ... ਪੈਸੇ ਹੀ ਪੈਸੇ।
ਲਾਲ : ਉਹ ਸਦਾ ਤੈਨੂੰ ਪੈਸੇ ਦਿੰਦੇ ਰਹਿਣਗੇ ?
ਪ: ਸ: ਫੇਰ ਦੂਜੇ ਪਾਸੇ ਹੋ ਜਾਈਦੈ ... ਆਪਣਾ ਕੀ ਹੈ ?
ਲਾਲ : ਇਸ ਨਾਲ ਤਾਂ ਆਪਣੀ ਕਮਿਊਨਿਟੀ 'ਚ ਫੁੱਟ ਪੈਂਦੀ ਹੈ। ਨਾਲੇ ਆਪਣੀ ਬਦਨਾਮੀ ਹੁੰਦੀ ਹੈ !
ਪ: ਸ: ਫੇਰ ਕੀ ਹੋਇਆ ਆਪਣਾ ਤੋਰੀ ਫੁਲਕਾ ਤਾਂ ਚੱਲਦੈ।
ਲਾਲ : ਇਹ ਕੰਮ ਕਿੰਨਾਂ ਕੁ 'ਚ ਚੱਲੂ ... ? ਇਹ ਤਾਂ ਕੁਝ ਨਹੀਂ ਬਈ ਮਿਤਰਾ
ਪ: ਸ: ਤੈਨੂੰ ਨਹੀਂ ਪਤਾ ...। ਅਸੀਂ ਤਾਂ ਉਹਨਾਂ ਲੋਕਾਂ ਨਾਲ ਹੱਥ ਜੋੜੇ ਹੋਏ ਨੇ ਜਿੰਨਾਂ ਕੋਲ ਕਦੇ ਪੈਸੇ ਮੁਕਦੇ ਹੀ ਨਹੀਂ। ਵੱਡੀਆਂ ਵੱਡੀਆਂ ਸਰਕਾਰਾਂ ਆਪਣੀ ਪਿੱਠ ਉਤੇ ਨੇ ! ਕਦੇ ਬੈਠਾਂਗੇ ਤਾਂ ਦੱਸਾਂਗੇ ਤੈਨੂੰ ਅੰਦਰਲੀਆਂ ਗੱਲਾਂ ਤੈਨੂੰ ਤਾਂ ਅਜੇ ਦਾਲ ਚੋਂ ਦਾਣਾ ਹੀ ਦਿਖਾਇਆ ਹੈ। ਆਪਣੇ ਕੋਲ ਤਾਂ ਖੁਫੀਆ ਖਜ਼ਾਨੇ ਨੇ ! ਤੂੰ ਕੀ ਸਮਝਦੈ ?
ਲਾਲ : ਇਹ ਤਾਂ ਆਪਣੇ ਲੋਕਾਂ, ਭਾਈਚਾਰੇ ਅਤੇ ਦੇਸ਼ ਨਾਲ ਧਰੋਹ ਹੈ ਯਾਰ ... !
ਪ: ਸ: ਓ ਛੱਡ ਪਰੇ ਇਹ ਗੱਲਾਂ। ਤੂੰ ਤਾਂ ਭੋਲਾ ਐਂ। ਲੋਕਾਂ ਦਾ ਕੀ ਹੈ ? ਇਹ ਤਾਂ ਚਟਪਟੀਆਂ ਸੁਰਖੀਆਂ ਮੰਗਦੇ ਨੇ। ਨਾਲੇ ਐਵੇਂ ਤਾਂ ਨਹੀਂ ਮਾਂ ਨੇ ਨਾਂ ਰੱਖਿਆ ਮੇਰਾ ਪਹਾੜਾ ਸਿੰਘ !

"ਐਨ. ਡੀ. ਪੀ. ਨਸਲਵਾਦ ਨੂੰ ਬਰਦਾਸ਼ਤ ਨਹੀਂ ਕਰੇਗੀ" — ਜੈਰੀ ਸਕਾਟ

ਵੈਨਕੂਵਰ—ਪਰੈਸ ਨੂੰ ਸੰਬੋਧਨ ਕਰਦਿਆਂ ਮਿਸਟਰ ਜੈਰੀ ਸਕਾਟ ਨੇ ਕਿਹਾ ਕਿ ਐਨ. ਡੀ. ਪੀ. ਸਰਕਾਰ ਨਸਲਵਾਦ ਨੂੰ ਕਦੇ ਬਰਦਾਸ਼ਤ ਨਹੀਂ ਕਰੇਗੀ। ਮਿਸਟਰ ਸਕਾਟ ਦਾ ਕਹਿਣਾ ਸੀ ਕਿ ਸੋਸ਼ਲ ਕਰੈਡਿਟ ਨੇ ਡੀਪੈਰਸ਼ਨ ਲਿਆਉਣ ਵਿਚ ਮੱਦਦ ਕੀਤੀ ਹੈ। ਜਦੋਂ ਵੀ ਲੋਕਾਂ ਵਿਚ ਬੇਰੁਜ਼ਗਾਰੀ ਵਧਦੀ ਹੈ ਤਾਂ ਨਸਲਵਾਦ ਫਿਰ ਸਿਰ ਚੁਕ ਲੈਂਦਾ ਹੈ।

ਜੀਨ ਸਵੈਨਸਨ, ਜੋ ਕਿ ਵੈਨਕੂਵਰ ਲਿਟਲ ਮਾਊਂਟੇਨ ਹਲਕੇ ਵਿਚ ਮਿਸਟਰ ਜੈਰੀ ਸਕਾਟ ਨਾਲ ਉਮੀਦਵਾਰ ਹੈ ਨੇ ਕਿਹਾ ਕਿ ਜਿਥੇ ਵੀ ਕੋਈ ਅਜਿਹੀ ਨਸਲਵਾਦੀ ਘਟਨਾ ਹੋਵੇ ਸਾਨੂੰ ਪਤਾ ਜ਼ਰੂਰ ਲੱਗਣਾ ਚਾਹੀਦਾ ਹੈ।

'ਕੈਨੇਡਾ ਦਰਪਣ' ਦੇ ਇਸ ਸੁਝਾਅ ਨਾਲ ਜੈਰੀ ਸਕਾਟ ਤੇ ਜੀਨ ਸਵੈਨਸਨ ਦੋਵੇਂ ਸਹਿਮਤ ਸਨ ਕਿ ਘੱਟ ਗਿਣਤੀਆਂ ਲਈ ਇਕ ਅਜਿਹਾ ਕਮਿਸ਼ਨ ਜੋ Equal opportunities Commission ਹੋਵੇ, ਬਣਾਇਆ ਜਾਣਾ ਚਾਹੀਦਾ ਹੈ ਤਾਂ ਕਿ ਘੱਟ ਗਿਣਤੀਆਂ ਦੇ ਮਸਲਿਆਂ ਨੂੰ ਸੁਲਝਾਉਣ ਵਿਚ ਮਦਦ ਮਿਲ ਸਕੇ।

ਸਕੂਲਾਂ, ਕਾਲਜਾਂ ਵਿਚ ਭਾਰਤੀ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਨੂੰ ਮਾਨਤਾ ਦੇਣ ਬਾਰੇ ਵੀ ਦੋਵਾਂ ਉਮੀਦਵਾਰਾਂ ਨੂੰ ਸਹਿਮਤੀ ਪ੍ਰਗਟ ਕੀਤੀ।

ਰੋਹਿਨੀ-2 ਸਫਲਤਾ ਨਾਲ ਪੁਲਾੜ ਵਿਚ

ਸਿਰੀ ਹਰੀਕੋਟਾ — ਭਾਰਤ ਨੇ ਇਥੋਂ ਦੇ ਪੁਲਾੜ ਕੇਂਦਰ ਤੋਂ ਐਸ. ਐਲ. ਵੀ. 3 ਰਾਹੀਂ 41.5 ਕਿਲੋਗਰਾਮ ਭਾਰ ਵਾਲਾ "ਰੋਹਿਨੀ ਡੀ. 2 ਉਪਗ੍ਰਹਿ" ਧਰਤੀ ਦੇ ਨੇੜਲੇ ਪਲਾੜ ਵਿਚ ਦਾਗ ਕੇ ਭਾਰਤੀ ਧਰਤੀ ਤੋਂ ਦੂਜਾ ਸਫਲ ਪੁਲਾੜ ਤਜਰਬਾ ਕੀਤਾ। ਇਹ ਉਪਗ੍ਰਹਿ 3 ਸਾਲ ਲਈ ਪੁਲਾੜ ਵਿਚ ਰਹੇਗਾ। ਇਸ ਨਾਲ ਭਾਰਤ ਨੇ ਆਪਣੇ ਪੁਲਾੜ ਪ੍ਰੋਗਰਾਮਾਂ ਵਿਚ ਇਕ ਹੋਰ ਅਗੇ ਵਲ ਕਦਮ ਪੁਟਿਆ ਹੈ।

17 ਟਨ ਭਾਰ ਅਤੇ 23 ਮੀਟਰ ਲੰਬਾਈ ਵਾਲੇ ਐਸ. ਐਲ. ਵੀ-3 ਨਾਂ ਦੇ ਰਾਕਟ ਨੂੰ ਛੱਡੇ ਜਾਣ ਦਾ ਦ੍ਰਿਸ਼ ਪ੍ਰਧਾਨ ਮੰਤਰੀ ਸਮੇਤ ਸੈਂਕੜੇ ਲੋਕਾਂ ਨੇ ਦੇਖਿਆ।

ਇਹ ਰਾਕਟ ਸਵੇਰੇ 11 ਵਜ ਕੇ 6 ਮਿੰਟ ਤੇ ਪੀਲੇ ਚਿੱਟੇ ਰੰਗ ਦੀ ਲਾਟ ਛਡਦਾ ਹੋਇਆ ਅਸਮਾਨ ਵਿਚ ਅਲੋਪ ਗਿਆ। ਜਿਸ ਉਤੇ ਨੀਲੇ ਚਿੱਟੇ ਰੰਗ ਦਾ ਰੋਹਿਨੀ ਉਪਗ੍ਰਹਿ ਰਖਿਆ ਗਿਆ ਸੀ।

ਇਸ ਤੋਂ ਠੀਕ 9 ਮਿੰਟ ਤੇ 15 ਸੈਕਿੰਡਾਂ ਬਾਦ 40 ਲਖ ਰੁਪਏ ਦੀ ਕੀਮਤ ਨਾਲ ਤਿਆਰ ਕੀਤਾ ਗਿਆ ਰੋਹਿਨੀ ਉਪਗ੍ਰਹਿ ਇਸ ਰਾਕਟ ਤੋਂ ਅਲੱਗ ਹੋ ਕੇ ਧਰਤੀ ਦੇ ਨੇੜਲੇ ਪੁਲਾੜ ਵਿਚ ਜਾ ਦਾਖਲ ਹੋਇਆ।

ਇਸ ਰਾਕਟ ਨੂੰ ਛੱਡੇ ਜਾਣ ਦੇ ਮਿਸਨ ਦੇ ਡਾਇਰੈਕਟਰ ਵੇਦ ਪ੍ਰਕਾਸ਼ ਸੰਦਲ ਨੇ ਕਿਹਾ ਕਿ ਰਾਕਟ ਨੂੰ ਛੱਡੇ ਜਾਣ ਦਾ ਚਾਰ ਸਟੇਜ਼ਾਂ ਦਾ ਕੰਮ ਮਿਥੇ ਸਮੇਂ ਉਤੇ ਹੋਇਆ।

ਜਦੋਂ ਇਹ ਰਾਕਟ ਛੱਡਿਆ ਗਿਆ ਤਾਂ ਜਿਥੇ ਬਹੁਤ ਸਾਰੇ ਲੋਕ ਇਸ ਨੂੰ ਦੇਖਣ ਲਈ ਬਾਹਰ ਆਏ ਉਥੇ ਪ੍ਰਧਾਨ ਮੰਤਰੀ ਵੀ ਕੰਟਰੋਲ ਰੂਮ ਤੋਂ ਬਾਹਰ ਆਈ ਤੇ ਵਿਗਿਆਨੀਆਂ ਨਾਲ ਹੱਥ ਮਿਲਾ ਕੇ ਹਰ ਇਕ ਨੂੰ ਇਸ ਸਫਲ ਤਜਰਬੇ ਲਈ ਵਧਾਈ ਦਿਤੀ।

ਜਿਉਂ ਹੀ ਰੋਹਿਨੀ-2 ਉਪਗ੍ਰਹਿ ਪੁਲਾੜ ਵਿਚ ਛੱਡਿਆ ਗਿਆ ਤਿਉਂ ਹੀ ਫੌਰ ਤੌਰ ਤੇ ਤ੍ਰੀਵੇਂਦਰਮ ਵਿਚ ਵਿਕਰਮ ਸਾਰਾਭਾਈ ਪੁਲਾੜ ਕੇਂਦਰ ਦੇ ਜ਼ਮੀਨੀ ਸਟੇਸ਼ਨ ਦੇ ਵਿਗਿਆਨੀ ਇਸ ਦੇ ਭਾਰਤ ਉਤੋਂ ਲੰਘਦਿਆਂ ਸੰਕੇਤ ਲੈਣ ਲਈ ਤਿਆਰ ਹੋ ਗਏ।

ਇਹ ਰਾਕਟ ਤ੍ਰੀਵੇਂਦਰਮ ਵਿਚ ਵਿਕਰਮ ਸਾਰਾਭਾਈ ਪੁਲਾੜ ਕੇਂਦਰ ਵਿਚ ਤਿਆਰ ਕੀਤਾ ਗਿਆ ਸੀ। ਇਸ ਉਪਗ੍ਰਹਿ ਨੂੰ ਤ੍ਰੀਵੇਂਦਰਮ ਵਿਚ ਪੁਲਾੜ ਕੇਂਦਰ ਦੇ ਵਿਗਿਆਨੀਆਂ ਨੇ ਪਹਿਲੀ ਵਾਰ ਭਾਰਤ ਤੋਂ ਲੰਘਦਿਆਂ 11 ਮਿੰਟਾਂ ਲਈ ਦੇਖਿਆ।

ਪੁਲਾੜ ਕੇਂਦਰ ਦੇ ਇਕ ਬੁਲਾਰੇ ਮੁਤਾਬਕ ਉਪਗ੍ਰਹਿ ਦੇ ਸਾਰੇ ਸਿਸਟਮ ਠੀਕਠਾਕ ਕੰਮ ਕਰ ਰਹੇ ਹਨ।

ਐਸ. ਐਲ. ਵੀ.—3 ਨੂੰ ਦਾਗੇ ਜਾਣ ਦੀਆਂ ਤਸਵੀਰਾਂ ਲੈਣ ਲਈ ਪਰੈਸ ਫੋਟੋਗਰਾਫਰਾਂ ਨੂੰ ਲਾਚਿੰਗ ਪੈਂਡ ਦੇ ਨਜ਼ਦੀਕ ਨਹੀਂ ਜਾਣ ਦਿਤਾ ਗਿਆ।

ਇਸ ਵੇਲੇ ਸਿਰੀ ਹਰੀ ਕੋਟਾ ਰੇਂਜ ਦੇ ਮੁਖ ਗੇਟ ਦੇ ਬਾਹਰ ਲੋਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ ਸੀ। ਬੰਗਲੌਰ 'ਚ ਭਾਰਤੀ ਪੁਲਾੜ ਖੋਜ ਕੇਂਦਰ ਨੂੰ ਮਿਲੀ ਸੂਚਨਾ ਮੁਤਾਬਕ ਰੋਹਿਨੀ ਡੀ 2 ਠੀਕ ਠਾਕ ਕੰਮ ਕਰ ਰਿਹਾ ਹੈ।

ਰਾਸ਼ਟਰਪਤੀ ਵਲੋਂ ਵਧਾਈ

ਰਾਸ਼ਟਰਪਤੀ ਜ਼ੈਲ ਸਿਘ ਨੇ ਰੋਹਿਨੀ-ਡੀ 2 ਸਫਲਤਾ ਪੂਰਵਕ ਛੱਡੇ ਜਾਣ ਲਈ ਇਕ ਸੰਦੇਸ਼ ਰਾਹੀਂ ਵਿਗਿਆਨੀਆਂ ਨੂੰ ਵਧਾਈ ਦਿਤੀ ਹੈ। ਉਹਨਾਂ ਕਿਹਾ ਕਿ ਇਹ ਸਾਡੇ ਵਿਗਿਆਨੀਆਂ ਦੀ ਇਕ ਉਘੀ ਪ੍ਰਾਪਤੀ ਹੈ।

ਸਰਕਾਰੀਆ ਕਮਿਸ਼ਨ ਦੀ ਰਿਪੋਰਟ ਦਸੰਬਰ ਤਕ

ਨਵੀਂ ਦਿੱਲੀ—ਜਸਟਿਸ ਐਚ. ਐਸ. ਸਰਕਾਰੀਆ ਵਲੋਂ ਕੇਂਦਰ-ਰਾਜ ਮਾਲੀ ਸਬੰਧਾਂ ਬਾਰੇ ਇਕ ਸਾਲ ਦੇ ਅੰਦਰ ਅੰਦਰ ਘਟੋ ਘੱਟ ਇਕ ਅੰਤਿਮ ਰਿਪੋਰਟ ਪੇਸ਼ ਕੀਤੇ ਜਾਣ ਦੀ ਆਸ ਹੈ। ਉਹ ਆਪਣੀ ਰਿਪੋਰਟ ਵਾਈ ਬੀ. ਚਵਾਨ ਦੀ ਅਗਵਾਈ ਵਾਲੇ ਅਠਵੇਂ ਵਿੱਤ ਕਮਿਸ਼ਨ ਵਲੋਂ ਰਿਪੋਰਟ ਪੇਸ਼ ਕਰਨ ਤੋਂ ਬਾਅਦ ਹੀ ਪੇਸ਼ ਕਰਨਗੇ। ਵਿੱਤ ਕਮਿਸ਼ਨ ਇਸ ਸਾਲ ਅਕਤੂਬਰ ਤਕ ਆਪਣੀ ਰਿਪੋਰਟ ਪੇਸ਼ ਕਰ ਦੇਵੇਗਾ। ਸ੍ਰੀ ਸਰਕਾਰੀਆ ਦੀ ਮਾਲੀ ਸਬੰਧਾਂ ਬਾਰੇ ਅੰਤਰਿਮ ਰਿਪੋਰਟ ਸੂਬਿਆਂ ਨੂੰ ਫੰਡਾਂ ਬਾਰੇ ਪ੍ਰਬੰਧਾਂ ਵਿਚ ਪ੍ਰਭਾਵਸ਼ਾਲੀ ਤਬਦੀਲੀਆਂ ਦੀਆਂ ਸੰਭਾਵਨਾਵਾਂ ਅਤੇ ਇਸ ਨੂੰ ਕਿਸੇ ਵੀ ਰਾਜਨੀਤਕ ਦਬਾਅ ਤੋਂ ਮੁਕਤ ਕਰਨ ਦੇ ਮਾਮਲੇ ਨਾਲ ਨਿਪਟੇਗੀ। ਉਹਨਾਂ ਦੀ ਇਸ ਤੋਂ ਬਾਅਦ ਦੀ ਰਿਪੋਰਟ ਹੀ ਵਧੇਰੇ ਵੱਡੇ ਮਾਮਲਿਆਂ ਜਿਵੇਂ ਮਾਲੀ ਅਧਿਕਾਰਾਂ ਦੀ ਵੰਡ ਵਿਚ ਤਬਦੀਲੀ, ਸੰਵਿਧਾਨ ਵਿਚ ਤਬਦੀਲੀ ਦੀ ਲੋੜ ਦਾ ਨਿਪਟਾਰਾ ਕਰੇਗੀ।

ਏਜੰਸੀ ਨਾਲ ਇਕ ਮੁਲਾਕਾਤ ਵਿਚ ਕੇਂਦਰ-ਰਾਜ ਸੰਬੰਧਾਂ ਬਾਰੇ ਕਮਿਸ਼ਨ ਦੇ ਮੁਖੀ ਸ੍ਰੀ ਸਰਕਾਰੀਆ ਨੇ ਇਹ ਸਪੱਸ਼ਟ ਕੀਤਾ ਹੈ ਕਿ ਉਹ ਮਾਲੀ ਜਾਂ ਹੋਰ ਮਾਮਲਿਆਂ ਬਾਰੇ ਸੰਵਿਧਾਨ ਵਿਚ ਤਬਦੀਲੀਆਂ ਦੀ ਸਿਫਾਰਸ਼ ਕਰਨ ਲਈ ਅਜ਼ਾਦ ਹਨ, ਅਤੇ ਉਹ ਮੌਜੂਦਾ ਵਿਵਸਥਾਵਾਂ ਵਿਚ ਸੋਧਾਂ ਤਕ ਸੀਮਤ ਸਿਫਾਰਸ਼ਾਂ ਨਹੀਂ ਕਰਨਗੇ। ਉਹਨਾਂ ਅਨੁਸਾਰ ਪ੍ਰਧਾਨ ਮੰਤਰੀ ਵਲੋਂ ਪਾਰਲੀਮੈਂਟ 'ਚ ਦਿਤਾ ਇਹ ਬਿਆਨ ਕਿ ਉਹਨਾਂ ਦੀਆਂ ਸਿਫਾਰਸ਼ਾਂ ਸੰਵਿਧਾਨ ਦੇ ਚੌਖਟੇ ਅਨੁਸਾਰ ਹੋਣਗੀਆਂ ਦਾ ਮਤਲਬ ਸਿਰਫ ਇਹ ਹੈ ਕਿ ਕੌਮ ਦੀ ਏਕਤਾ ਅਤੇ ਮਜ਼ਬੂਤੀ ਦੀ ਰਾਖੀ ਵਲ ਸੇਧਤ ਸੰਵਿਧਾਨ ਦੇ ਬੁਨਿਆਦੀ ਅਸੂਲਾਂ ਅਤੇ ਮੰਤਵਾਂ ਨੂੰ ਨੁਕਸਾਨ ਨਹੀਂ ਪੁਜਣਾ ਚਾਹੀਦਾ।

ਕਮਿਸ਼ਨ ਦੇ ਚੇਅਰਮੈਨ ਨੇ ਕਿਹਾ ਕਿ ਉਸ ਨੂੰ ਵਾਸਤਵ ਵਿਚ ਕੰਮ ਸ਼ੁਰੂ ਕਰਨ ਲਈ ਚਾਰ ਜਾਂ ਪੰਜ ਮਹੀਨੇ ਹੋਰ ਲਗਣਗੇ।

ਉਹਨਾਂ ਕਿਹਾ ਕਿ ਮੁਢਲਾ ਕੰਮ ਪੂਰਾ ਹੋਣ ਪਿਛੋਂ ਕਮਿਸ਼ਨ ਵਿਚ ਵਿਸਥਾਰ ਦੀ ਸੰਭਾਵਨਾ ਹੈ। ਉਹਨਾਂ ਆਪ ਸਰਕਾਰ ਕੋਲ ਇਛਾ ਪ੍ਰਗਟ ਕੀਤੀ ਹੈ ਕਿ ਕਮਿਸ਼ਨ ਵਿਚ ਦੋ ਜਾਂ ਤਿੰਨ ਮੈਂਬਰ ਹੋਰ ਜੋੜੇ ਜਾਣ। ਉਹਨਾਂ ਕਿ ਮਾਲੀ ਸੰਬੰਧਾਂ ਬਾਰੇ ਉਹ ਆਰਟੀਕਲ 65 ਤੋਂ 268 ਤਕ ਨੂੰ ਘੋਖਣਗੇ। ਉਹਨਾਂ ਕਿਹਾ ਕਿ ਰਾਜ਼ਾਂ ਦੇ ਕੇਸ ਵਿਚ ਜਾਪਦਾ ਹੈ ਕਿ ਉਹਨਾਂ ਕੋਲ ਰੈਵੀਨਿਊ ਦੇ ਕਾਫੀ ਅਤੇ ਲਚਕਦਾਰ ਵਸੀਲੇ ਨਹੀਂ ਹਨ। ਗੈਰ-ਮਾਲੀ ਮਾਮਲਿਆਂ ਬਾਰੇ ਸ੍ਰੀ ਸਰਕਾਰੀਆ ਨੇ ਆਖਿਆ ਕਿ ਕੇਂਦਰ ਅਤੇ ਰਾਜਾਂ ਵਿਚਕਾਰ ਕਾਨੂੰਨ ਘੜਨ ਦੇ ਅਧਿਕਾਰਾਂ ਦੀ ਵੰਡ ਲਈ ਆਰਟੀਕਲ 245 ਤੋਂ 255 ਦਾ ਅਧਿਅਨ ਕੀਤਾ ਜਾਵੇਗਾ। ਆਰਟੀਕਲ 162 ਅਤੇ 126 ਅਤੇ 163 ਵਿਚ ਦਸੇ ਗਵਰਨਰ ਦੇ ਰੋਲ ਨੂੰ ਵੀ ਘੋਖਣ ਦੀ ਲੋੜ ਹੈ। ਧਾਰਾ 356 ਨੂੰ ਵੀ ਘੋਖਣ ਦੀ ਲੋੜ ਹੈ। ਇਸ ਅਧੀਨ ਕੇਂਦਰ ਸੂਬਾ ਸਰਕਾਰ ਨੂੰ ਸੰਵਿਧਾਨ ਦੀ ਉਲੰਘਣਾ ਕਰਨ ਤੇ ਡਿਸਮਿਸ ਕਰਦਾ ਹੈ। ਉਹਨਾਂ ਨਾਲ ਹੀ ਆਖਿਆ ਕਿ ਨਿਆਂ ਪਾਲਕਾਂ ਦੇ ਸਬੰਧ ਵਿਚ ਵੀ ਕੇਂਦਰ ਅਤੇ ਰਾਜਾਂ ਸਬੰਧੀ ਮੌਜੂਦਾ ਵਿਵਸਥਾਵਾਂ ਉਤੇ ਵੀ ਸੋਚਿਆ ਵਿਚਾਰਿਆ ਜਾ ਸਕਦਾ ਹੈ।

ਬੇਰੁਜ਼ਗਾਰੀ ਦੀਆਂ ਲਾਹਨਤਾਂ

ਬੋਸਟਨ—ਬੇਰੁਜ਼ਗਾਰੀ ਲੋਕਾਂ ਵਿਚ ਸ਼ਰਾਬ, ਡਰੱਗਜ਼, ਉਦਾਸੀ, ਬੱਚਿਆਂ ਦੀ ਕੁੱਟਮਾਰ ਤੇ ਘਰਾਂ ਵਿਚ ਦੁਫੇੜ ਪਾਉਣ ਦਾ ਅਹਿਮ ਕਾਰਨ ਹੈ।

ਅਮਰੀਕਾ ਵਿਚ 1000 ਬੰਦਿਆਂ ਵਿਚੋਂ 67% ਵਿਚ ਉਦਾਸੀ ਤੇ ਬਦਜ਼ਨੀ, 53% ਘਰਾਂ ਵਿਚ ਕਲੇਸ਼, 51 ਫੀਸਦੀ ਬੇਚੈਨੀ, 47 ਫੀ ਸਦੀ ਸ਼ਰਾਬ, 45 ਫੀ ਸਦੀ ਬੱਚਿਆਂ ਦੀ ਕੁੱਟਮਾਰ ਦੇ ਅੰਕੜੇ ਪ੍ਰਾਪਤ ਹੋਏ।

ਇਪਾਨਾ ਵਲੋਂ ਚੋਣਾਂ ਵਿਚ ਉਜੱਲ ਦੁਸਾਂਝ ਦੀ ਮੱਦਦ



ਉੱਜਲ ਦੋਸਾਂਝ

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੇਰਿਕਾ(ਇਪਾਨਾ) ਨੇ ਬੀ. ਸੀ. ਵਿਚ 5 ਮਈ ਨੂੰ ਹੋ ਰਹੀਆਂ ਸੂਬਾਈ ਚੋਣਾਂ ਵਿਚ ਵੈਨਕੂਵਰ ਸਾਊਥ ਹਲਕੇ ਦੇ ਐਨ. ਡੀ. ਪੀ. ਦੇ ਉਮੀਦਵਾਰ ਉਜੱਲ ਦੁਸਾਂਝ ਦੀ ਵਧ ਚੜ੍ਹਕੇ ਮੱਦਦ ਕਰਨ ਦਾ ਫੈਸਲਾ ਕੀਤਾ ਹੈ।

ਇਪਾਨਾ ਵਲੋਂ 20 ਮਾਰਚ ਨੂੰ ਪ੍ਰੈਸ ਦੇ ਨਾਉਂ ਜਾਰੀ ਕੀਤੇ ਗਏ ਇਕ ਬਿਆਨ ਵਿਚ ਕਿਹਾ ਗਿਆ:

ਭਾਰਤੀ ਕਮਿਊਨਿਟੀ ਵਿਚ ਪਿਛਲੇ ਕੁਝ ਦਹਾਕਿਆਂ ਵਿਚ ਕਾਫੀ ਵਾਧਾ ਹੋਇਆ ਹੈ। ਸਾਡੀ ਕਮਿਊਨਿਟੀ ਸੂਬੇ ਦੇ ਵੱਖ ਵੱਖ ਪਹਿਲੂਆਂ ਵਿਚ ਹਿੱਸਾ ਲੈਂਦੀ ਹੈ ਅਤੇ ਇਸਦੀ ਆਰਥਕਿਤਾ ਵਿਚ ਵਾਧਾ ਕਰਦੀ ਹੈ। ਇਹ ਬਹੁਤ ਅੱਛਾ ਹੋਵੇ ਜੇ ਸਾਡੀ ਕਮਿਊਨਿਟੀ ਦੀ ਬੀ. ਸੀ. ਦੀ ਅਸੈਂਬਲੀ ਵਿਚ ਪ੍ਰਤੀਨਿਧਤਾ ਹੋਵੇ।

ਉਜੱਲ ਦੁਸਾਂਝ ਨੇ ਕਮਿਊਨਿਟੀ ਨਾਲ ਸਬੰਧਤ ਮਸਲਿਆਂ ਤੇ ਹਮੇਸ਼ਾਂ ਅਗਾਂਹ ਵਧੂ ਸਟੈਂਡ ਲਿਆ ਹੈ। ਉਹਨਾਂ ਨੇ ਬੀ. ਸੀ. ਦੇ ਖੇਤ ਮਜ਼ਦੂਰਾਂ ਦੀ ਮੱਦਦ ਕੀਤੀ ਹੈ ਅਤੇ ਨਸਲਵਾਦ ਵਿਰੁਧ ਸੰਘਰਸ਼ ਵਿਚ ਵਧ ਚੜ੍ਹਕੇ ਹਿਸਾ ਹਿਸਾ ਲਿਆ ਹੈ। ਉਹਨਾਂ ਨੇ ਔਰਤਾਂ ਦੇ ਹੱਕਾਂ ਬਾਰੇ ਭੀ ਦ੍ਰਿੜ ਸਟੈਂਡ ਲਿਆ ਹੈ। ਪਿਛੇ ਜਿਹੇ ਉਜਲ ਦੁਸਾਂਝ ਨੇ ਬਿਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਦੇ ਹੱਕਾਂ ਦੀ ਰਾਖੀ ਲਈ, ਜਿਹਨਾਂ ਨੂੰ ਕਿ ਭਾਰਤੀ ਸਰਕਾਰ ਕੁਚਲਣ ਦੀ ਕੋਸ਼ਿਸ਼ ਕਰ ਰਹੀ ਹੈ, ਡਟਵਾ ਸਟੈਂਡ ਲਿਆ।

ਸਾਨੂੰ ਇਥੇ ਕੈਨੇਡਾ ਵਿਚ ਸਿਆਸੀ ਅਤੇ ਆਰਥਿਕ ਬਰਾਬਰਤਾ ਜਿੱਤਣ ਲਈ ਅਤੇ ਨਸਲੀ ਵਿਤਕਰੇ ਦਾ ਮੁਕਾਬਲਾ ਕਰਨ ਲਈ ਹਰ ਤਰ੍ਹਾਂ ਦੇ ਘੋਲ ਲੜਨੇ ਪੈਣਗੇ ਅਤੇ ਕਨੇਡੀਅਨ ਸਿਆਸਤ ਵਿਚ ਭੀ ਹਿਸਾ ਲੈਣਾ ਪਵੇਗਾ। ਸਾਨੂੰ ਸਾਡੀਆਂ ਜ਼ਾਇਜ ਮੰਗਾਂ ਮੰਨਵਾਉਣ ਲਈ ਇਥੇ ਦੇ ਸਿਆਸਤਦਾਨਾਂ ਤੇ ਦਬਾਅ ਪਾਉਣ ਲਈ ਸਾਡੇ ਵੋਟਾਂ ਦੇ ਹੱਕ ਨੂੰ ਤਾਕਤ ਸਮਝਕੇ ਵਰਤਣਾ ਚਾਹੀਦਾ ਹੈ। ਸਾਨੂੰ ਉਹਨਾਂ ਵਿਅਕਤੀਆਂ ਦੀ ਖਾਸ ਕਰਕੇ ਉਜਲ ਦੁਸਾਂਝ ਵਰਗੇ ਭਾਰਤੀ ਕਮਿਊਨਿਟੀ ਦੇ ਮੈਂਬਰਾਂ ਦੀ ਮਦਦ ਕਰਨੀ ਚਾਹੀਦੀ ਹੈ ਜਿਹਨਾਂ ਨੇ ਕਮਿਊਨਿਟੀ ਮਸਲਿਆਂ ਤੇ ਡਟਵਾ ਸਟੈਂਡ ਲਿਆ ਹੋਵੇ।

ਅਸੀਂ ਆਸ ਕਰਦੇ ਹਾਂ ਕਿ ਅਤੇ ਉਮੀਦ ਕਰਦੇ ਹਾਂ ਕਿ ਉਜੱਲ ਦੁਸਾਂਝ ਬੀ. ਸੀ. ਅਸੈਂਬਲੀ ਵਿਚ ਭਾਰਤੀ ਕਮਿਊਨਿਟੀ ਦੇ ਇਕ ਅਸਰਦਾਰ ਨੁਮਾਇੰਦੇ ਹੋਣਗੇ। ਅਸੀਂ ਆਪਦੀ ਸਾਰੀ ਕਮਿਊਨਿਟੀ ਨੂੰ ਉਜੱਲ ਦੁਸਾਂਝ ਦੀ ਵਧ ਚੜ੍ਹਕੇ ਮੱਦਦ ਕਰਨ ਦੀ ਅਪੀਲ ਕਰਦੇ ਹਾਂ।

ਪ੍ਰਮਾਣੂ ਹਥਿਆਰ ਅਤੇ ਅਮਨ ਲਈ ਘੋਲ

ਗੁਰਨਾਮ ਸਿੰਘ ਸੰਘੇੜਾ

"ਮ ਜ਼ਨ ਤੇਗ਼ ਬਰ ਖ਼ੂਨਿ ਕਸ ਬੇ ਦਰੇਗ।
ਤੁਰਾ ਨੀਜ਼ ਖ਼ੂੰ ਚਰਖ ਰੇਜ਼ਦ ਬ ਤੇਗ॥"
(ਗੁਰੂ ਗੋਬਿੰਦ ਸਿੰਘ ਜੀ)

(ਭਾਵ— ਹੇ ਭਾਈ ਨਿਡਰ ਹੋ ਕੇ ਕਿਸੇ ਦੇ ਖੂਨ ਕਰਨ ਵਾਸਤੇ ਤਲਵਾਰ ਨ ਚਲਾ। ਇਸ ਦਾ ਫਲ ਤੇਰੇ ਉਤੇ ਅਸਮਾਨੀ ਤਲਵਾਰ(ਆਫਤ) ਗੱਜੇ ਗੀ)।


ਅੱਜ ਸਾਰੀ ਦੁਨੀਆਂ ਜ਼ਿੰਦਗੀ ਅਤੇ ਮੌਤ ਅਤੇ ਅਮਨ ਜਾਂ ਜੰਗ ਦੇ ਖਰ ਰਹੇ ਕੰਢੇ ਉਪਰ ਖੜੀ ਹੈ। ਇਸ ਸਮੇਂ ਜ਼ਿੰਦਗੀ ਨੂੰ ਬਚਾਉਣ ਲਈ ਸਿਰ ਤੋੜ ਕੋਸ਼ਿਸ਼ਾਂ ਕਰਕੇ ਬੰਨ੍ਹ ਲਾਉਣੇ ਜ਼ਰੂਰੀ ਹਨ। ਅਮਰੀਕਾ ਦਿਨ ਬ-ਦਿਨ ਜ਼ਿਆਦਾ ਤੋਂ ਜ਼ਿਆਦਾ ਤੇਜੀ ਨਾਲ ਤਬਾਹੀ ਕਰਨ ਵਾਲੇ ਹਥਿਆਰਾਂ ਨੂੰ ਬਣਾਉਣ, ਇਕੱਠੇ ਕਰਨ ਅਤੇ ਫਿਰ ਦੁਨੀਆਂ ਦੇ ਹਰ ਕੋਨੇ ਵਿਚ ਫੈਲਾਉਣ ਲਈ ਦੌੜ ਰਿਹਾ ਹੈ ਤਾਂ ਕਿ ਉਸਦੀ ਲੋਕ ਵਿਰੋਧੀ ਸਰਦਾਰੀ ਕਾਇਮ ਰਹੇ ਅਤੇ ਲੋਕ ਹਿਤੂ ਲੋਕਾਂ ਤੇ ਸਰਕਾਰਾਂ ਨੂੰ ਘੇਰਾ ਪਾ ਕੇ ਕਮਜ਼ੋਰ ਅਤੇ ਖਤਮ ਕੀਤਾ ਜਾ ਸਕੇ। ਉਸਦੇ ਜਵਾਬ ਵਿਚ ਅਤੇ ਬਚਾਓ ਲਈ ਰੂਸ ਨੂੰ ਭੀ ਬਨਾਉਣੇ ਪੈ ਰਹੇ ਹਨ। (ਅਮਨ ਸੰਧੀਆਂ ਅਤੇ ਤਜਵੀਜ਼ਾਂ ਦਾ ਵੇਰਵਾ ਜੁਦੇ ਲੇਖ ਵਿਚ)।

ਲੋਕਾਂ ਨੂੰ ਸਿਰਫ ਨਿੱਜੀ ਜ਼ਿੰਦਗੀ ਲਈ ਹੀ ਨਹੀਂ ਬਲਕਿ ਸਾਰੇ ਸੰਸਾਰ ਦੇ ਸਰਬ ਨਾਸ਼ ਦਾ ਡਰ ਹੈ। ਜਿਸ ਤੇਜੀ ਨਾਲ ਕਿਰਮਾਂ ਵਾਲੇ ਅਤੇ ਨੁਕਲੀਅਰ ਹਥਿਆਰ ਬਣ ਰਹੇ ਹਨ, ਉਸ ਦਾ ਡਰ ਅਤੇ ਸਿੱਟਾ ਇਹ ਹੀ ਹੈ ਕਿ ਜੇਕਰ ਗਲਤੀ ਨਾਲ ਹੀ ਬਟਨ ਦਬਿਆ ਗਿਆ ਤਾਂ ਉਹ ਦੁਰਘਟਨਾ ਪਰਲੋ ਲਿਆ ਦੇਵੇਗੀ। ਹੁਣ ਤਕ ਕਮਪਿਊਟਰ ਦੀ ਗਲਤੀ ਨਾਲ ਸਵੈ ਚਾਲਕ ਅਤੇ ਸਵੈ ਸੇਧ ਵਾਲੇ ਨੁਕਲੀਅਰ ਹਥਿਆਰ ਰੂਸ ਵਲ ਪੰਜ ਵਾਰ ਛਡ ਹੋਣ ਲੱਗੇ ਸਨ। ਅਜ ਕੋਈ ਭੀ ਪਹਿਲਾਂ ਹਮਲਾ ਕਰਕੇ ਸੋਚੇ ਕਿ ਉਹ ਬਚ ਜਾਏਗਾ, ਉਹ ਅਤਿ ਭੁਲੇਖੇ ਵਿਚ ਹੈ। ਹੁਣ ਅਮਰੀਕਾ ਵਾਲੇ ਯੂਰਪ ਵਿਚ 'ਕਰੂਜ ਮਿਜ਼ਾਇਲ' ਅਤੇ 'ਪਰਸ਼ਿੰਗ ਦੋ' ਵਰਗੇ ਮਾਰੂ ਹਥਿਆਰ ਗੱਡ ਰਹੇ ਹਨ। ਕਰੂਜ ਮਿਜ਼ਾਇਲ ਸਿਰਫ ਚੌਵੀ ਫੁੱਟ ਲੰਮਾ ਹੈ ਜੋ ਰੇਡਾਰ ਵਿਚ ਨਹੀਂ ਆਉਂਦਾ ਅਤੇ ਦਰਖਤ ਦੀ ਉਚਾਈ ਤੇ ਉਡਦਾ ਹੈ ਜਿਸ ਵਿਚ ਕੋਈ ਬੰਦਾ ਚਲਾਉਣ ਵਾਲਾ ਨਹੀਂ ਅਤੇ ਹੀਰੋਸ਼ੀਮਾ ਨੂੰ ਤਬਾਹ ਕਰਨ ਵਾਲੇ ਨਾਲੋਂ ਪੰਦਰਾ ਗੁਣਾਂ ਵੱਧ ਤਾਕਤ ਵਾਲੇ ਮਾਰੂ ਨੁਕਲੀਅਰ ਵਾਰਹੈਡ ਆਪੇ ਹੀ ਸੁੱਟ ਸਕਦਾ ਹੈ। ਇਹ ਆਪਣੇ ਆਪ ਧਰਤੀ ਦੀ ਉਚਾਣ, ਨਿਮਾਣ ਅਤੇ ਪਹਾੜ ਤੇ ਵਾਦੀ ਅਨੁਸਾਰ ਆਪਣੀ ਸੇਧ ਆਪ ਬਣਾ ਲੈਂਦਾ ਹੈ।

ਅਮਰੀਕਾ ਵਾਲੇ ਰੂਸ ਨੂੰ ਕਮਜ਼ੋਰ ਤੇ ਖਤਮ ਕਰਨ ਲਈ ਫਰੇਬੀ ਨਾਅਰੇ ਬਾਜ਼ੀਆਂ ਅਤੇ ਅਮਰੀਕੀ ਪ੍ਰਧਾਨ ਰੇਗਨ ਦੀਆਂ "ਜ਼ੀਰੋ ਔਪਸ਼ਨ" ਦੀਆਂ ਗਲਾਂ ਰੂਸ ਦੇ ਹਥਿਆਰ ਘਟਾਉਣ ਅਤੇ ਆਪਣੇ ਵਧਾਉਣ ਲਈ ਹੈ। (ਇਹ ਭੀ ਜੁਦੇ ਲੇਖ ਵਿਚ)। ਅਜ ਤਾਂ ਦੁਨੀਆਂ ਨੂੰ ਤਬਾਹ ਕਰਨ ਤੋਂ ਬਾਰਾਂ ਗੁਣਾਂ ਵਧ ਬਾਰੂਦ ਕਾਇਮ ਹੈ। ਅਜ ਪੰਜਾਹ ਹਜ਼ਾਰ ਮੈਗਾਟਨ ਟੀ. ਇਨ. ਟੀ. ਦਾ ਭੰਡਾਰ ਹੈ। (ਇਕ ਮੈਗਾਟਨ ਦਸ ਲੱਖ ਟਨ ਦੇ ਬਰਾਬਰ ਹੈ।) ਇਕ ਮੈਗਾਟਨ ਟੀ. ਇਨ. ਟੀ. ਨੂੰ ਢੋਣ ਲਈ ਦੋ ਮੀਲ ਲੰਮੀ ਗੱਡੀ ਦੀ ਲੋੜ ਹੈ ਅਤੇ ਪੰਜਾਹ ਹਜ਼ਾਰ ਮੈਗਾਟਨ ਟੀ. ਐਨ. ਟੀ. ਲਈ ਇਕ ਗੱਡੀ ਦਾ ਆਕਾਰ ਜ਼ਮੀਨ ਦੁਆਲੇ ਚਾਰ ਸੌ ਬਾਰ ਲਪੇਟੀ ਜਾ ਸਕਦੀ ਹੈ ਜਾਂ ਆਖੋ ਜ਼ਮੀਨ ਦੁਆਲੇ ਨਾਲੋਂ ਚਾਰ ਸੌ ਗੁਣਾਂ ਵੱਡੀ ਹੋਵੇਗੀ।

ਅਜ ਲੋਕ ਆਵਾਜ਼ ਉਚੀ ਹੋ ਰਹੀ ਹੈ ਕਿ ਹਥਿਆਰ ਦੌੜ ਅਤੇ ਹੋਰ ਬਣਾਉਣੇ ਖਤਮ ਕਰੋ। ਅਮਰੀਕਾ ਵਿਚ ਹੀ 78(ਅਠੱਤਰ) ਫੀ ਸਦੀ ਲੋਕ ਅਮਨ ਲਈ ਅਤੇ ਹਥਿਆਰ ਰੋਕੋ ਦੇ ਹੱਕ ਵਿਚ ਹਨ। ਹਰ ਦੇਸ਼ ਵਿਚ ਲੱਖਾਂ ਦੀ ਗਿਣਤੀ ਵਿਚ ਲੋਕ ਅਮਨ ਲਈ ਮਾਰਚ ਕਰ ਰਹੇ ਹਨ। (ਅਮਨ ਲਹਿਰ ਉਪਰ ਜੁਦਾ ਲੇਖ)। ਜੰਗਬਾਜ਼ ਤਾਂ ਲੋਕ ਆਜ਼ਾਦੀ ਦਾ ਖਾਤਮਾ ਕਰਨਾ ਲੋਚਦੇ ਹਨ ਅਤੇ ਸਾਮਰਾਜੀ ਗੱਠ ਜੋੜ "ਨੇਟੋ" ਲੋਕ ਹਿੱਤਾਂ ਦੇ ਵਿਰੁਧ ਹੈ। ਜੰਗੀ ਕਾਰਵਾਈ ਅਤੇ ਜੰਗ ਸਿਆਸਤ ਦਾ ਹਿਸਾ ਤੇ ਜਿਵੇਂ ਵੌਨ ਕਲੌਜਵਿਜ਼ ਨੇ ਅਠਾਰਾਂ ਸੌ ਵੀਹਵੇਂ ਵਿਚ "ਔਨਵਰ" ਕਿਤਾਬ ਵਿਚ ਲਿਖਿਆ, **"ਜੰਗ ਸਿਰਫ ਨੀਤੀ ਦਾ ਇਕ ਅਮਲ ਹੀ ਨਹੀਂ ਬਲਕਿ ਸਹੀ ਸਿਆਸੀ ਹਥਿਆਰ ਹੈ। ਅਤੇ ਦੂਜੇ ਸਾਧਨਾਂ ਰਾਹੀਂ ਰਾਜਨੀਤਕ ਅਮਲ ਦੀ ਲੜੀ ਹੈ।"** ਉਸਨੇ ਅੱਗੇ ਜਾ ਕੇ ਲਿਖਿਆ ਹੈ ਕਿ ਉਹ ਸਾਰੇ ਅੰਸ ਜੋ ਜੰਗ ਲਾਉਣ ਵਿਚ ਹਿਸਾ ਪਾਉਂਦੇ ਹਨ ਅਤੇ ਇਸ ਦੇ ਉਘੇ ਰੂਪ ਦਾ ਨਿਰਣਾ ਕਰਦੇ ਹਨ, ਉਹ ਸਾਰੇ ਸਿਰਫ ਸਿਆਸੀ ਨਹੀਂ, ਪਰ ਉਹ ਰਾਜਸੀ ਅਮਨ ਨਾਲ ਇਨਾਂ ਨੇੜੇ ਤੋਂ ਜੁੜੇ ਹੋਏ ਹਨ ਕਿ ਉਨ੍ਹਾਂ ਨੂੰ ਜੁਦਾ ਕਰਨਾ ਅਸੰਭਵ ਹੈ। ਉਸਨੇ ਲਿਖਿਆ, "ਜੰਗ ਨੂੰ ਵਪਾਰ ਨਾਲ ਤੁਲਨਾ ਦਿਤੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਇਨਸਾਨੀ ਲਾਭਾਂ ਅਤੇ ਅਮਲਾਂ ਦਾ ਵਿਰੋਧ ਹੈ—ਜੰਗ ਵੱਡੇ ਪੈਮਾਨੇ ਉਤੇ ਇਕ ਵਪਾਰ ਹੈ। ਇਸ ਤੋਂ ਵੱਧ ਇਹ ਹੈ ਕਿ ਰਾਜਨੀਤੀ ਦੇ ਪੇਟ ਵਿਚ ਵਧਦੀ ਫੁਲਦੀ ਹੈ—ਜਿਥੇ ਇਸਦਾ ਅਧੂਰੇ ਰੂਪ ਵਿਚ ਖਾਕਾ ਹੁੰਦਾ ਹੈ ਜਿਵੇਂ ਆਰੰਭ ਵਿਚ ਕੱਚੇ(ਅਧੂਰੇ) ਬੱਚੇ ਦਾ ਰੂਪ ਹੁੰਦਾ ਹੈ।" (ਹਥਿਆਰਾਂ ਦੀ ਆਥਕਤਾ—ਜੁਦਾ ਲੇਖ ਵਿਚ)।

ਇਹ ਸਭ ਜੰਗੀ ਸਾਮਾਨ, ਫੌਜ ਅਤੇ ਡਰਾਵੇ ਹਾਕਮ ਜਮਾਤਾਂ ਦੇ ਹਿਤਾਂ ਨੂੰ ਹਰ ਢੰਗ ਨਾਲ ਪਾਲਣ ਲਈ ਹਨ। ਪਰ ਲੋਕ ਭਲਾਈ ਅਤੇ ਇਨਸਾਨ ਨੂੰ



(ਅਗਲੇ ਅੰਕ ਵਿਚ ਅਮਨ ਲਹਿਰ ਅਤੇ ਹਥਿਆਰਾਂ ਦੀ ਆਰਥਿਕਤਾ)

ਉਚੀ ਪੱਧਰ ਤਕ ਲਿਜਾਣ ਅਤੇ ਉਸਦੀ ਕਿਰਤ ਪੈਦਾਵਾਰ ਨੂੰ ਉਸ ਤੋਂ ਜੁਦਾ ਕਰਨ ਵਾਲੀ ਗਲ ਨੂੰ ਖਾਤਮਾ ਕਰਨ ਦੇ ਵਿਰੁਧ ਜਾਂਦੇ ਹਨ। ਪਰ ਲੋਟੂਆਂ ਦਾ ਹਿਤ ਮੁਨਾਫਾ ਹੈ। ਇਸ ਆਦਮ ਖੋਰ ਖਰਚ ਨਾਲ ਬੱਜਟ ਖਸਾਰਾ ਅਤੇ ਸਿੱਕਾ ਫੈਲਾਓ ਅਤੇ ਲੋਕਾਂ ਸਿਰ ਕਰਜਾ ਵਧਦਾ ਹੈ। ਤੀਜੀ ਦੁਨੀਆਂ ਦੇ ਦੇਸ਼ਾਂ ਨੇ ਆਪਣੇ ਕਰਜੇ ਦੀਆਂ ਇਕ ਸਾਲ ਦੀਆਂ ਕਿਸ਼ਤਾਂ **ਹੀ ਚੁਤਾਲੀ ਅਰਬ ਵੀਹ ਕਰੋੜ ਡਾਲਰ ਸੀ।** ਕੈਨੇਡਾ ਜਿਸ ਦਾ ਇਕ ਸਾਲ ਵਿਚ ਹੀ 31 (ਇਕੱਤੀ) ਅਰਬ ਡਾਲਰ ਹੋ ਗਿਆ। ਜਿਸਦਾ ਕਾਰਨ ਹੋਰਾਂ ਦੇ ਨਾਲ ਨਾਲ ਕੈਨੇਡਾ ਦੇ ਹਥਿਆਰਾਂ **ਉਪਰ ਪੰਜ ਅਰਬ ਡਾਲਰ ਕਰਨ** (ਜੋ ਆਰਥਿਕਤਾ ਦਾ ਤਿੰਨ ਫੀ ਸਦੀ ਫਜ਼ੂਲ ਹਥਿਆਰਾਂ ਉਪਰ ਹੋ ਰਿਹਾ ਹੈ) ਨਾਲ ਵਧਦਾ ਹੈ। ਕੈਨੇਡਾ ਦੇ ਹਰ ਬੱਚੇ ਔਰਤ ਅਤੇ ਮਰਦ ਦੇ ਸਿਰ ਪਬਲਿਕ ਕਰਜੇ ਦੇ ਸੂਦ ਦੇ ਛੇ ਸੌ ਉਂਨੀ(619) ਡਾਲਰ ਬਣਦੇ ਹਨ ਕਿਉਂਕਿ ਕੈਨੇਡਾ ਦੇ ਸਿਰ ਇਕ ਸੌ ਤੀਹ ਅਰਬ ਡਾਲਰ ਕਰਜਾ ਹੈ।

ਅਮਰੀਕਾ ਦੇ ਧਨੀ ਤੇ ਰਾਜ ਕਰਦੀ ਜਮਾਤ 'ਸੀਮਤ ਨੁਕਲੀਅਰ ਜੰਗ' ਦਾ ਪ੍ਰਾਪੇਗੰਡਾ ਕਰਦੀ ਹੈ। ਨੁਕਲੀਅਰ ਦਾ ਅਸਰ ਤਾਂ ਲੰਮਾ ਚੌੜਾ ਹੈ ਅਤੇ ਫਿਰ ਜਦ ਅਮਰੀਕਾ ਨੇ ਪਹਿਲ ਕੀਤੀ ਤਾਂ ਫਿਰ ਰੂਸ ਭੀ ਸਵੈ ਡੀਫੈਂਸ(ਰਾਖੀ) ਵਿਚ ਜਵਾਬ ਦੇਵੇਗਾ ਅਤੇ ਫਿਰ ਸੀਮਤ ਨਹੀਂ ਹੋ ਸਕਦੀ। ਸਵੈ ਚਾਲਕ ਮਿਜ਼ਾਇਲ ਤਾਂ ਫਿਰ ਆਪੇ ਹੀ ਚਲ ਪੈਣੇ ਹਨ। ਅਮਰੀਕਾ ਵਾਲੇ ਉਪਰੋਂ ਇਖਲਾਕ ਤੇ ਜਮਹੂਰੀਅਤ ਦੀਆਂ ਟਾਹਰਾਂ ਮਾਰਨ ਵਾਲੇ ਆਪ ਮਾਰੂ ਹਥਿਆਰਾਂ ਵਲ ਪਹਿਲ ਤੇ ਅੱਗੇ ਪਸਾਰਾ ਕਰ ਰਹੇ ਹਨ। ਹਾਕਮ ਜਮਾਤਾਂ ਦੀ ਲੋਟੂ ਹਵਸ ਦਾ ਹੀ ਸਿੱਟਾ ਹੈ ਕਿ ਸਵਿਸ ਵਿਦਵਾਨ ਜੀਨ ਜੇਕਸ ਬੇਬਲ ਦੇ ਅਨੁਸਾਰ "ਪਿਛਲੇ 5500 ਸਾਲ ਵਿਚ ਸਿਰਫ 292 ਸਾਲ ਅਮਨ ਦੇ ਸਨ। ਇਤਿਹਾਸ ਵਿਚ 15000(ਪੰਦਰਾਂ ਹਜ਼ਾਰ) ਜੰਗਾਂ ਲੜੀਆਂ ਗਈਆਂ ਜਿੰਨਾਂ ਵਿਚੋਂ ਅਧੀਆਂ ਯੂਰਪ ਦੀ ਧਰਤੀ ਤੇ ਲੜੀਆਂ ਗਈਆਂ। ਹੁਣ ਭੀ "ਲਾਲ ਖਤਰੇ" ਦਾ ਡਰ ਪਾ ਕੇ ਅਮਰੀਕਾ ਵਾਲੇ ਦੁਨੀਆਂ ਨੂੰ ਜੰਗ ਦੀ ਭੱਠੀ ਵਿਚ ਝੋਕਣਾ ਚਾਹੁੰਦੇ ਹਨ। ਅਮਰੀਕਾ ਦੀ ਲੋਟੂ ਅਤੇ ਅਖੌਤੀ ਚਾਤੁਰ ਪਰ ਅਸਲੀਅਤ ਵਿਚ ਪਾਗਲਾਂ ਤੇ ਅੱਗ ਨਾਲ ਖੇਡਣ ਵਾਲੀ ਕਮਲੀ ਗਲ ਨੇ ਸਾਰੀ ਦੁਨੀਆਂ ਨੂੰ ਹੀ ਨਾਲ ਲੈ ਡੋਬਣਾ ਹੈ ਜਿਵੇਂ ਕਾਰਲ ਵੈਲਨਟਿਨ ਨੇ ਲਿਖਿਆ —

Two little boys clmibed up a ladder,
The one was dumb, the other clever,
But when the ladder tumbled down,
Both little boys fell to the ground.

ਪੌੜੀ ਚੜੇ ਦੋ ਨਿੱਕੇ ਮੁੰਡੇ,
ਇਕ ਮੂਰਖ ਦੂਜਾ ਚੇਤੰਨ,
ਜਦ ਪੌੜੀ ਹੇਠਾਂ ਡਿੱਗੀ,
ਦੋਵਾਂ ਦੀ ਘੰਡ ਹੋਈ ਭੰਨ।

ਲੈਨਿਨ ਨੇ ਆਖਿਆ ਸੀ, "ਜੰਗ ਦੇ ਖਾਤਮੇ ਲਈ ਸਰਮਾਏ ਨੂੰ ਭਾਂਜ ਦੇਣੀ ਪਵੇਗੀ।"—"ਇਹ ਘੋਲ ਔਖਾ ਹੈ ਅਤੇ ਉਹ ਜੋ ਸੋਚਦਾ ਹੈ ਕਿ ਅਮਨ ਆਸਾਨੀ ਨਾਲ ਹੋ ਜਾਏਗਾ ਅਤੇ ਸਰਮਾਏਦਾਰੀ ਝੱਟ ਪਲੇਟ ਵਿਚ ਰਖ ਕੇ ਫੜਾ ਦੇਵੇਗੀ। ਉਹ ਬੰਦੇ ਬਹੁਤ ਸਿਧੜ ਹਨ।" ਇਹ ਅਮਨ ਦੀ ਪ੍ਰਾਪਤੀ ਲਈ ਖੁਦਗਰਜ਼ ਹਿੱਤਾਂ ਅਤੇ ਲੋਕ ਵਿਰੋਧ ਲੋਟੂ ਤਾਕਤਾਂ ਦੀ ਤਾਰ ਜ਼ਰੂਰੀ ਹੈ ਅਤੇ ਇਸ ਲਈ ਹਰ ਕਿਸਮ ਦੇ ਘੋਲ ਦੀ ਲੋੜ ਹੈ। ਸੋ ਅਮਨ ਅਤੇ ਅਮਨ ਸਹਿਹੋਂਦ ਭੀ ਜਮਾਤੀ ਜਦੋ ਜਹਿਦ ਦਾ ਇਕ ਖਾਸ ਰੂਪ ਹੈ। ਅਤੇ ਇਸ ਅਮਨ ਲਹਿਰ ਨੂੰ ਕੌਮੀ ਅਤੇ ਅੰਤਰ-ਰਾਸ਼ਟਰੀ ਪੱਧਰ(ਨਾਲੋ ਨਾਲ ਦੋਹਾਂ ਪੱਧਰਾਂ) ਉਪਰ ਵਧਾਉਣ ਤੇ ਇਸ ਲਈ ਘੋਲ ਦੀ ਲੋੜ ਹੈ। ਨੁਕਲੀਅਰ ਜੰਗ ਸੰਬੰਧ ਅਮਰੀਕਨ ਪ੍ਰਚਾਰ ਕਿ "ਸੀਮਤ ਨੁਕਲੀਅਰ ਜੰਗ" ਅਤੇ "ਨੁਕਲੀਅਰ ਲੜਾਈ ਨੂੰ ਰਵਾਇਤੀ ਢੰਗ ਨਾਲ ਲੜਨ" ਦੇ ਸੰਕਲਪਾਂ ਤੇ ਖਿਆਲਾਂ ਦਾ ਦਲੀਲ ਨਾਲ ਭੀ ਖੰਡਨ ਜ਼ਰੂਰੀ ਹੈ।

ਅਮਨ ਦਾ ਮਸਲਾ ਅਜ ਦਾ ਭਖਦਾ ਮਸਲਾ ਹੈ। ਕਿਉਂਕਿ ਲੜਾਈ ਵਿਰੁਧ ਅਮਨ ਦੀ ਮਹਿਮ ਅਸਲ ਵਿਚ ਅਮਨ ਅਤੇ ਜੰਗ ਵਿਚਕਾਰ; ਜੀਵਨ ਤੇ ਮੌਤ ਵਿਚਕਾਰ; ਲੋਕਾਂ ਅਤੇ ਜੋਕਾਂ ਵਿਚਕਾਰ; ਉਨਤੀ ਅਤੇ ਪਿਛਾਖੜ ਤੇ ਢਾਊ ਵਿਚਕਾਰ; ਆਜ਼ਾਦੀ ਅਤੇ ਨਵ-ਬਸਤੀਵਾਦ ਤੇ ਗੁਲਾਮੀ ਆਦਿ ਵਿਚਕਾਰ ਸਖਤ ਤੇ ਅਮਿਟ ਘੋਲ ਹੈ। ਹਥਿਆਰ ਦੌੜ ਨਾਲ ਆਮ ਆਰਥਕ ਸੰਕਟ ਹੋਰ ਤੇਜ ਹੋਇਆ ਅਤੇ ਇਸ ਨਾਲ ਜਮਾਤੀ ਜਦੋ ਜਹਿਦ ਤੇਜ ਹੁੰਦੀ ਹੈ ਜੋ ਕਈ ਸ਼ਕਲਾਂ ਵਿਚ ਬੇ-ਰੁਜ਼ਗਾਰੀ, ਇਨਫਲੇਸ਼ਨ, ਤਨਖਾਹ ਵਾਧੇ ਤੇ ਬੰਦਸ਼ ਆਦਿ ਵਿਚ ਸਾਹਮਣੇ ਹੈ। ਅਮਰੀਕਾ ਦੇ ਸਮਾਜ ਵਿਗਿਆਨੀ ਸ੍ਰੀ ਸੀ. ਰਾਈਟ ਮਿਲਜ਼ ਨੇ ਲਿਖਿਆ, "

ਇਤਿਹਾਸ ਅਮਰੀਕਣ ਪ੍ਰਬੰਧ ਵਿਰੁਧ ਜਾ ਰਿਹਾ ਹੈ। ਸੱਚ ਇਹ ਹੈ ਕਿ ਅਮਰੀਕਾ ਦੇ ਸੱਤਾ ਦਾ ਸ੍ਰੇਸ਼ਟ ਵਰਗ (Elite) ਅਤੇ ਨੇਟੋ ਦੇ ਕੁਝ ਬੁੱਧੀਜੀਵੀ ਇਹ ਸੋਚਦੇ ਹਨ ਕਿ ਅਮਰੀਕਾ ਤੇ ਪੱਛਮੀ ਸਰਮਾਏਦਾਰੀ ਤਾਕਤਾਂ ਪਾਸ ਸਹੀ ਸੇਧ ਨਹੀਂ। ਇਹ ਸਰਮਾਏਦਾਰੀ ਪ੍ਰਬੰਧ ਦੋਹਾਂ ਪ੍ਰਬੰਧਾਂ ਦੇ ਅਮਨ ਪਸੰਦੀ ਨਾਲ ਮੁਕਾਬਲੇ ਦੇ ਨਤੀਜਿਆਂ ਤੋਂ ਡਰਦਾ ਹੈ। ਉਨ੍ਹਾਂ ਵਿਚੋਂ ਕੁਝ ਸੋਚਦੇ ਹਨ ਕਿ ਦੋਹਾਂ ਪ੍ਰਬੰਧਾਂ ਦੇ ਮੁਕਾਬਲੇ ਵਿਚ ਸ਼ਾਇਦ ਅਮਰੀਕਾ ਫੌਜੀ ਅਮਲ ਨਾਲ ਜਿਤ ਜਾਏ।—ਭਾਵੇਂ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਸ ਜਿੱਤ ਦਾ ਕੀ ਭਾਵ ਤੇ ਅੰਤ ਹੋਵੇਗਾ। ਦੂਜੇ ਪਾਸੇ ਰੂਸ ਵਾਲੇ ਯਕੀਨ ਕਰਦੇ ਹਨ ਕਿ ਉਹ ਜੰਗ ਤੋਂ ਬਿਨਾਂ ਜਿਤ ਸਕਦੇ ਹਨ।"

"ਸੋਈ ਕੰਮ ਕਮਾਇ ਜਿਤ ਮੁਖ ਉਜਲਾ॥" (ਆਸਾ ਮ: 5)

ਪਰ ਪੱਛਮੀ ਸਰਮਾਏਦਾਰੀ ਤਾਕਤਾਂ ਨੂੰ ਅਮਨ ਲਹਿਰ ਤੋਂ ਡਰ ਤੇ ਭੈਅ ਆਉਂਦਾ ਹੈ। ਕਿਉਂਕਿ ਅਮਨ ਨਾਲ ਲੋਕ ਆਪਣੇ ਹੱਕਾਂ ਲਈ ਜਾਇਜ਼ ਘੋਲ ਕਰ ਸਕਦੇ ਹਨ। ਪੈਸੇ ਤੇ ਹਥਿਆਰਾਂ ਦੇ ਜ਼ੋਰ ਨਾਲ ਲੋਕਾਂ ਦੇ ਵਲਵਲੇ ਅਤੇ ਉਮੰਗਾਂ ਨੂੰ ਦਬਾਉਂਦੇ ਹਨ। ਜੰਗ ਨਾਲ ਆਮ ਲੋਕ ਮਰਦੇ ਹਨ ਪਰ ਇਸ ਨੁਕਲੀਅਰ ਜੰਗ ਨਾਲ ਫੌਲਾਦੀ ਤੇ ਸੀਮਿੰਟ ਦੇ ਭੋਰਿਆਂ ਵਿਚ ਬੈਠੇ ਭੀ ਨਹੀਂ ਬਚ ਸਕਦੇ ਅਤੇ ਫਿਰ ਬਾਹਰ ਦਾ ਵਾਯੂਮੰਡਲ ਭੀ ਅਣ-ਮਨੁਖੀ ਗੈਸਾਂ ਤੇ ਗੰਦਗੀ ਨਾਲ ਭਰਿਆ ਹੋਵੇਗਾ। ਹਾਕਮ ਜਮਾਤਾਂ ਅਮਨ ਅਤੇ ਹਥਿਆਰ ਵਿਰੋਧੀ ਲਹਿਰ ਨੂੰ ਭੀ ਕਈ ਢੰਗਾਂ ਨਾਲ ਪਾੜਨ ਤੇ ਕਮਜ਼ੋਰ ਕਰਨ ਦਾ ਯਤਨ ਕਰਦੀਆਂ ਹਨ। ਉਨ੍ਹਾਂ ਨੂੰ ਕਈ ਡਰਾਵੇ, ਲਾਲਚ ਅਤੇ ਸਮਾਜਵਾਦ ਦਾ ਭੈ ਖੜਾ ਕਰਕੇ ਭੀ ਪਾੜਦੇ ਹਨ। ਸੋ ਅਮਨ ਲਹਿਰ ਅਤੇ ਹਥਿਆਰ ਨੂੰ ਘਟਾਉਣ ਤੇ ਖਤਮ ਕਰਨ ਦੀ ਮੰਗ ਲਈ ਭੀ ਲੋਕਾਂ ਨੂੰ ਵਿਚਾਰਧਾਰ ਨਾਲ ਲੇਸ ਅਤੇ ਸਿਆਸੀ ਚੇਤਨਤਾ ਵਧਾਉਣੀ ਪਵੇਗੀ। ਜੰਗ ਬਾਜ਼ਾਂ ਦੇ ਹਰ ਅਮਲ ਅਤੇ ਚਾਲ ਦੀ ਤਹਿ ਤਕ ਜਾਣਾ ਜ਼ਰੂਰੀ ਹੈ ਕਿਉਂਕਿ ਨਹੀਂ ਤਾਂ ਆਮ ਲੋਕ ਭੁਲੇਖੇ ਵਿਚ ਆ ਸਕਦੇ ਹਨ। ਪਰ ਹੁਣ ਇਨ੍ਹਾਂ ਮਾਰੂ ਹਥਿਆਰਾਂ ਵਿਰੁਧ ਦੁਨੀਆਂ ਦੇ ਪੈਮਾਨੇ ਉਤੇ ਆਮ ਲੋਕਾਂ ਡਾਕਟਰਾਂ, ਸਾਇੰਸਦਾਨਾਂ, ਬੁਧੀਜੀਵੀਆਂ ਅਤੇ ਆਮ ਲੋਕਾਂ ਵਲੋਂ ਲਹਿਰ ਉਠ ਰਹੀ ਹੈ। ਯੂ. ਇਨ. ੳ. ਵਿਚ ਲੋਕ ਹਿਤੂ ਪਾਸ ਹੋਏ ਮਤਿਆਂ ਨੂੰ ਅਤੇ ਆਪਸੀ ਕੀਤੇ ਸਮਝੌਤਿਆਂ ਨੂੰ ਭੀ ਅਮਰੀਕਾ ਵਾਲੇ ਠੁਕਰਾ ਰਹੇ ਹਨ। ਅਮਰੀਕਾ ਦੀ ਕੋਸ਼ਿਸ਼ ਸਦਾ ਹੀ ਰਹੀ ਹੈ ਕਿ ਉਹ ਆਪਣਾ ਦਬਾ ਕਾਇਮ ਰੱਖੇ ਅਤੇ ਹਥਿਆਰਾਂ ਤੋਂ ਬਿਨਾਂ ਤੇ ਅਮਨ ਰਾਹੀਂ ਉਸਦੀ ਗਲ ਬਣਦੀ ਨਹੀਂ ਜਿਵੇਂ ਸ੍ਰੀ ਹੈਨਰੀ ਕਿਸਿੰਗਰ ਨੇ 1957 ਵਿਚ ਆਖਿਆ ਸੀ, "ਅਸੀਂ ਆਪਣੀ ਫੌਜੀ ਪ੍ਰਮੁਖਤਾ(ਉਚਤਾ—superiority) ਨੂੰ ਆਪਣੇ ਲਾਭਕਾਰੀ ਹਿਤਾਂ ਵਿਚ ਨਹੀਂ ਬਦਲ ਸਕੇ।" ਪਰ ਦੂਜੇ ਪਾਸੇ ਆਪ ਹੀ ਸ੍ਰੀ ਕਿਸਿੰਗਰ ਲਿਖਦਾ ਹੈ ਕਿ "ਇਸ ਪੈਮਾਨੇ ਦੀ ਵੱਡੀ ਤਬਾਹੀ ਕਰਨਾ ਇਖਲਾਕੀ ਤੇ ਸਿਆਸੀ ਜ਼ਿੰਮੇਵਾਰੀ ਨੂੰ ਤਿਲਾਂਜਲੀ ਦੇਣਾ ਹੈ। ਇਸ ਨਾਲ ਕੋਈ ਭੀ ਸਿਆਸੀ ਪ੍ਰਬੰਧ ਨਹੀਂ ਬਚ ਸਕੇਗਾ।" ਸੋ ਅੱਜ ਲੋੜ ਅਮਨ ਦੀ ਹੈ ਅਤੇ ਸਾਂਝੇ ਮੁਹਾਜ, ਕੌਮੀ ਤੇ ਅੰਤਰ ਰਾਸ਼ਟਰੀ ਪੈਮਾਨੇ ਉਤੇ ਅਮਨ ਲਈ ਆਵਾਜ਼ ਉਠਾਉਣ ਦੀ ਲੋੜ ਹੈ।

ਜੰਗ ਸਮਾਜੀ, ਆਰਥਕ ਤੇ ਰਾਜਸੀ ਪੱਖਾਂ ਦਾ ਅੰਤਰ ਅਮਲ ਹੈ—ਇਹ ਆਖਣਾ ਕਿ ਜੰਗ ਖਤਮ ਨਹੀਂ ਹੋ ਸਕਦੀ ਕਿਉਂਕਿ ਜੰਗਾਂ ਸਦਾ ਰਹੀਆਂ ਹਨ, ਇਹ ਦਲੀਲ ਅਣਜਾਣਪੁਣੇ ਦੀ ਹੈ ਕਿਉਂਕਿ ਇਤਿਹਾਸ ਗਵਾਹ ਹੈ ਕਿ ਇਨਸਾਨ ਵਿਚ ਇਨੀ ਸੱਤਾ ਹੈ ਕਿ ਇਸ ਨੇ ਵਿਹਾਜ ਚੁਕੇ ਸਭ ਅਦਾਰੇ ਤੇ ਪ੍ਰਬੰਧ ਜਿਵੇਂ ਗੁਲਾਮੀ, ਜਾਗੀਰਦਾਰੀ ਅਤੇ ਬਾਦਸ਼ਾਹਤਾਂ ਆਦਿ ਪਿਛੇ ਪਾਈਆਂ। ਅਤੇ ਸਦਾ ਹੀ ਲੋਕਾਂ ਦੀ ਜਿਤ ਹੋਈ ਹੈ। ਅਤੇ ਹੁਣ ਭੀ ਸਮੁਚੇ ਤੇ ਸਾਂਝੀ ਅਵਾਜ਼ ਹੀ ਹੈ ਜਿਸ ਨੇ ਅਮਰੀਕੀ ਪ੍ਰਧਾਨ ਰੇਗਨ ਨੂੰ ਹਥਿਆਰ ਰੋਕੋ ਤੇ ਘਟਾਉ ਰੂਸੀ ਤਜ਼ਵੀਜ ਸੁਨਣ ਤੇ ਮਜ਼ਬੂਰ ਕੀਤਾ ਹੈ। ਅਮਨ ਲਈ ਯੂ. ਐਨ. ੳ. ਅਤੇ ਬਾਹਰ ਮਤੇ ਤੇ ਲਹਿਰਾਂ ਚਲ ਰਹੀਆਂ ਹਨ ਅਤੇ ਪ੍ਰਗਟਾਵੇ ਤੇ ਮੁਜ਼ਾਹਰੇ ਹੋ ਰਹੇ ਹਨ। ਇਸ ਲਹਿਰ ਵਿਚ ਸਭ ਲਈ ਹਿਸਾ ਪਾਉਣਾ ਅਤਿ ਜ਼ਰੂਰੀ ਹੈ। ਇਕ ਸੁਰ ਤੇ ਇਕ ਆਵਾਜ਼ ਹੋ ਕੇ ਅਮਰੀਕਾ ਆਦਿ ਨੂੰ ਮਜ਼ਬੂਰ ਕਰੋ ਕਿ ਹਥਿਆਰ ਘਟਾਉਣ ਤੇ ਅਮਨ ਵਾਅਦਿਆਂ ਨੂੰ ਪੂਰਾ ਕਰੋ ਅਤੇ ਗੈਰ-ਮਨੁਖੀ ਹਰਕਤਾਂ ਦਾ ਖੰਡਨ ਕਰੋ।

"ਹਮੂ ਮਰਦ ਬਾਯਦ ਸ਼ਬਦ ਸੁਖਨਵਾਰ॥
ਨ ਸਿਕਮੇਂ ਦਿਗਰ ਦਰ ਦਹਾਨੇ ਦਿਗਰ॥"
(ਪਾਤਸ਼ਾਹੀ ਦਸਵੀਂ)

(ਭਾਵ— ਆਦਮੀ ਉਹ ਹੈ ਜੋ ਬਚਨ ਦਾ ਪੱਕਾ ਹੋਵੇ। ਇਹੋ ਭੀ ਕੋਈ ਮਰਦਾਊ ਪੁਣਾ ਹੈ ਕਿ ਮੂੰਹ ਵਿਚ ਬਚਨ ਹੋਰ ਤੇ ਦਿਲ ਵਿਚ ਹੋਰ?)

ਵਿਸਾਖੀ ਸੁੱਖੀ ਸਾਂਦੀ ਲੰਘ ਗਈ ਅੰਮ੍ਰਿਤਸਰ 'ਚ ਭਾਰੀ ਜਲੂਸ-ਸਮੁਚਾ ਮੇਲਾ ਫਿਕਾ ਰਿਹਾ

ਜਲ੍ਹਿਆਂ ਵਾਲੇ ਬਾਗ ਵਿਚ ਸ਼ਹੀਦਾਂ ਦੀ ਯਾਦ ਵਿਚ ਸਮਾਗਮ

ਚੰਡੀਗੜ੍ਹ—ਅਕਾਲੀ ਅੰਦੋਲਨ ਤੋਂ ਪੈਦਾ ਹੋਏ ਤਨਾਓ ਨੇ ਅਤੇ ਕਈ ਦਿਨਾਂ ਤੋਂ ਸ਼ੁਰੂ ਹੋਏ ਮੀਹਾਂ ਨੇ ਇਸ ਵਾਰ ਵਿਸਾਖੀ ਦਾ ਰੰਗ ਫਿਕਾ ਹੀ ਪਾ ਰਖਿਆ। ਆਮ ਲੋਕਾਂ ਵਿਚ ਇਸ ਤਿਉਹਾਰ ਨੇ ਬਹੁਤਾ ਉਤਸ਼ਾਹ ਪੈਦਾ ਨਾ ਕੀਤਾ। ਸਵੇਰੇ ਸਵੇਰੇ ਗੁਰਦੁਆਰਿਆਂ ਦੇ ਸਰੋਵਰਾਂ ਅਤੇ ਦਰਿਆਵਾਂ ਦੇ ਪੱਤਣਾਂ ਉਤੇ ਭਾਵੇਂ ਵੱਡੀ ਗਿਣਤੀ ਵਿਚ ਲੋਕਾਂ ਨੇ ਇਸ਼ਨਾਨ ਕੀਤੇ ਪਰ ਦੁਪਹਿਰ ਤਕ ਇਹ ਸਭ ਕੁਝ ਜਿਵੇਂ ਸਧਾਰਨ ਵਾਂਗ ਹੋ ਗਿਆ ਸੀ।

ਇਸ ਤਿਉਹਾਰ ਦਾ ਸਬੰਧ ਬਿਕਰਮੀ ਸੰਮਤ ਦੀ ਸ਼ੁਰੂਆਤ ਮਾਲੀ ਸਾਲ ਦੇ ਆਗਾਜ਼ ਅਤੇ ਹਾੜੀ ਦੀਆਂ ਵਾਢੀਆਂ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿਚ ਇਸਨੂੰ ਖਾਲਸੇ ਦੇ ਜਨਮ ਦਿਨ ਵਜੋਂ ਮਨਾਇਆ ਜਾਂਦਾ ਹੈ।

ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਤੋਂ ਸ਼ੁਰੂ ਹੋਇਆ ਇਕ ਭਾਰੀ ਜਲੂਸ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿਚ ਘੁੰਮਿਆ। ਮੌਸਮ ਦੀ ਖਰਾਬੀ ਦੇ ਬਾਵਜੂਦ ਇਸ ਜਲੂਸ ਵਿਚ ਭਾਰੀ ਗਿਣਤੀ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਜਲੂਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ।

ਇਹ ਜਲੂਸ ਅਕਾਲ ਤਖਤ ਵਿਖੇ ਦਲ ਵਲੋਂ ਵਲੰਟੀਅਰਾਂ ਨੂੰ ਸਹੁੰ ਚੁਕਾਏ ਜਾਣ ਦੇ ਸਮਾਗਮ ਤੋਂ ਤੁਰੰਤ ਬਾਅਦ ਸ਼ੁਰੂ ਹੋਇਆ। ਸ਼ਹਿਰ ਵਿਚ ਸੁਰਖਿਆ ਦੇ ਭਾਰੀ ਪ੍ਰਬੰਧ ਕੀਤੇ ਗਏ ਸਨ। ਸ਼ਹਿਰ ਵਿਚ ਕਿਸੇ ਪਾਸਿਓਂ ਕੋਈ ਮੰਦਭਾਗੀ ਘਟਨਾ ਦੀ ਖਬਰ ਨਹੀਂ ਆਈ ਹੈ।

ਇਹ ਜਲੂਸ ਬਾਬਾ ਫੂਲਾ ਸਿੰਘ ਪੁਲ ਉਤੇ ਜਾਕੇ ਸ਼ਾਂਤੀਪੂਰਬਕ ਸਮਾਪਤ ਹੋਇਆ।

ਪਾਕਿਸਤਾਨ ਵਿਚ ਨਨਕਾਣਾ ਸਾਹਿਬ ਵਿਚ ਵੀ ਸੰਸਾਰ ਭਰ ਵਿਚੋਂ ਆਏ ਕੋਈ ਦਸ ਹਜ਼ਾਰ ਸਿੱਖਾਂ ਨੇ ਵਿਸਾਖੀ ਦਾ ਤਿਉਹਾਰ ਮਨਾਇਆ।

ਹਾੜੀ ਵੇਚ ਵਟ ਕੇ ਮੇਲੇ ਵਿਚ ਪਹੁੰਚਣ ਵਾਲਾ ਜੱਟ ਇਸ ਵਾਰ ਹਾੜੀ ਪੱਕਣ ਦੀ ਕਲਪਣਾ ਤੋਂ ਵੀ ਵਿਰਵਾ ਇਕ ਉਦਾਸੀ ਭਰੇ ਮਹੌਲ ਵਿਚ ਮੇਲੇ ਵਿਚ ਪਹੁੰਚਿਆ। ਇਕ ਪਾਸੇ ਕਣਕਾਂ ਦਾ ਫਿਕਰ ਦੂਜੇ ਪਾਸੇ ਫਿਰਕੂ ਤਨਾਓ ਦਾ ਸਹਿਮ ਲੈ ਕੇ ਆਈ ਵਿਸਾਖੀ ਨੇ ਅੰਮ੍ਰਿਤਸਰ ਸ਼ਹਿਰ ਵਿਚ ਭੈਅ ਦਾ ਵਾਤਾਵਰਨ ਬਣਾਈ ਰੱਖਿਆ।

ਪੰਜਾਬ ਦੇ ਹੋਰ ਸ਼ਹਿਰਾਂ ਤੋਂ ਆਈਆਂ ਰੀਪੋਰਟਾਂ ਅਨੁਸਾਰ ਕਈ ਥਾਵਾਂ ਉਤੇ ਹਿੰਦੂਆਂ ਅਤੇ ਸਿਖਾਂ ਨੇ ਇਸ ਤਿਉਹਾਰ ਨੂੰ ਸਾਂਝੇ ਤੌਰ ਉਤੇ ਮਨਾਇਆ।

ਕੇਸਗੜ੍ਹ ਗੁਰਦੁਆਰਾ ਅਨੰਦਪੁਰ ਸਾਹਿਬ ਵਿਖੇ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ "ਖਾਲਸਾ ਫੌਜ" ਸਾਜੀ ਸੀ ਵੀ ਉਥੇ ਵੀ ਭਾਰੀ ਮੇਲਾ ਲੱਗਿਆ। ਬਠਿੰਡਾ ਨੇੜੇ ਗੁਰਦੁਆਰਾ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚ ਵੀ ਮੇਲਾ ਕਾਫੀ ਭਰਿਆ।

ਸੂਬਾ ਸਰਕਾਰ ਨੇ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਬਣਾਈ ਰੱਖਣ ਲਈ ਕਰੜੇ ਪ੍ਰਬੰਧ ਕੀਤੇ ਹੋਏ ਸਨ ਅਤੇ ਹਥਿਆਰ ਲੈ ਕੇ ਚੱਲਣ ਅਤੇ ਠੇਕੇ ਖੋਲਣ 'ਤੇ ਰੋਕ ਸੀ।

ਅੰਮ੍ਰਿਤਸਰ ਦਰਬਾਰ ਸਾਹਿਬ ਸਰਵੋਰ ਵਿਚ ਅਤੇ ਲਗਪਗ ਇਕ ਲੱਖ ਲੋਕਾਂ ਨੇ ਦੁਰਗਿਆਨਾ ਮੰਦਰ ਦੇ ਸਰੋਵਰ ਵਿਚ ਇਸ਼ਨਾਨ ਕੀਤਾ। ਜਲ੍ਹਿਆਂ ਵਾਲੇ ਬਾਗ ਵਿਚ ਅਜ਼ਾਦੀ ਦੇ ਸ਼ਹੀਦਾਂ ਦੀ ਯਾਦ ਵਿਚ ਭਾਰੀ ਸਮਾਗਮ ਕੀਤਾ ਗਿਆ। ਕੌਮੀ ਏਕਤਾ ਦਿਵਸ ਵਜੋਂ ਮਨਾਏ ਗਏ ਇਸ ਸਮਾਗਮ ਵਿਚ ਪੁਲਸ ਦੀ ਟੁਕੜੀ ਨੇ ਹਥਿਆਰ ਉਲਟੇ ਕਰਕੇ ਸ਼ਹੀਦਾਂ ਨੂੰ ਸਲਾਮੀ ਦਿਤੀ।

ਇਸ ਮੌਕੇ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਭਾਰਤ ਦੇ ਰਾਸ਼ਟਰਪਤੀ ਪ੍ਰਧਾਨ ਮੰਤਰੀ ਅਤੇ ਪੰਜਾਬ ਸਰਕਾਰ ਵਲੋਂ ਸ: ਸਰਦਾਰ ਸਿੰਘ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ ਪੁਸ਼ਪ ਮਾਲਾਵਾਂ ਭੇਂਟ ਕੀਤੀਆਂ। ਸ: ਗੁਰਦਿਆਲ ਸਿੰਘ ਢਿੱਲੋਂ, ਸਾਬਕਾ ਕੇਂਦਰੀ ਮੰਤਰੀ ਨੇ ਸਪੀਕਰ ਲੋਕ ਸਭਾ ਵਲੋਂ ਪੁਸ਼ਪ ਮਾਲਾ ਭੇਂਟ ਕੀਤੀ। ਰਾਜਨੀਤਕ, ਸਮਾਜਕ, ਧਾਰਮਿਕ ਸਵੈ ਇਛਕ ਜਥੇਬੰਦੀਆਂ ਅਤੇ ਜਲ੍ਹਿਆਂਵਾਲਾ ਬਾਗ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਨੇ ਵੀ ਸੁਤੰਤਰਤਾ ਦੀ ਲਾਟ ਤੇ ਪੁਸ਼ਪ ਮਾਲਾਵਾਂ ਭੇਂਟ ਕੀਤੀਆਂ। ਪ੍ਰਧਾਨ ਮੰਤਰੀ, ਮੁਖ ਮੰਤਰੀ, ਹਰਿਆਣਾ ਅਤੇ ਕਾਮਰੇਡ ਰਾਮ ਕਿਸ਼ਨ, ਸਾਬਕਾ ਮੁਖ ਮੰਤਰੀ ਪੰਜਾਬ ਵਲੋਂ ਇਸ ਮੌਕੇ ਤੇ ਸ਼ਰਧਾਂਜਲੀ ਦੇ ਸੰਦੇਸ਼ ਪ੍ਰਾਪਤ ਹੋਏ।

ਬੇੜੀ ਡੁਬਣ ਨਾਲ 60 ਮੌਤਾਂ ਦਾ ਸ਼ੱਕ

ਕਲਕੱਤਾ—ਡਾਇਮੰਡ ਹਾਰਬਰ ਤਹਿਸੀਲ ਵਿਚ ਪੈਂਦੀ ਹੁਗਲੀ ਨਦੀ ਵਿਚ ਇਕ ਕਿਸ਼ਤੀ ਡੁਬਣ ਨਾਲ ਘਟੋ ਘਟ 60 ਵਿਅਕਤੀਆਂ ਦੇ ਮਰਨ ਦਾ ਖਦਸ਼ਾ ਹੈ। ਇਹਨਾਂ ਵਿਚ ਬਹੁਤੇ ਇਸਤਰੀਆਂ ਦੇ ਬੱਚੇ ਹਨ।

ਅਧੀ ਰਾਤ ਤਕ 3 ਲਾਸ਼ਾਂ ਬਰਾਮਦ ਹੋਈਆਂ ਸਨ। 20 ਹੋਰਾਂ ਬਚਾ ਲਿਆ ਗਿਆ ਸੀ। ਇਹਨਾਂ ਤੋਂ ਇਲਾਵਾ ਕਿਸ਼ਤੀ ਵਿਚ 60 ਤੋਂ ਵੱਧ ਹੋਰ ਮੁਸਾਫਰ ਵੀ ਸਨ।

5 ਮਾਮਲਿਆਂ ਤੋਂ ਬਿਨਾਂ ਹੋਰ ਸਾਰੇ ਮਾਮਲੇ ਰਾਜਾਂ ਕੋਲ ਹੋਣ — ਰੈਡੀ

ਅਨੰਤਪੁਰ—ਸਾਬਕਾ ਰਾਸ਼ਟਰਪਤੀ ਸ੍ਰੀ ਸੰਜੀਵਾ ਰੈਡੀ ਨੇ ਰਾਏ ਦਿਤੀ ਹੈ ਕਿ ਕੇਂਦਰ—ਰਾਜ ਸੰਬੰਧਾਂ ਦੀ ਨਿਸ਼ਾਨ ਦੇਹੀ ਮੁੜ ਤੋਂ ਹੋਣੀ ਚਾਹੀਦੀ ਹੈ। ਕੇਂਦਰ ਕੋਲ ਕੇਵਲ ਰੱਖਿਆ, ਬਦੇਸ਼ੀ ਮਾਮਲੇ, ਸੰਚਾਰ ਕਰੰਸੀ ਤੇ ਬਦੇਸ਼ ਵਪਾਰ ਦੇ ਮਾਮਲੇ ਹੀ ਰਹਿਣੇ ਚਾਹੀਦੇ ਹਨ। ਬਾਕੀ ਸਾਰੇ ਮਾਮਲੇ ਰਾਜਾਂ ਦੇ ਹੱਥਾਂ ਵਿਚ ਹੋਣੇ ਚਾਹੀਦੇ ਹਨ।

ਯੂ. ਐਨ. ਆਈ. ਨਾਲ ਇਕ ਮੁਲਾਕਾਤ ਵਿਚ ਸ੍ਰੀ ਰੈਡੀ ਨੇ ਸੁਝਾ ਦਿਤ ਇਹ ਤਬਦੀਲੀ ਲਿਆਉਣ ਲਈ ਸੰਵਿਧਾਨ ਵਿਚ ਤਰਮੀਮ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਜਦੋਂ ਉਹ ਆਂਧਰਾਂ ਪ੍ਰਦੇਸ਼ ਦੇ ਮੁਖ ਮੰਤਰੀ ਸਨ ਤਾਂ ਉਹਨਾਂ ਉਦੋਂ ਵੀ ਕੇਂਦਰ ਸਾਹਮਣੇ ਇਹ ਤਜਵੀਜ਼ ਪੇਸ਼ ਕੀਤੀ ਸੀ।

ਨਿਹੰਗਾਂ ਵਲੋਂ ਨਿਹੰਗਾਂ ਤੇ ਗੋਲੀ

ਬਠਿੰਡਾ—ਇਥੇ ਗੁਰਦੁਆਰਾ ਦਮਦਮਾ ਸਾਹਿਬ ਵਿਚ ਉਸ ਸਮੇਂ ਸ਼ਰਧਾਲੂਆਂ ਵਿਚ ਭਗਦੜ ਮਚ ਗਈ ਜਦੋਂ ਮੇਲੇ ਵਿਚ ਨਿਹੰਗਾਂ ਦੇ ਦੋ ਗਰੁਪਾਂ ਵਿਚਕਾਰ ਗੋਲੀਬਾਰੀ ਸ਼ੁਰੂ ਹੋ ਗਈ। ਇਸ ਗੋਲੀਬਾਰੀ ਵਿਚ ਇਕ ਨਿਹੰਗ ਜ਼ਖਮੀ ਹੋ ਗਿਆ। ਉਸਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਇਸੇ ਵੇਲੇ ਬਹੁਤ ਸਾਰੇ ਹੋਰ ਨਿਹੰਗ ਇਕੱਠੇ ਹੋ ਗਏ। ਇਹਨਾਂ ਨੇ ਦੋਹਾਂ ਗਰੁਪਾਂ ਵਿਚਕਾਰ ਠੰਢ ਠਰੰਮਾ ਕਰਵਾਇਆ। ਪੁਲਸ ਵੀ ਮੌਕੇ ਤੇ ਪਹੁੰਚੀ।

ਹਰਮਿੰਦਰ ਸਿੰਘ ਸੰਧੂ ਦਾ ਭਰਾ ਸਮਗਲਿੰਗ 'ਚ ਕਾਬੂ—ਹੋਰ ਜਾਂਚ ਲਈ ਪੁਲਸ ਦਿੱਲੀ ਨੂੰ

ਅੰਮ੍ਰਿਤਸਰ—ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਹਰਮਿੰਦਰ ਸੰਧੂ ਦਾ ਭਰਾ ਉਪਕਾਰ ਸੰਧੂ ਦਿੱਲੀ ਵਿਚ 10 ਲਖ ਰੁਪਏ ਦੀ ਤਿੰਨ ਕਿਲੋ ਹੈਰੋਇਨ ਦੀ ਸਮਗਲਿੰਗ ਦੇ ਦੋਸ਼ ਗ੍ਰਿਫਤਾਰ ਕੀਤਾ ਗਿਆ ਹੈ। ਅੰਮ੍ਰਿਤਸਰ ਦੀ ਪੁਲੀਸ ਪਾਰਟੀ ਇਹ ਇਤਲਾਹ ਮਿਲਣ ਤੇ ਸ: ਸੁਰਜੀਤ ਸਿੰਘ ਬੈਂਸ ਐਸ. ਐਸ. ਪੀ. ਦੀ ਹਿਦਾਇਤ ਉਤੇ ਡੀ. ਐਸ. ਪੀ. ਦੀ ਅਗਵਾਈ ਹੇਠ ਦਿਲ ਰਵਾਨਾ ਹੋ ਗਈ ਹੈ। ਉਪਕਾਰ ਸਿੰਘ ਦੇ ਵਿਰੁਧ ਥਾਣਾ ਸਿਵਲ ਲਾਈਨਜ਼ ਵਿਚ ਇਕ ਮਸ਼ਹੂਰ ਅਕਾਲੀ ਜਥੇਦਾਰ ਅਮਰੀਕ ਰਣਗੜ੍ਹ ਦੇ ਦੋ ਲੜਕੇ ਅਗਵਾ ਕਰਨ ਦਾ ਮੁਕੱਦਮਾ ਧਾਰਾ 364 ਦੇ ਤਹਿਤ ਦਰਜ ਹੈ। ਇਸ ਤੋਂ ਇਲਾਵਾ ਹੁਣ ਉਸ ਵਿਰੁਧ ਫੌਜੀ ਰਾਜ ਦੁਸ਼ਮਣ ਦੇਸ਼ਾਂ ਨੂੰ ਦੱਸਣ ਦਾ ਵੀ ਅਤੇ ਵਿਦੇਸ਼ੀ ਏਜੰਟ ਹੋਣ ਦਾ ਵੀ ਦੋਸ਼ ਹੈ ਜਿਸ ਦੀ ਜਾਂਚ ਲਈ ਉਸਨੂੰ ਦਿੱਲੀ ਤੋਂ ਇਥੇ ਲਿਆਂਦਾ ਜਾ ਰਿਹਾ ਹੈ।

ਵਖਵਾਦੀਆਂ ਵਿਰੁਧ ਸਾਵਧਾਨੀ ਦੀ ਲੋੜ -- ਇੰਦਰਾ

ਨਵੀਂ ਦਿੱਲੀ—ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਵੱਖਵਾਦੀ ਤਾਕਤਾਂ ਵਿਰੁਧ ਲੋਕਾਂ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਇਹ ਤਾਕਤਾਂ ਦੇਸ਼ ਦੀ ਏਕਤਾ ਦੀਆਂ ਡੂੰਘੀਆਂ ਜੜ੍ਹਾਂ ਨੂੰ ਪੁੱਟਣਾ ਚਾਹੁੰਦੀਆਂ ਹਨ।

ਘਰ ਬਨਾਣਾ ਹੈ ਤੋ ਪੱਥਰ ਕਾ ਬਨਾਓ ਲੋਗੋ,
ਟੂਟ ਜਾਏਗਾ ਯੇ ਸ਼ੀਸ਼ੇ ਕਾ ਬਨਾਤੇ ਕਯੋਂ ਹੋ।

ਏਕ ਦਿਨ ਤੁਜ ਕੋ ਹੀ ਡੱਸ ਲੇਗਾ ਜਵਾਂ ਹੋ ਕਰ ਵੋ,
ਨਾਗ ਕੇ ਬੱਚੇ ਕੋ ਤੁਮ ਦੂਧ ਪਿਲਾਤੇ ਕਯੋਂ ਹੋ।

151 ਰੁਪਏ ਭਾਅ ਕਣਕ ਦਾ ਲਾਗਤ ਕੀਮਤ ਤੋਂ ਵੀ ਘੱਟ— 165 ਰੁਪਏ ਦੀ ਮੰਗ

ਕਿਸਾਨ ਸਭਾ ਹੋਰ ਜਥੇਬੰਦੀਆਂ ਨਾਲ ਮਿਲਕੇ ਸੰਘਰਸ਼ ਕਰੇਗੀ

ਜਲੰਧਰ—ਪੰਜਾਬ ਕਿਸਾਨ ਸਭਾ ਦੇ ਸੀਨੀਅਰ ਉਪਰ ਪ੍ਰਧਾਨ ਸਾਥੀ ਸ਼ਮਸ਼ੇਰ ਸਿੰਘ ਜੋਸ਼ ਤੇ ਸਕੱਤਰ ਡਾਕਟਰ ਜੋਗਿੰਦਰ ਦਿਆਲ ਨੇ ਵੱਖਰੇ ਵੱਖਰੇ ਬਿਆਨਾਂ ਵਿਚ ਕੇਂਦਰ ਸਰਕਾਰ ਵਲੋਂ ਇਸ ਸਾਲ ਲਈ ਐਲਾਨ ਕੀਤੀ ਗਈ 151 ਰੁਪਏ ਪ੍ਰਤੀ ਕੁਵਿੰਟਲ ਕਣਕ ਦੀ ਘੱਟੋ ਘੱਟ ਖਰੀਦ ਕੀਮਤ ਨੂੰ ਕਣਕ ਦੀ ਅਸਲ ਲਾਗਤ ਕੀਮਤ ਨੂੰ ਵੀ ਪੂਰਾ ਨਾ ਕਰਨ ਵਾਲਾ ਦਸਿਆ ਹੈ, ਤੇ 165 ਰੁਪਏ ਪ੍ਰਤੀ ਕੁਵਿੰਟਲ ਭਾਅ ਦੀ ਮੰਗ ਕੀਤੀ ਹੈ।

ਉਹਨਾਂ ਕਿਹਾ ਕਿ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਥਿਤ ਖੇਤੀ ਕੀਮਤ ਕਮਿਸ਼ਨ ਨੇ 3 ਮਹੀਨੇ ਪਹਿਲਾਂ ਕਣਕ ਦੀ ਵਸੂਲੀ ਕੀਮਤ 150 ਰੁਪਏ ਮਿਥਣ ਦੀ ਸਿਫਾਰਸ਼ ਕੀਤੀ ਸੀ ਅਤੇ ਕੇਂਦਰ ਸਰਕਾਰ ਨੇ ਇਸ ਵਿਚ ਸਿਰਫ ਇਕ ਰੁਪਏ ਦਾ ਵਾਧਾ ਕਰਕੇ ਕਿਸਾਨਾਂ ਨਾਲ ਮਜ਼ਾਕ ਕੀਤਾ ਹੈ। ਕੀਮਤ ਕਮਿਸ਼ਨ ਵਲੋਂ ਸਿਫਾਰਸ਼ ਕੀਤੀ ਗਈ ਕੀਮਤ ਵੀ ਇਤਨੀ ਘੱਟ ਸੀ ਕਿ ਇੰਕਾ ਦੀ ਹਕੂਮਤ ਵਾਲੇ ਕਣਕ ਪੈਦਾ ਕਰਨ ਵਾਲੇ ਰਾਜਾਂ ਦੀਆਂ ਸਰਕਾਰਾਂ ਨੇ ਵੀ ਇਸ ਰੱਦ ਕਰ ਦਿਤਾ ਸੀ ਤੇ ਪੰਜਾਬ ਸਰਕਾਰ ਨੇ ਵੀ 165 ਰੁਪਏ ਪ੍ਰਤੀ ਕੁਵਿੰਟਲ ਭਾਅ ਦੀ ਮੰਗ ਕੀਤੀ ਸੀ।

ਤੇ ਹੁਣ ਰਾਜ ਸਰਕਾਰ ਨੇ ਮਾਰਕੀਟ ਫੀਸ 1 ਪ੍ਰਤੀਸ਼ਤ ਵਧਾ ਦਿਤੀ ਹੈ ਅਤੇ ਪੰਜਾਬ ਰਾਜ ਬਿਜਲੀ ਬੋਰਡ ਨੇ ਟਿਊਬਵੈਲਾਂ ਦੇ ਬਿਜਲੀ ਦੇ ਫਲੈਟ ਰੇਟ ਵੀ 30 ਪ੍ਰਤੀਸ਼ਤ ਵਧਾ ਦਿਤੇ ਹਨ। ਜਿਸ ਨਾਲ ਖੇਤੀ ਜਿਨਸਾਂ ਦੀ ਲਾਗਤ ਕੀਮਤ ਹੋਰ ਵਧ ਗਈ ਹੈ।

5 ਮਈ ਵਾਲੇ ਦਿਨ ਆਪਣੀ ਵੋਟ ਪਾਉਣਾ ਨਾ ਭੁੱਲੋ

Sole Agents

Ambika Enterprises Ltd.

5125, Victoria Drive, Vancouver, B.C. V5S 3V1 Ph. 327-0295

Do you need a health tonic...if you're in good health?
What is the secret of amla ?
What was the "elixir of life" ?

Startling facts about the world's best known ayurvedic tonic Chyawanprash

Dabur

The elixir of life

Chyawanprash literally means "food for Chyawan Rishi". The legend goes that Chyawanprash was first created 3,000 years ago as a health food by the physicians of the Gods.

So amazing were its powers, that the rishis often called it "Jeevan" or "the elixir of life".

The rishis believed that it not only built up resistance and kept body tissues young...it also kept the mind alert and improved memory.



3,000 years later... Dabur Chyawanprash

For centuries, Chyawanprash remained a secret of the rishis and a few remote ashrams.

It was only in 1884, when Dabur set up their first ayurvedic plant, that Chyawanprash became easily available to everyone.

Dabur Chyawanprash is made from over 40 carefully selected herbs and ingredients. The most important of these is fresh amla. It also contains Dashmool (10 roots), Ashtawarg (8 herbs), til oil ghee, sugar and spices.




THE SECRET OF AMLA

It was the early ayurveds who first discovered that amla is nature's best defence against illness. It is the richest known source of natural Vitamin C. In fact, amla juice contains 20 times more Vitamin C than orange juice !

ਆਮਲੇ ਦਾ ਭੇਦ


ਇਹ ਪੁਰਾਣੇ ਆਯੁਰ ਵੈਦਾਂ ਨੇ ਲੱਭਿਆ ਕਿ ਬੀਮਾਰੀ ਰੋਕਣ ਲਈ ਆਮਲਾ ਵਧੀਆ ਚੀਜ਼ ਹੈ। ਇਸ ਤੋਂ ਤੁਸੀਂ ਵੱਧ ਤੋਂ ਵੱਧ ਵਿਟਾਮਿਨ ਸੀ ਹਾਸਲ ਕਰ ਸਕਦੇ ਹੋ। ਆਮਲਾ ਜੂਸ ਵਿਚ ਸੰਤਰੇ ਦੇ ਜੂਸ ਨਾਲੋਂ 20 ਗੁਣਾਂ ਵੱਧ ਵਿਟਾਮਿਨ ਸੀ ਹੈ।

An amazing medical discovery



For years people felt that all Vitamin C did was prevent colds.

It was Dr. Linus Pauling, two-time winner of the Nobel Prize, who found



that Vitamin C revitalizes body tissues and slows down the ageing process. It also controls high blood pressure and reduces the chances of a heart attack.

ਵਿਟਾਮਿਨ ਸੀ ਸਰੀਰ ਦੇ ਤੰਤੂਆਂ ਨੂੰ ਦੁਬਾਰਾ ਸ਼ਕਤੀ ਦਿੰਦਾ ਹੈ ਅਤੇ ਬੁਢਾਪੇ ਨੂੰ ਰੋਕਦਾ ਹੈ। ਇਹ ਹਾਈ ਬਲੱਡ ਪਰੈਸ਼ਰ ਦੀ ਰੋਕਥਾਮ ਲਈ ਉਪਯੋਗੀ ਹੈ ਅਤੇ ਹਾਰਟ ਅਟੈਕ ਦੇ ਖਤਰੇ ਨੂੰ ਵੀ ਘਟਾਉਂਦਾ ਹੈ।

DR. ASHOK MAJUMDAR, RENOWNED AYURVEDIC EXPERT SAYS :

"I strongly recommend Dabur Chyawanprash to all my patients. It has a wide range of long-term benefits for both young and old."

The complete health food for your family

Dabur Chyawanprash is more than just a health tonic – it's a complete health food for everyone in your family.

It builds up the resistance of the body and protects it from infections; it tones up the muscles and helps in the growth of tissues; it helps to fully utilise the proteins in the body; it keeps you active and full of energy.

Dabur Chyawanprash is manufactured in fully-automated plants by the world's largest manufacturers of ayurvedic products.

Dabur Chyawanprash—your daily ounce of prevention



Ayurveda has always believed that prevention is better than cure. By building up the body's natural resistance to infection, Dabur Chyawanprash helps to keep your family healthy.

Make Dabur Chyawanprash a daily health habit for everyone in your family.

Does a healthy person need a health tonic ?

Far too many people believe that a health tonic is meant only for those who are sick.

The fact is, that a good health tonic acts as a preventive. It can actually build up the body's resistance and keep you from falling ill easily.

A health tonic therefore, should be taken by everyone in the family.

Why is a natural health tonic better?

When you take vitamins and minerals in their natural form, thay are more easily absorbed by the body.

Because there are absolutely no chemicals or artificial additives, a natural health tonic is completely free from side effects and is safer for children.



Dabur
CHYAWANPRASH
Your family's natural health tonic

ਲਸਣ ਦਾ ਤੇਲ, ਤਵਾਸੀਰ ਤੇ ਦਰਸ਼ਾਸੇਵ

ਅੰਬੀਕਾ ਇੰਟਰਪਰਾਈਜ਼ ਤੋਂ ਮਿਲ ਸਕਦੇ ਹਨ

ਅਸਾਮ 'ਚੋਂ ਹਥਿਆਰਬੰਦ ਪੁਲਸ ਨਹੀਂ ਹਟੇਗੀ

ਵਾਰਤਾ ਲਈ 'ਉਚ ਅਕਾਲੀ' ਦਿੱਲੀ ਆਉਣ -- ਸੇਠੀ

ਨਵੀਂ ਦਿੱਲੀ—ਗ੍ਰਹਿ ਮੰਤਰਾਲੇ ਦੀਆਂ ਗਰਾਂਟ ਮੰਗਾਂ ਉਤੇ ਹੋਈ 15 ਘੰਟਿਆਂ ਦੀ ਬਹਿਸ ਦਾ ਜੁਆਬ ਦਿੰਦਿਆਂ ਗ੍ਰਹਿ ਮੰਤਰੀ ਸ੍ਰੀ ਸੇਠੀ ਨੇ ਅਸਾਮ 'ਚ ਹਾਲਤ ਆਮ ਵਾਂਗ ਹੋਣ ਤਕ ਉਥੋਂ ਨੀਮ ਫੌਜੀ ਦਸਤੇ ਕੱਢਣ ਤੋਂ ਨਾਂਹ ਕਰ ਦਿਤੀ। ਉਹਨਾਂ ਕਿਹਾ ਕਿ ਹਿੰਸਾ ਡੂੰਘੀ ਚਿੰਤਾ ਦਾ ਵਿਸ਼ਾ ਹੈ। ਬਦੇਸ਼ੀ ਤੇ ਕੁਝ ਭਾਰਤੀ ਅਖਬਾਰਾਂ ਦੀਆਂ ਰਿਪੋਰਟਾਂ ਦੀ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਅਸਾਮ ਕਤਲੇਆਮ ਨਿਰਾ ਫਿਰਕੂ ਸੀ। ਉਹਨਾਂ ਕਿਹਾ ਕਿ ਇਹ ਧਾਰਮਿਕ ਭਸ਼ਾਈ ਤੇ ਫਿਰਕੇ ਵਰਾਨਾ ਝੜੱਪਾਂ ਸਨ। ਭਾਵੇਂ ਮਰਨ ਵਾਲਿਆਂ ਵਿਚ ਮੁਸਲਮਾਨਾਂ ਦੀ ਗਿਣਤੀ ਵਧ ਹੈ ਪਰ ਬੰਗਾਲੀ, ਨੇਪਾਲੀ, ਬਿਹਾਰੀ ਤੇ ਕਬਾਇਲੀ ਵੀ ਮਰੇ ਹਨ।

ਅਕਾਲੀਆਂ ਨਾਲ ਗਲਬਾਤ ਸ਼ੁਰੂ ਕਰਨ ਬਾਰੇ ਉਨ੍ਹਾਂ ਕਿਹਾ ਜੇ ਉਚ ਆਗੂ ਇਥੇ ਆਉਣ ਤਾਂ ਅਸੀਂ ਉਹਨਾਂ ਨਾਲ ਗਲਬਾਤ ਕਰਨ ਲਈ ਤਿਆਰ ਹਾਂ ਕਿਉਂਕਿ ਉਹ ਅਥਾਰਟੀ ਨਾਲ ਗਲ ਕਰ ਸਕਦੇ ਹਨ ਤੇ ਮਸਲਿਆਂ ਦੇ ਹੱਲ ਉਤੇ ਪੁਜਿਆ ਜਾ ਸਕਦਾ ਹੈ।

ਸ੍ਰੀ ਸੇਠੀ ਨੇ ਕਿਹਾ ਕਿ ਰਾਜ ਸਰਕਾਰਾਂ ਸਰਕਾਰੀਆ ਕਮਿਸ਼ਨ ਨੂੰ ਸੰਵਿਧਾਨਕ ਤਰਮੀਮਾਂ ਸਮੇਤ ਹਰ ਤਰ੍ਹਾਂ ਦੇ ਸੁਝਾਉ ਦੇਣ ਲਈ ਅਜ਼ਾਦ ਹਨ।

'ਗਾਂਧੀ' ਵੇਖਣ ਤੋਂ ਬਾਦ ਅਮਰੀਕੀ ਕੁੜੀ ਨੇ ਫੌਜ ਛੱਡ ਦਿਤੀ

ਨਿਊਯਾਰਕ—ਇਥੋਂ ਦੀ ਇਕ 28 ਸਾਲਾ ਲੈਸਲੀ ਕੋਲੀ ਨਾਂ ਦੀ ਕੁੜੀ ਨੇ ਗਾਂਧੀ ਫਿਲਮ ਦੇਖਣ ਤੋਂ ਬਾਅਦ ਆਪਣੀ ਨੇਵੀ ਦੀ ਵਰਦੀ ਪਹਿਨਣ ਅਤੇ ਫੌਜੀ ਸੇਵਾਵਾਂ ਦੇਣ ਤੋਂ ਇਨਕਾਰ ਕਰ ਦਿਤਾ।

ਇਸ ਤੇ ਫੌਜੀ ਅਧਿਕਾਰੀਆਂ ਨੇ ਉਸ ਦਾ ਕੋਰਟ ਮਾਰਸ਼ਲ ਕਰ ਦਿਤਾ ਤੇ ਉਸਨੂੰ 57 ਦਿਨ ਦੀ ਕੋਠੀ ਲਾ ਦਿਤੀ ਅਤੇ 60 ਦਿਨਾਂ ਦੀ ਸਖਤ ਮੇਹਨਤ ਦੀ ਸਜ਼ਾ ਦਿਤੀ। ਪਰ ਬੇਲਟੀ ਮੋਰੇ ਦੇ ਫੈਡਰਲ ਜੱਜ ਨੇ ਹੁਣ ਉਸਦੀ ਰਿਹਾਈ ਦੇ ਹੁਕਮ ਕੀਤੇ ਹਨ।

ਡਾ: ਅੰਬੇਦਕਰ ਦਾ ਜਨਮ ਦਿਨ ਮਨਾਇਆ ਗਿਆ

ਨਵੀਂ ਦਿੱਲੀ—ਦੇਸ਼ ਭਰ ਵਿਚ ਡਾ: ਭੀਮ ਰਾਓ ਅੰਬੇਦਕਰ ਦਾ 92ਵਾਂ ਜਨਮ ਦਿਨ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਜਲੰਧਰ ਵਿਚ ਗੁਰੂ ਰਵੀਦਾਸ ਨੌਜਵਾਨ ਸਭਾਵਾਂ ਵਲੋਂ ਸ਼ਹਿਰ ਦੇ ਵੱਖੋ ਵੱਖ ਇਲਾਕਿਆਂ ਵਿਚ ਛੋਟੇ ਜਲੂਸ ਕੱਢੇ ਗਏ। ਇਹਨਾਂ ਜਲੂਸਾਂ ਵਿਚ ਟਰੈਕਟਰਾਂ ਟਰਾਲੀਆਂ ਉਤੇ ਡਾ: ਅੰਬੇਦਕਰ ਦੀਆਂ ਝਾਕੀਆਂ ਬਣਾਈਆਂ ਹੋਈਆਂ ਸਨ।

ਪੰਜ ਵਧੀਆ ਫਿਲਮਾਂ ਦੀ ਚੋਣ

ਕਲਕੱਤਾ—ਬੰਗਾਲੀ ਫਿਲਮ ਜਰਨਲਿਸਟ ਐਸੋਸੀਏਸ਼ਨ ਨੇ ਪੰਜ ਫਿਲਮਾਂ ਨੂੰ ਸਭ ਤੋਂ ਵਧੀਆ ਫਿਲਮਾਂ ਕਰਾਰ ਦਿਤਾ ਹੈ। ਇਹ ਹਨ : ਉਮਰਾਓ ਜਾਨ, ਖਾਰਿਜ, ਕਫਨ ਮੋਨਾ ਤਦਾਂਤਾ ਅਤੇ ਮਰਨਿਲ ਸੈਨ ਦੇ ਨਿਰਦੇਸ਼ਨ ਹੇਠ ਬਣੀ ਬੰਗਾਲੀ ਫਿਲਮ ਅਕਾਨੇਰ ਸਾਮਨੇ।

ਮਰਨਿਲ ਸੈਨ ਅਤੇ ਉਮਰਾਓ ਜਾਨ ਦੇ ਨਿਰਦੇਸ਼ਕ ਮੁਜ਼ਫਰ ਅਲੀ ਨੂੰ ਵਧੀਆ ਨਿਰਦੇਸ਼ ਅਤੇ ਮਨੋਜ ਮਹਿਰਾ ਤੇ ਦਲੀਪ ਕੁਮਾਰ (ਸ਼ਕਤੀ) ਨੂੰ ਵਧੀਆ ਐਕਟਰ ਅਤੇ ਮਮਤਾ ਸ਼ੰਕਰ (ਖਾਰਿਜ) ਅਤੇ ਰੇਖਾ (ਉਮਰਾਓ ਜਾਨ) ਨੂੰ ਵਧੀਆ ਐਕਟਰੈਸ ਚੁਣਿਆ ਗਿਆ ਹੈ।

ਟੀਚਰਾਂ ਨੂੰ ਜੇਲ੍ਹਾਂ ਭਰਨ ਲਈ ਮਜ਼ਬੂਰ ਨਾ ਕਰੋ

ਫਗਵਾੜਾ—ਪ੍ਰਾਈਵੇਟ ਸਕੂਲਜ ਮੈਨੇਜਮੈਂਟਸ ਫੈਡਰੇਸ਼ਨ ਪੰਜਾਬ ਨੇ ਪ੍ਰਾਈਵੇਟ ਸਕੂਲ ਟੀਚਰਾਂ ਦੀਆਂ ਹਾਕੀ ਮੰਗਾਂ ਦੀ ਹਮਾਇਤ ਕੀਤੀ ਹੈ। ਸ੍ਰੀ ਗੁਰਮੀਤ ਪਲਾਹੀ ਪ੍ਰੈਸ ਸਕੱਤਰ ਨੇ ਦਸਿਆ ਕਿ ਫੈਡਰੇਸ਼ਨ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਟੀਚਰਾਂ ਨੂੰ "ਜੇਲਾਂ ਭਰਨ" ਲਈ ਮਜ਼ਬੂਰ ਨਾ ਕਰੇ।

ਫੈਡਰੇਸ਼ਨ ਨੇ ਸਕੂਲਾਂ ਲਈ ਵਧੀ ਗਿਣਤੀ ਅਨੁਸਾਰ ਪੋਸਟਾਂ ਦੇਣ, ਅਨਏਡਿਡ ਸਕੂਲਾਂ ਨੂੰ ਸਹਾਇਤਾ ਦੇਣ ਅਤੇ ਗਰਾਂਟਾਂ ਦੇਣ ਦਾ ਕੰਮ ਸੁਖਾਲਾ ਬਨਾਉਣ ਦੀ ਵੀ ਮੰਗ ਕੀਤੀ ਹੈ।

ਛੇ ਪੰਜਾਬੀ ਸਾਹਿਤਕਾਰਾਂ ਨੂੰ ਇਨਾਮ ਵੰਡੇ ਗਏ

ਨਵੀਂ ਦਿੱਲੀ— ਦਿੱਲੀ ਦੇ ਲੈਫਟੀਨੈਂਟ ਗਵਰਨਰ ਜਗਮੋਹਨ ਨੇ ਪੰਜਾਬ ਦੇ 6 ਉਘੇ ਸਾਹਿਤਕਾਰਾਂ ਨੂੰ ਪੰਜਾਬੀ ਦੇ ਸਾਲਾਨਾ ਸਾਹਿਤਕ ਇਨਾਮ ਦਿਤੇ। ਅਜੀਤ ਕੌਰ ਅਤੇ ਦਵਿੰਦਰ ਸਿੰਘ ਦੇ ਪੰਜਾਬੀ ਦੀ ਸੇਵਾ ਲਈ ਸਨਮਾਨਤ ਕੀਤਾ ਗਿਆ। ਜਦੋਂ ਕਿ ਚਰਨਦਾਸ ਸਿੱਧੂ ਨੂੰ ਉਹਨਾਂ ਦੇ ਡਰਾਮੇ 'ਭਜਨ' ਲਈ ਸਨਮਾਨਤ ਕੀਤਾ ਗਿਆ। ਜਿਨ੍ਹਾਂ ਹੋਰਨਾਂ ਨੂੰ ਇਨਾਮ ਦਿਤੇ ਗਏ ਹਨ ਉਹਨਾਂ ਵਿਚ ਮਹਿੰਦਰ ਕੌਰ ਗਿੱਲ, ਬਚਿੰਤ ਕੌਰ ਤੇ ਜੰਗ ਬਹਾਦਰ ਸਿੰਘ ਹਨ।

ਬੰਗਾਲ 'ਚ ਤੂਫ਼ਾਨ ਨਾਲ ਤੀਹ ਮੌਤਾਂ

ਕਲਕੱਤਾ—ਇਥੇ ਪੁਜੀਆਂ ਸਰਕਾਰੀ ਰਿਪੋਰਟਾਂ ਅਨੁਸਾਰ ਬੀਤੀ ਰਾਤ 24 ਪਰਗਨਾ ਜ਼ਿਲੇ ਵਿਚ ਘਾਈਘਾਟ ਇਲਾਕੇ ਵਿਚ ਆਏ ਇਕ ਜਬਰਦਸਤ ਤੂਫਾਨ ਨਾਲ ਘਟੋ ਘਟ 30 ਵਿਅਕਤੀ ਮਾਰੇ ਗਏ ਅਤੇ ਲਗਪਗ 1500 ਵਿਅਕਤੀ ਜ਼ਖਮੀ ਹੋ ਗਏ ਜਿਹਨਾਂ ਵਿਚੋਂ ਕੁਝ ਵਿਅਕਤੀਆਂ ਦੀ ਹਾਲਤ ਬਹੁਤ ਗੰਭੀਰ ਹੈ।

ਇਹ ਤੂਫਾਨ ਸਿਰਫ ਪੰਜ ਮਿੰਟ ਆਇਆ ਅਤੇ ਤਬਾਹੀ ਮਚਾਉਂਦਾ ਲੰਘ ਗਿਆ। ਜ਼ਖਮੀਆਂ ਵਿਚੋਂ 150 ਦੀ ਹਾਲਤ ਗੰਭੀਰ ਦੱਸੀ ਗਈ ਹੈ। ਲਗਪਗ ਵੀਹ ਪਿੰਡਾਂ ਦੇ ਉਤੋਂ ਦੀ ਗੁਜ਼ਰੇ ਇਸ ਤੂਫਾਨ ਵਿਚ ਦਰਖਤਾਂ ਦਾ ਇਕ ਦਮ ਨਾਸ ਹੋ ਗਿਆ ਅਤੇ ਕਈ ਮਕਾਨਾਂ ਦੀਆਂ ਛੱਤਾਂ ਉਡ ਗਈਆਂ

ਕਰਾਚੀ 'ਚ ਫੇਰ ਫਸਾਦ

ਕਰਾਚੀ—ਪਾਕਿਸਤਾਨ ਦੇ ਇਸ ਸਭ ਤੋਂ ਵੱਡੇ ਸ਼ਹਿਰ ਵਿਚ ਫੇਰ ਫਿਰਕੂ ਦੰਗੇ ਭੜਕ ਉਠੇ ਅਤੇ ਪੁਲਸ ਨੂੰ ਭੜਕੀ ਭੀੜ ਉਤੇ ਅਥਰੂ ਗੈਸ ਛਡਣੀ ਪਈ।

ਸ਼ੀਆ ਸੁੰਨੀ ਮੁਸਲਮਾਨਾਂ ਵਿਚ ਇਕ ਹਜ਼ਾਰ ਤੋਂ ਵਧ ਲੋਕ ਸ਼ਾਮਲ ਸਨ ਜਿਨ੍ਹਾਂ ਨੇ ਕਈ ਘਰਾਂ ਨੂੰ ਅੱਗ ਲਾ ਦਿਤੀ ਅਤੇ ਪੁਲਸ ਉਤੇ ਪਥਰਾਓ ਕੀਤਾ। ਸਤ ਵਿਅਕਤੀ ਜ਼ਖਮੀ ਹੋਣ ਦੀ ਖਬਰ ਹੈ।

ਮਾਨਸਾ, ਸੁਨਾਮ ਤੇ ਸੰਗਰੂਰ ਦੇ ਖੇਤਰਾਂ ਵਿਚ ਗੜੇਮਾਰ ਨਾਲ ਭਿਆਨਕ ਤਬਾਹੀ

ਮਾਨਸਾ—ਮੀਂਹ ਨਾਲ ਹੋਈ ਜ਼ਬਰਦਸਤ ਗੜੇਮਾਰ ਨਾਲ ਸੁਨਾਮ, ਮਾਨਸਾ ਦੇ ਸੰਗਰੂਰ ਦੇ ਸਮੁਚੇ ਇਲਾਕੇ ਵਿਚ ਲਗਪਗ ਸਾਰੀ ਫਸਲ ਤਬਾਹ ਹੋ ਗਈ। ਮਾਨਸਾ ਬਸ ਸਟੈਂਡ ਤੋਂ ਐਸ. ਡੀ. ਐਮ. ਦੀ ਕਚਹਿਰੀ ਤਕ ਇਕ ਕਿਲੋਮੀਟਰ ਦੇ ਰਾਹ ਵਿਚ ਗੜਿਆਂ ਨਾਲ ਭਰੀਆਂ ਟਰਾਲੀਆਂ ਤਬਾਹੀ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਟਰਾਲੀਆਂ ਦੇ ਨਾਲ ਕਿਸਾਨਾਂ ਦੇ ਆਏ ਬੱਚੇ ਤੇ ਤੀਵੀਆਂ ਰੋ ਰਹੇ ਸਨ।

ਆਨੰਦਪੁਰ ਮਤਾ ਦਲ ਵਲੋਂ ਅਪਨਾਉਣ ਉਤੇ ਜਥੇਦਾਰ ਉਮਰਾਨੰਗਲ ਖੁਸ਼

ਬਟਾਲਾ—ਅਕਾਲੀ ਦਲ ਉਘੇ ਆਗੂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਕਿਹਾ ਕਿ ਇਹ ਕਹਿਣਾ ਗਲਤ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਪ੍ਰਸਤਾਵ ਉਤੇ ਅਮਲ ਕਰਨ ਤੇ ਪੰਜਾਬ ਦੇਸ਼ ਤੋਂ ਵੱਖ ਹੋ ਜਾਵੇਗਾ ਉਹਨਾਂ ਕਿਹਾ ਸਚਾਈ ਇਹ ਹੈ ਕਿ ਸੂਬਿਆਂ ਨੂੰ ਖੁਦਮੁਖਤਾਰੀ ਦੇਣ ਮਗਰੋਂ ਪੰਜਾਬ ਦੀ ਨਹੀਂ ਦੂਜੇ ਸੂਬੇ ਵੀ ਵਧੇਰੇ ਖੁਸ਼ਹਾਲ ਬਣ ਜਾਣਗੇ। ਜਥੇਦਾਰ ਉਮਰਾਨੰਗਲ ਨੇ ਗਲਬਾਤ ਦੌਰਾਨ ਹੋਰ ਕਿਹਾ ਕਿ ਇਸੇ ਪ੍ਰਾਪਤੀ ਲਈ ਜਦ ਉਹਨਾਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਅੱਗੇ ਮਹਾਰਾਜ ਰਣਜੀਤ ਸਿੰਘ ਦਾ ਪਰਚਮ ਲਹਿਰਾਇਆ ਸੀ ਤਾਂ ਅਕਾਲੀ ਹਾਈ ਕਮਾਂਡ ਮੇਰੇ ਨਾਲ ਨਰਾਜ਼ ਹੋ ਗਿਆ ਸੀ ਜਿਸ ਕਾਰਨ ਮੈਨੂੰ ਲਗਪਗ ਪੌਣੇ ਤਿੰਨ ਸਾਲ ਤਕ ਅਗਿਆਤਵਾਸ ਵਿਚ ਰਹਿਣਾ ਪਿਆ ਸੀ ਪਰ ਹੁਣ ਖੁਸ਼ੀ ਦੀ ਗੱਲ ਹੈ ਕਿ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦੇ ਪ੍ਰਸਤਾਵ ਨੂੰ ਵਕਾਰ ਦਾ ਸੁਆਲ ਬਣਾ ਲਿਆ ਹੈ।

ਜ਼ਰਦ ਚੇਹਰੋਂ ਕੋ ਨਹੀਂ ਬਦਲਾ ਬਹਾਰੋਂ ਨੇ ਕਭੀ,
ਅਪਨੀ ਰੂ ਦਾਦ ਯੂੰ ਪਤਝੜ ਕੋ ਸੁਨਾਤੇ ਕਯੋਂ ਹੋ।

ਸੋਕਰਡ ਸਰਕਾਰ ਨੂੰ ਬਦਲ ਦੇਈਏ

"ਸੂਫੀ" ਅਮਰਜੀਤ, ਜਨਰਲ ਸਕੱਤਰ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ਼ ਕੈਨੇਡਾ

ਸੋਸ਼ਲ ਕਰੈਡਿਟ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਦੁਖੀ ਹੋਏ ਲੋਕ ਅੱਜ ਇਹੋ ਆਖ ਰਹੇ ਹਨ : "ਸੋਕਰਡ ਸਰਕਾਰ ਨੂੰ ਬਦਲ ਦੇਈਏ ਇਹ ਆਵਾਜ਼ ਸਾਲ ਤੋਂ ਵੱਧ ਸਮੇਂ ਤੋਂ ਬੇਰੁਜ਼ਗਾਰੀ ਦੀ ਖੱਡ ਵਿਚ ਡਿੱਗੇ ਲੱਖਾਂ ਲੋਕਾਂ ਦੇ ਮੂੰਹ ਚੋਂ ਨਿਕਲ ਰਹੀ ਹੈ। ਇਹੋ ਗੱਲ ਡਾਕਟਰ, ਨਰਸਾਂ ਅਤੇ ਮਰੀਜ਼ ਕਹਿ ਰਹੇ ਹਨ। ਇਹੋ ਗੱਲ ਅਧਿਆਪਕ ਅਤੇ ਵਿਦਿਆਰਥੀ ਕਹਿ ਰਹੇ ਹਨ, ਕਾਨਾਂ ਦੇ ਮਜ਼ਦੂਰ ਕਹਿ ਰਹੇ ਹਨ। ਗੱਲ ਕੀ ਬਹੁ ਗਿਣਤੀ ਬੀ. ਸੀ. ਦੇ ਲੋਕਾਂ ਦੀ ਇਹੋ ਦਿਲੀ ਇਛਾ ਹੈ ਕਿ ਉਹ ਸੋਕਰਡ ਸਰਕਾਰ ਨੂੰ ਕਰਾਰੀ ਹਾਰ ਦੇਣ।

ਚੋਣਾਂ ਦਾ ਐਲਾਨ

ਪਿਛਲੇ ਲੰਘੇ ਸਾਰਾ ਸਾਲ ਹੀ ਲੋਕ ਉਡੀਕਦੇ ਰਹੇ ਕਿ ਕਦੋਂ ਚੋਣਾਂ ਦਾ ਐਲਾਨ ਹੋਵੇ ਤਾਂ ਜੋ ਉਹ ਸਰਕਾਰ ਨੂੰ ਬਦਲ ਦੇਣ। ਸੋਕਰਡ ਸਰਕਾਰ ਇਸ ਤਾੜ ਵਿਚ ਸੀ ਕਿ ਕੋਈ ਅਚਾਨਕ ਚੰਗਾ ਮੌਕਾ ਮਿਲੇ ਤਾਂ ਚੋਣਾਂ ਕਰਵਾ ਕੇ ਜਿੱਤੇ, ਪਰ ਅਜਿਹਾ ਸਮਾਂ ਨਾ ਆਇਆ। ਓੜਕ ਮਿਸਟਰ ਬਿਲ ਬੈਨਟ ਦੀ ਪਾਰਟੀ ਅੰਦਰੂਨੀ ਫੁੱਟ ਦਾ ਸ਼ਿਕਾਰ ਹੋ ਗਈ ਜਿਸ ਨੂੰ ਹੋਰ ਡੂੰਘੇ ਚੋਣ ਤੋਂ ਬਚਾਉਣ ਲਈ ਸਰਕਾਰ ਨੂੰ ਚੋਣਾਂ ਦਾ ਐਲਾਨ ਕਰਨਾ ਪਿਆ।

ਇਹ ਸੋਕਰਡਾਂ ਦਾ ਤਰਲਾ ਅਤੇ ਚਲਾਕੀ ਹੈ ਕਿ ਵੋਟਾਂ ਦੀ ਤਾਰੀਖ ਕੇਵਲ ਇਕ ਮਹੀਨਾ ਪਹਿਲਾਂ ਹੀ ਐਲਾਨੀ। ਇਹ ਥੋੜੇ ਸਮੇਂ ਤੋਂ ਲਾਭ ਉਠਾਉਣ ਦਾ ਇਕ ਬੇਅਰਥ ਯਤਨ ਹੈ ਕਿ ਲੋਕ ਸਰਕਾਰ ਦੇ ਰੌਲੇ ਰੱਪੇ ਵਿਚ ਹੀ ਉਲਝ ਕੇ ਰਹਿ ਜਾਣ। ਪ੍ਰੰਤੂ ਲੋਕ ਤਾਂ ਬੇਰੁਜ਼ਗਾਰੀ ਦੇ ਸਿਤਾਏ ਹੋਏ ਨਿਜੀ ਤਜਰਬੇ ਤੋਂ ਹੀ ਮਨ ਬਣਾਈ ਬੈਠੇ ਹਨ।

ਬੇਰੁਜ਼ਗਾਰੀ

ਵੈਸੇ ਤਾਂ ਸੰਸਾਰ ਭਰ ਵਿਚ ਹੀ ਸਰਮਾਏਦਾਰ ਦੇਸ਼ਾਂ ਵਿਚ ਬੇਰੁਜ਼ਗਾਰੀ ਸਿਖਰਾਂ ਛੋਹ ਰਹੀ ਹੈ, ਕੀ ਅਮਰੀਕਾ, ਕੀ ਇੰਗਲੈਂਡ, ਸਾਰਾ ਹੀ ਯੂਰਪ ਅਤੇ ਭਾਰਤ ਆਦਿ ਬੇਰੁਜ਼ਗਾਰੀ ਦੀ ਮਾਰ ਹੇਠ ਚੀਕਾਂ ਮਾਰ ਰਹੇ ਹਨ। ਇਹ ਸਰਮਾਏਦਾਰ ਪ੍ਰਬੰਧ ਦਾ ਸੰਕਟ ਹੈ ਇਸ ਦਾ ਕੋਈ ਇਲਾਜ ਨਹੀਂ ਜਿਨਾਂ ਚਿਰ ਇਹ ਬੁਨਿਆਦੀ ਤੌਰ ਤੇ ਬਦਲ ਨਹੀਂ ਹੁੰਦਾ। ਸਮਾਜਵਾਦੀ ਦੇਸ਼ਾਂ ਵਿਚ ਬੇਰੁਜ਼ਗਾਰੀ ਨਾਂ ਦੀ ਕੋਈ ਮੁਸੀਬਤ ਕਿਉਂ ਨਹੀਂ ? ਕਿਉਂ ਕਿ ਉਥੇ ਲੁੱਟ ਦਾ ਪ੍ਰਬੰਧ ਖਤਮ ਕੀਤਾ ਜਾ ਚੁਕਾ ਹੈ।

ਬੀ. ਸੀ. ਵਿਚ ਬੇਰੁਜ਼ਗਾਰੀ ਦਾ ਕਾਰਨ, ਫੈਡਰਲ ਸਰਕਾਰ ਅਤੇ ਬੀ. ਸੀ. ਦੀ ਸੋਕਰਡ ਸਰਕਾਰ ਦੀਆਂ ਨੀਤੀਆਂ ਦੇ ਕਾਰਨ ਹੈ। ਬੀ. ਸੀ. ਦੁਨੀਆਂ ਭਰ ਵਿਚ ਹੀ ਇਕ ਅਜਿਹਾ ਅਮੀਰ ਖਿੱਤਾ ਹੈ ਜਿਥੇ ਧਰਤੀ ਵੱਡਮੁਲੇ ਪਦਾਰਥਾਂ ਨਾਲ ਭਰੀ ਪਈ ਹੈ। ਕੋਲਾ, ਧਾਤਾਂ, ਲਕੜੀ, ਕੁਦਰਤੀ ਗੈਸ, ਬਿਜਲੀ ਆਦਿ ਦਾ ਕੋਈ ਅੰਤ ਨਹੀਂ ਹੈ। ਪ੍ਰੰਤੂ ਹਰ ਵਰੇ ਕਰੋੜਾਂ-ਅਰਬਾਂ ਡਾਲਰਾਂ ਦੀ ਪੈਦਾਵਾਰ ਕਰਨ ਵਾਲੇ ਸੂਬੇ ਦੇ ਲੋਕ ਇਸ ਦਸ਼ਾ ਵਿਚ ਕਿਉਂ ਹਨ ? ਕਿਉਂਕਿ ਪਿਛਲੇ ਸੌ ਸਾਲਾਂ ਵਿਚ ਗਾੜ੍ਹੇ ਪਸੀਨੇ ਦੀ ਕਮਾਈ ਨਾਲ ਪੈਦਾ ਕੀਤੀ ਦੌਲਤ ਮੁੱਠੀ ਭਰ ਬਹੁ ਕੌਮੀ ਕਾਰਪੋਰੇਸ਼ਨ ਦੇ ਹੱਥ ਆਈ ਹੈ, ਅਤੇ ਉਹ ਮੁਖ ਕਰਕੇ ਅਮਰੀਕਾ ਦੀਆਂ ਹਨ ਜਿਸ ਕਾਰਨ ਸਾਡੀ ਸਮੁੱਚੀ ਪੈਦਾਵਾਰ ਬਾਰਡਰ ਪਾਰ ਕਰ ਗਈ ਹੈ। ਇਸ ਹੇਰਾ ਫੇਰੀ ਦੀ ਮੁਖ ਜ਼ਿੰਮੇਵਾਰੀ ਸੋਕਰਡ ਸਰਕਾਰ ਉਪਰ ਹੈ।

ਜੇਕਰ ਇਹ ਪੈਦਾ ਕੀਤੀ ਦੌਲਤ ਬੀ. ਸੀ. ਵਿਚ ਹੀ ਖਰਚ ਕੀਤੀ ਜਾਂਦੀ ਤਾਂ ਲੱਖਾਂ ਲੋਕਾਂ ਲਈ ਰੁਜ਼ਗਾਰ ਪੈਦਾ ਕਰਨੀ ਕੋਈ ਵੱਡੀ ਗੱਲ ਨਹੀਂ ਸੀ। ਅੱਜ ਏਥੇ ਲਕੜੀ ਮਿਲਾਂ ਬੰਦ ਹਨ ਪ੍ਰੰਤੂ ਚੀਰਨ ਵਾਲੀਆਂ ਲਾਗਾਂ(ਗੇਲੀਆਂ) ਬਾਹਰ ਦੇਸ਼ਾਂ ਨੂੰ ਜਾ ਰਹੀਆਂ ਹਨ ਕਿਉਂਕਿ ਏਥੋਂ ਦੀਆਂ ਮਿੱਲਾਂ ਦੇ ਮਾਲਕਾਂ ਨੇ ਸਸਤੀ ਮਜ਼ਦੂਰੀ ਲਈ ਹੋਰਨਾਂ ਦੇਸ਼ਾਂ ਵਿਚ ਮਿੱਲਾਂ ਲਾ ਲਈਆਂ ਹਨ।

ਪ੍ਰੰਤੂ ਵੋਟਾਂ ਲੈਣ ਲਈ ਸਰਕਾਰ ਨੇ ਕਈ ਥਾਈਂ ਕਈ ਕੰਮ ਚਾਲੂ ਕੀਤੇ ਹਨ, ਤਾਂ ਜੋ ਲੋਕ ਸਮਝ ਜਾਣ ਕਿ ਸ਼ਾਇਦ ਹੁਣ ਰੋਜ਼ਗਾਰ ਮਿਲ ਜਾਵੇਗੀ। ਇਹ ਸਭ ਅੱਖੀਂ ਘੱਟਾ ਪਾਉਣ ਲਈ ਹੈ। ਪ੍ਰੰਤੂ ਲੋਕ ਸਰਕਾਰ ਦੀਆਂ ਇਨ੍ਹਾਂ ਚਾਲਾਂ ਨੂੰ ਸਮਝਦੇ ਹਨ, ਉਹ ਇਸ ਉਪਰ ਯਕੀਨ ਨਹੀਂ ਕਰਨ ਲੱਗੇ।

ਲੋਕ ਭਲਾਈ ਦੇ ਖਰਚਾਂ ਦੀ ਕਟੌਤੀ

ਪਿਛਲੇ ਸਾਲਾਂ ਵਿਚ ਬਿਲ-ਬੈਨਟ ਸਰਕਾਰ ਨੇ ਇਕ ਇਕ ਕਰਕੇ ਲੋਕ ਭਲਾਈ ਦੇ ਖਰਚਾਂ ਨੂੰ ਲਗਾਤਾਰ ਆਪਣੀ ਕਟੌਤੀ ਦੇ ਕੁਹਾੜੇ ਨਾਲ ਛਾਂਗਣਾ ਜਾਰੀ ਰੱਖਿਆ। ਇਨ੍ਹਾਂ ਹਸਪਤਾਲਾਂ ਵਿਚ ਕਟੌਤੀ ਕਰਕੇ ਜਿਥੇ ਨਰਸਾਂ ਅਤੇ ਡਾਕਟਰਾਂ ਨੂੰ ਬੇਰੁਜ਼ਗਾਰ ਕੀਤਾ ਉਥੇ ਰੋਗੀਆਂ ਦੀਆਂ ਸਹੂਲਤਾਂ ਅਤੇ ਹਸਪਤਾਲਾਂ ਵਿਚ ਮੰਜਿਆਂ ਦੀ ਗਿਣਤੀ ਚੋਖੀ ਘਟਾ ਦਿਤੀ ਗੰਭੀਰ ਰੋਗੀਆਂ ਨੂੰ ਉਪਰੇਸ਼ਨਾਂ ਤੋਂ ਮਗਰੋਂ ਘਰ ਜਾਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ।

ਮੈਡੀਕਲ ਪਲੈਨ ਦੇ ਰੇਟ ਕਈ ਗੁਣਾਂ ਵਧਾ ਦਿਤੇ ਹਨ, ਹਸਪਤਾਲਾਂ ਵਿਚ ਠਹਿਰਨ ਦੇ ਦੌਰਾਨ ਜਿਥੇ ਇਕ ਡਾਲਰ ਰੋਜ਼ ਦੇਣਾ ਪੈਂਦਾ ਸੀ ਉਹ ਸਾਢੇ ਸੱਤ ਡਾਲਰ ਕਰਨ ਦਾ ਫੈਸਲਾ ਕਰ ਰੱਖਿਆ ਹੈ। ਐਂਬੂਲੈਂਸ ਫੀਸ ਵੀ ਵਧਾ ਦਿਤੀ ਗਈ ਹੋਈ ਹੈ।

ਸਕੂਲਾਂ ਵਿਚ ਪ੍ਰਤੀ ਟੀਚਰ ਬੱਚਿਆਂ ਦੀ ਗਿਣਤੀ ਤਾਂ ਪਹਿਲਾਂ ਹੀ ਵਧਾਈ ਜਾ ਚੁਕੀ ਹੈ। ਹੁਣ ਬੱਚਿਆਂ ਨੂੰ ਜੋ ਸਾਮਾਨ ਮਿਲਦਾ ਸੀ ਉਹ ਵੀ ਬੰਦ ਕਰ ਦਿਤਾ ਗਿਆ ਹੈ। ਫੀਸਾਂ ਵਧਾ ਦਿਤੀਆਂ ਗਈਆਂ ਹਨ। ਜਿਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਪੱਧਰ ਲਾਜ਼ਮੀ ਤੌਰ ਤੇ ਹੇਠਾਂ ਡਿੱਗੇਗਾ, ਜਿਸ ਨਾਲ ਉਹ ਚੰਗੀਆਂ ਨੌਕਰੀਆਂ ਪ੍ਰਾਪਤ ਨਹੀਂ ਕਰ ਸਕਣਗੇ।

ਦੂਜੇ ਮੁਲਕਾਂ ਤੋਂ ਆਉਣ ਵਾਲੇ ਲੋਕਾਂ ਦੀ ਪੜ੍ਹਾਈ ਲਈ ਜੋ (ਅੰਗਰੇਜ਼ੀ ਸਿੱਖਣ ਲਈ) ਸਹੂਲਤਾਂ ਮਿਲਦੀਆਂ ਸਨ ਉਹ ਬੰਦ ਕਰ ਦਿਤੀਆਂ ਗਈਆਂ ਹਨ।

ਫੈਰੀਆਂ, ਬੱਸਾਂ ਆਦਿ ਦੇ ਕਿਰਾਏ ਪਹਿਲਾਂ ਹੀ ਵਧਾਏ ਜਾ ਚੁਕੇ ਹਨ। ਇਸ ਤਰਾਂ ਕਈ ਹੋਰ ਲੋਕ ਭਲਾਈ ਦੇ ਕੰਮ ਜਾਂ ਤਾਂ ਬੰਦ ਕਰ ਦਿਤੇ ਹਨ ਜਾਂ ਉਨ੍ਹਾਂ ਉਪਰ ਭਾਰਾ ਟੈਕਸ ਲਾ ਦਿਤਾ ਗਿਆ ਹੈ।

ਬੇ ਮੌਕਾ ਵੱਡੇ ਖਰਚ

ਲੋਕਾਂ ਦੀ ਭਲਾਈ ਦੇ ਖਰਚਿਆਂ ਦੀ ਕਟੌਤੀ ਕਰਕੇ, ਕਈ ਹੋਰ ਚੀਜ਼ਾਂ ਉਪਰ ਭਾਰੀ ਖਰਚ ਕੀਤੇ ਗਏ ਜਿਨ੍ਹਾਂ ਖਰਚਾਂ ਦੀ ਇਸ ਮੰਦਵਾੜੇ ਦੇ ਸਮੇਂ ਕਰਨ ਦੀ ਉਕਾ ਹੀ ਲੋੜ ਨਹੀਂ ਸੀ। ਜਿਵੇਂ ਬੀ. ਸੀ. ਪੈਲੇਸ, ਰੈਪਿਡ ਟਰਾਂਜਿਟ ਸਿਸਟਮ ਆਦਿ ਅਜਿਹੇ ਕੰਮ ਸਨ ਜਿਨ੍ਹਾਂ ਉਪਰ ਕਰੋੜਾਂ ਡਾਲਰ ਖਰਚ ਕੀਤੇ ਗਏ ਜਦੋਂ ਕਿ ਇਹੋ ਸਨ ਹੋਰ ਨੌਕਰੀਆਂ ਪੈਦਾ ਕਰਨ ਲਈ ਖਰਚ ਕੀਤਾ ਜਾਣਾ ਚਾਹੀਦਾ ਸੀ।

ਜਿਵੇਂ ਸਾਡੀ ਭਾਰਤੀ ਕਮਿਊਨਿਟੀ ਆਮ ਕਰਕੇ ਲਕੜੀ ਦੀਆਂ ਮਿੱਲਾਂ ਵਿਚ ਕੰਮ ਕਰਦੀ ਹੈ, ਉਨ੍ਹਾਂ ਨੂੰ ਇਨ੍ਹਾਂ ਖਰਚਾਂ ਤੋਂ ਕੀ ਲਾਭ। ਇਨ੍ਹਾਂ ਖਰਚਾਂ ਨਾਲ ਅਜਿਹੇ ਕੰਮ ਸ਼ੁਰੂ ਹੁੰਦੇ ਜਿਸ ਨਾਲ ਲਕੜੀ ਮਿੱਲਾਂ ਦੇ ਬੇਰੁਜ਼ਗਾਰ ਲੋਕਾਂ ਨੂੰ ਰੋਜ਼ਗਾਰ ਮਿਲਦੀ। ਨਵੇਂ ਘਰ ਬਣਾਏ ਜਾਂਦੇ। ਹੋਰ ਲਕੜੀ ਤੋਂ ਤਿਆਰ ਸਾਮਾਨ ਬਣਾਉਣ ਦੀਆਂ ਫਰਮਾਂ ਲਾਈਆਂ ਜਾਂਦੀਆਂ

ਏਸੇ ਤਰਾਂ ਗਰੇਸਮਾਉਂਟਨ ਦੀ ਸਕੀਇੰਗ ਫਰਮ ਨੂੰ 5 ਸੌ ਮਿਲੀਅਨ ਦੇ ਕਰੀਬ ਡਾਲਰ ਸਹਾਇਤਾ ਲਈ ਦਿਤੇ ਹਨ। ਸਰਕਾਰ ਨੇ ਆਪਣੀ ਪਾਰਟੀ ਦੇ ਪਰਚਾਰ ਲਈ ਪਿਛਲੇ ਕਈ ਮਹੀਨਿਆਂ ਤੋਂ ਲੱਖਾਂ ਡਾਲਰਾਂ ਦੀ ਐਡਵਰਟਾਈਜ਼ਮੈਂਟਾਂ ਕੀਤੀਆਂ ਹਨ। ਇਹ ਸਾਡੇ ਟੈਕਸ ਦੇਣ ਵਾਲੇ ਲੋਕਾਂ ਦੇ ਧਨ ਦਾ ਚੂਨਾ ਹੀ ਕੀਤਾ ਕਿਹਾ ਜਾ ਸਕਦਾ ਹੈ।

ਇਸ ਤਰ੍ਹਾਂ ਸਰਕਾਰ ਨੂੰ ਲੋਕ ਹਿੱਤਾਂ ਨਾਲ ਕੋਈ ਸੰਜੀਦਾ ਵਾਸਤਾ ਨਹੀਂ ਹੈ। ਇਹ ਕਿਹੜੇ ਮੂੰਹ ਨਾਲ ਸਾਡੇ ਕੋਲੋਂ ਵੋਟਾਂ ਦੀ ਆਸ ਰਖ ਸਕਦੀ ਹੈ।

ਸੰਸਾਰ ਅਮਨ ਵੱਲ ਬੇਧਿਆਨੀ

ਅੱਜ ਸਾਰੇ ਸੰਸਾਰ ਉਪਰ ਐਟਮੀ ਹਥਿਆਰਾਂ ਉਪਰ ਲਾਉਣ ਦੀ ਮੰਗ ਕਰਦੀ ਹੋਈ ਬੜੀ ਵੱਡੀ ਅਮਨ ਲਹਿਰ ਉਠੀ ਹੈ। 1982 ਵਿਚ 40 ਹਜ਼ਾਰ ਲੋਕਾਂ ਨੇ ਵੈਨਕੂਵਰ ਵਿਚ ਅਮਨ ਮਾਰਚ ਕੀਤਾ। ਬੀ. ਸੀ. ਦੀਆਂ ਵੈਨਕੂਵਰ ਵਰਗੀਆਂ ਮਿਉਂਸਪਲ ਕਮੇਟੀ ਦੀਆਂ ਚੋਣਾਂ ਸਮੇਂ ਲੋਕਾਂ ਅਮਨ ਰੈਫਰੈਂਡਮ ਦੇ ਹੱਕ ਵਿਚ ਵੋਟਾਂ ਪਾ ਕੇ ਅਮਨ ਲਈ ਆਵਾਜ਼ ਉਚੀ ਕੀਤੀ।

ਅੱਜ ਸੰਸਾਰ ਉਪਰ ਅਮਨ ਤੋਂ ਜ਼ਰੂਰੀ ਹੋਰ ਕੋਈ ਮਸਲਾ ਨਹੀਂ ਹੈ। ਕਿਉਂਕਿ ਅਮਰੀਕੀ ਪ੍ਰਧਾਨ ਰੇਗਨ ਬੇਰੁਜ਼ਗਾਰੀ ਦਾ ਇਲਾਜ ਅਤੇ ਕਿਰਤੀ ਜਮਾਤ ਨੂੰ ਖਤਮ ਕਰਨ ਲਈ ਐਟਮੀ ਲੜਾਈ ਨੂੰ ਇਕ ਇਲਾਜ ਸਮਝ ਰਿਹਾ ਹੈ। ਉਸਨੂੰ ਐਟਮੀ ਲੜਾਈ ਦਾ ਅਜਿਹਾ ਝੱਲ ਚੜ੍ਹਿਆ ਹੋਇਆ ਹੈ ਕਿ ਜੇ ਕਰ ਸੰਸਾਰ ਦੇ ਕਰੋੜਾਂ ਲੋਕ ਅਮਨ ਦੇ ਹੱਕ ਵਿਚ ਨਾ ਖੜੇ ਹੁੰਦੇ ਅਤੇ ਸੋਵੀਅਤ ਦੀ ਅਮਨ ਦੀ ਰਾਖੀ ਲਈ ਐਟਮੀ ਸ਼ਕਤੀ ਨਾ ਹੁੰਦੀ ਤਾਂ ਸੰਸਾਰ ਦਾ ਅੰਤ ਰੇਗਨ ਨੇ ਕਰ ਹੀ ਦੇਣਾ ਸੀ। ਹੁਣ ਵੀ ਇਸ ਸਾਲ ਫਿਰ ਮਹਾਨ ਅਮਨ ਲਹਿਰ ਫਿਰ ਉਠੀ ਹੈ। ਪ੍ਰੰਤੂ ਬੀ. ਸੀ. ਸਰਕਾਰ ਅਮਨ ਦੇ ਮਸਲੇ ਲਈ ਚੁਪ ਹੈ। ਕੀ ਇਹ ਰੇਗਨ ਦੇ ਪਿਛੇ ਹੱਥ ਖੜਾ ਕਰਨ ਦੀ ਗੱਲ ਨਹੀਂ ਹੈ। ਜੋ ਸਰਕਾਰ ਅੱਜ ਅਮਨ ਦੇ ਮਸਲੇ ਬਾਰੇ ਚੁਪ ਹੈ ਉਸ ਦੇ ਖਤਰਨਾਕ ਇਰਾਦੇ ਸਮਝਣੇ ਔਖੇ ਨਹੀਂ ਹਨ। ਸੋਕਰਡ ਸਰਕਾਰ ਮਨੁਖਤਾ ਦੀ ਹੋਂਦ ਲਈ ਲਾਪਰਵਾਹ ਹੈ।

ਗੈਰ ਜਮਹੂਰੀ ਪਹੁੰਚ

ਇਸ ਸੋਕਰਡ ਸਰਕਾਰ ਦੀ ਪਹੁੰਚ ਗੈਰ ਜਮਹੂਰੀ ਹੈ। ਇਸ ਦੇ ਲਈ ਬਹੁ ਸੰਮਤੀ ਦੀ ਰਾਇ ਦਾ ਕੋਈ ਮੁਲ ਨਹੀਂ ਹੈ। ਵੈਨਕੂਵਰ ਦੀ ਬਹੁ ਸੰਮਤੀ ਲੋਕਾਂ ਨੂੰ ਮਿਉਂਸਪਲ ਚੋਣਾਂ ਲਈ ਦੋ ਬਾਰ ਬਹੁ ਸੰਮਤੀ ਨਾਲ ਵਾਰਡ ਸਿਸਟਮ ਦੇ ਹੱਕ ਵਿਚ ਵੋਟ ਪਾ ਕੇ ਆਪਣੀ ਰਾਏ ਦਿਤੀ ਪ੍ਰੰਤੂ ਸੋਕਰਡ ਸਰਕਾਰ ਨੇ ਉਹ ਰੱਦ ਕਰ ਦਿਤਾ। ਕਿਉਂਕਿ ਸਰਕਾਰ ਨਹੀਂ ਚਾਹੁੰਦੀ ਕਿ ਇਸ ਤਰਾਂ ਮਿਉਂਸਪਲ ਚੋਣਾਂ ਵਿਚ ਮਿਹਨਤੀ ਲੋਕਾਂ ਅਤੇ ਘਟ ਗਿਣਤੀ ਦੇ ਨੁਮਾਇੰਦੇ ਚੁਣੇ ਜਾਣ।

ਸਾਡੇ ਲੋਕ ਇਸ ਗੱਲ ਨੂੰ ਭੁਲਣ ਨਹੀਂ ਲਗੇ ਕਿ ਸਰਕਾਰ ਚਲਾ ਰਹੀ ਪਾਰਟੀ ਕਿਹੜੇ ਮੂੰਹ ਨਾਲ ਅੱਜ ਸਾਡੇ ਕੋਲੋਂ ਵੋਟਾਂ ਦੀ ਮੰਗ ਕਰ ਰਹੇ ਹੈ।

ਨਸਲਵਾਦ ਪ੍ਰਤੀ ਰੁਖ

ਇਹ ਸੋਕਰਡ ਸਰਕਾਰ ਦਾ ਸਮਾਂ ਹੀ ਸੀ ਕਿ ਏਥੇ ਕੂ ਕਲਕਸ ਕਲਾਨ ਨੇ ਜਨਮ ਲਿਆ ਅਤੇ ਉਨ੍ਹਾਂ ਕਰਾਸ ਜਲਾਏ। ਭਾਵੇਂ ਲੋਕਾਂ ਦੇ ਦਬਾਉ ਹੇਠ ਕੁਝ ਕਾਨੂੰਨ ਬਣਾਉਣ ਉਪਰ ਸਰਕਾਰ ਨੂੰ ਮਜ਼ਬੂਰ ਹੋਣਾ ਪਿਆ ਸੀ। ਪ੍ਰੰਤੂ K.K.K. ਦੇ ਵਿਰੁਧ ਸਰਕਾਰ ਨੇ ਕੋਈ ਕਾਰਗਰ ਕਦਮ ਨਹੀਂ ਚੁਕਿਆ।

ਆਮ ਤੌਰ ਤੇ ਵੀ ਸਰਕਾਰ ਨੇ ਐਥਨਿਕ ਲੋਕਾਂ ਦੇ ਲਈ ਕੋਈ ਵਿਸ਼ੇਸ਼ ਕੰਮ ਨਹੀਂ ਕੀਤਾ। ਇਹ ਏਥੋਂ ਦੇ ਜਮਹੂਰੀ ਲਹਿਰ ਖਾਸ ਕਰਕੇ ਅਮਨ ਲਹਿਰ ਅਤੇ ਯੂਨੀਅਨਾਂ ਦੀ ਲਹਿਰ ਹੀ ਸੀ ਜਿਸ ਨਾਲ ਨਸਲਵਾਦ ਵਿਰੋਧੀ ਵਾਤਾਵਰਨ ਪੈਦਾ ਹੋਇਆ। ਸਰਕਾਰ ਦੀ ਪੁਲਸ ਦੀ ਵਤੀਰਾ ਸਾਡੇ ਲੋਕਾਂ ਪ੍ਰਤੀ ਨਿੰਦਣ ਯੋਗ ਹੀ ਹੈ।

ਫਾਰਮਾਂ ਦੇ ਕੰਮ ਕਰਨ ਵਾਲੇ ਕਾਮੇਂ

ਫਾਰਮਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਸੇਫਟੀ ਲਈ ਸਰਕਾਰ ਦੇ ਕੰਪਨਸੇਸ਼ਨ ਬੋਰਡ ਨੇ ਇੰਡਸਟਰੀ ਵਾਲੇ ਕਾਨੂੰਨ ਲਾਗੂ ਕਰਨ ਤੋਂ ਇਨਕਾਰ ਕਰ ਦਿਤਾ ਹੈ। ਇਹ ਬੜੀ ਹੀ ਭੇਦ ਭਾਵ ਵਾਲੀ ਨੀਤੀ ਦਾ ਹੀ ਕਾਰਨ ਹੈ, ਕਿਉਂਕਿ ਇਹ ਆਮ ਕਰਕੇ ਭਾਰਤੀ ਅਤੇ ਚੀਨੀ ਲੋਕ ਹੀ ਹਨ ਜੋ ਫਾਰਮਾਂ ਵਿਚ ਲੇਬਰ ਦਾ ਕੰਮ ਕਰਦੇ ਹਨ। ਦਵਾਈ ਦੇ ਅਸਰਾਂ ਤੋਂ ਬਚਾਓ ਲਈ ਅਤੇ ਆਉਣ ਜਾਣ ਦੇ ਲਈ, ਸਹੂਲਤਾਂ ਅਤੇ ਰੱਖਿਆ ਤੋਂ ਇਨਕਾਰ ਕਰਨਾ ਸਰਕਾਰ ਦੇ ਮਿਹਨਤੀ ਲੋਕਾਂ ਵਿਰੁਧ ਵਤੀਰੇ ਕਾਰਨ ਹੀ ਹੈ।

ਸੋਕਰਡ ਸਰਕਾਰ ਦਾ ਬਦਲ

ਭਾਰਤ ਵਿਚ ਅਸੀਂ ਮੰਗਾਂ ਮੰਗਦੇ ਜਲੂਸ-ਮੁਜ਼ਾਹਰੇ ਕਰਦੇ ਸਮੇਂ ਇਕ ਨਾਅਰਾ ਲਾਉਂਦੇ ਹੁੰਦੇ ਸੀ :

ਰੋਟੀ ਰੋਜ਼ੀ ਦੇ ਨਾ ਸਕੇ ਜੋ, ਉਹ ਸਰਕਾਰ ਨਕੰਮੀ ਹੈ।
ਜੋ ਸਰਕਾਰ ਨਕੰਮੀ ਹੈ, ਉਹ ਸਰਕਾਰ ਬਦਲਨੀ ਹੈ।

ਸੋ ਇਹ ਸਿੱਧ ਹੋ ਗਿਆ ਅਤੇ ਅਸੀਂ ਸਭ ਜਾਣਦੇ ਹਾਂ ਕਿ ਸੋਕਰਡ ਸਰਕਾਰ ਨਿਕੰਮ ਹੈ, ਰੋਜ਼ਗਾਰ ਨਹੀਂ ਦੇ ਸਕਦੀ। ਫਿਰ ਇਸ ਸਰਕਾਰ ਨੂੰ ਕਿਹੜੀ ਸਰਕਾਰ ਨਾਲ ਬਦਲਿਆ ਜਾਵੇ ?

ਇਸ ਵੇਲੇ ਇਸਦਾ ਬਦਲ ਸਿਰਫ ਐਨ. ਡੀ. ਪੀ. ਹੀ ਹੈ। ਇਸ ਪਾਰਟੀ ਦੀ ਰਾਜਨੀਤੀ ਮਧਵਰਗ ਦੇ ਲੋਕਾਂ ਦੀ, ਕੌਮੀ ਸਰਮਾਏਦਾਰੀ ਦੇ ਹਿੱਤਾਂ ਦੀ, ਛੋਟੇ ਦੁਕਾਨਦਾਰਾਂ ਅਤੇ ਹੋਰ ਛੋਟੇ ਬਿਜਨਸ ਵਾਲੇ ਲੋਕਾਂ ਦੇ ਹਿੱਤਾਂ ਦੀ ਹੈ। ਜਿਸ ਤੋਂ ਆਮ ਲੋਕਾਂ ਨੂੰ ਵੀ ਕਿਸੇ ਹੱਦ ਤੱਕ ਲਾਭ ਹੋ ਸਕਦਾ ਹੈ। ਕਈ ਘਾਟਾਂ ਦੇ ਬਾਵਜੂਦ ਇਸ ਵੇਲੇ ਐਨ. ਡੀ. ਪੀ. ਹੀ ਇਕ ਪਾਰਟੀ ਹੈ ਜੋ ਸੋਕਰਡ ਦਾ ਬਦਲ ਹੋ ਸਕਦੀ ਹੈ। ਸੋਕਰਡ ਸਰਕਾਰ ਵਲੋਂ ਲੋਕਾਂ ਦੇ ਹਿੱਤਾਂ ਲਈ ਕੁਝ ਕਰ ਸਕਦੀ ਹੈ।

ਬੀ. ਸੀ. ਦੀ ਕਮਿਊਨਿਸਟ ਪਾਰਟੀ ਨੇ ਐਨ. ਡੀ. ਪੀ. ਨੂੰ ਸਾਂਝਾ ਫਰੰਟ ਬਣਾਉਣ ਲਈ ਕਈ ਵਾਰ ਸੱਦਾ ਦਿਤਾ ਹੈ ਪ੍ਰੰਤੂ ਇਸ ਨੇ ਕਦੀ ਹੁੰਗਾਰਾ ਨਹੀਂ ਭਰਿਆ। ਜੇ ਸਾਂਝਾ ਫਰੰਟ ਬਣਦਾ ਤਾਂ ਇਹ ਨਿਸਚੇ ਹੀ ਆਮ ਲੋਕਾਂ ਲਈ ਚੰਗਾ ਸਿੱਧ ਹੁੰਦਾ। ਪ੍ਰੰਤੂ ਐਨ. ਡੀ. ਪੀ. ਮਜ਼ਦੂਰ ਜਮਾਤ ਦੇ ਹਿੱਤਾਂ ਦੀ ਪਾਰਟੀ ਨਾਲ ਜੋੜ ਕਰਨ ਤੋਂ ਮਜ਼ਬੂਰ ਹੈ। ਖੈਰ ਇਹ ਵਿਸ਼ਾ ਪਾਸੇ ਛਡਦੇ ਹੋਏ ਅਸੀਂ ਇਸ ਵੇਲੇ ਇਹੋ ਹੀ ਵਿਚਾਰ ਰੱਖਦੇ ਹਾਂ ਕਿ ਬੀ. ਸੀ. ਵਿਚ ਐਨ. ਡੀ. ਪੀ. ਦੀ ਜਿੱਤ ਲਈ ਸਾਨੂੰ ਵੋਟ ਪਾਉਣੇ ਚਾਹੀਦੇ ਹਨ। ਜੇ ਅਸੀਂ ਅਜਿਹਾ ਨਾ ਕਰਾਂਗੇ ਤਾਂ ਉਹ ਲੋਕ ਦੁਸ਼ਮਣ ਸੋਕਰਡ ਸਰਕਾਰ ਫਿਰ ਗਲ ਪੈ ਜਾਵੇਗੀ।

ਵੋਟ ਦੀ ਵਰਤੋਂ

ਲੋਕ ਹਿੱਤਾਂ ਦੇ ਵਿਰੁਧ ਚੱਲਣ ਲਈ ਸੋਕਰਡ ਸਰਕਾਰ ਪਿਛਲੇ ਸਾਲਾਂ ਵਿਚ ਕਿਵੇਂ ਜਿਤ ਪ੍ਰਾਪਤ ਕਰਦੀ ਰਹੀ ਹੈ ? ਇਸ ਦਾ ਕਾਰਨ ਆਮ ਲੋਕਾਂ ਦਾ ਰਾਜਨੀਤੀ ਤੋਂ ਦੂਰ ਰਹਿਣਾ ਹੀ ਹੈ। ਇਹੋ ਨਹੀਂ ਲੋਕ ਵੋਟਾਂ ਪਾਉਣ ਜਾਂਦੇ ਹੀ ਨਹੀਂ। ਲੋਕਾਂ ਦੀ ਇਹ ਸੁਸਤੀ ਇਕ ਜ਼ਹਿਮਤ ਬਣ ਜਾਂਦੀ ਰਹੀ ਹੈ।

ਸੋ ਸਭਨਾਂ ਲੋਕਾਂ ਨੂੰ ਖਾਸ ਕਰਕੇ ਸਾਡੇ ਭਾਰਤੀ ਲੋਕਾਂ ਨੂੰ ਜ਼ਰੂਰ ਹੀ ਵੋਟ ਪਾਉਣ ਜਾਣਾ ਚਾਹੀਦਾ ਹੈ ਤਾਂ ਜੋ ਸੋਕਰਡ ਸਰਕਾਰ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕੇ।

ਕੁਝ ਸ਼ਬਦ ਐਨ. ਡੀ. ਪੀ. ਨੂੰ

ਜਦੋਂ 1973 ਵਿਚ ਐਨ. ਡੀ. ਪੀ. ਤਿੰਨ ਸਾਲ ਰਾਜ ਕਰਨ ਤੋਂ ਮਗਰੋਂ ਹਾਰ ਖਾ ਗਈ ਸੀ ਤਾਂ ਉਸ ਵੇਲੇ ਦੂਸਰਾ ਲਕੜੀ ਮਿੱਲਾਂ ਦੇ ਕਾਮਿਆਂ ਨੂੰ ਜਬਰੀ ਕੰਮ ਉਪਰ ਵਾਪਸ ਭੇਜਣ ਦੀ ਗਲਤੀ ਦੀ ਸਜ਼ਾ ਮਿਲੀ ਸੀ। ਉਹ ਗਲਤੀ ਕੋਈ ਅਚਾਨਕ ਨਹੀਂ ਸੀ, ਉਹ ਇਸ ਪਾਰਟੀ ਦੀ ਸੋਸ਼ਲ ਡੈਮੋਕਰੈਟਿਕ ਸੋਚ ਅਤੇ ਨੀਤੀਆਂ ਦਾ ਭਾਗ ਸੀ।

ਭਾਵੇਂ ਐਨ. ਡੀ. ਪੀ. ਨੇ ਕੁਝ ਸ਼ਲਾਘਾਯੋਗ ਕੰਮ ਵੀ ਕੀਤੇ ਸਨ ਜਿਵੇਂ ਕਾਰ ਇੰਨਸ਼ੋਰੈਂਸ ਵਿਚ ਭਾਰੀ ਰਿਆਇਤਾਂ ਆਦਿ।

ਅਸੀਂ ਆਸ ਕਰਦੇ ਹਾਂ ਕਿ ਐਨ. ਡੀ. ਪੀ. ਕੋਈ ਵੀ ਮਜ਼ਦੂਰ ਵਿਰੋਧੀ ਕਦਮ ਨਹੀਂ ਚੁਕੇਗੀ। ਰੋਜ਼ਗਾਰ ਦੇ ਮੌਕੇ ਪੈਦਾ ਕਰੇਗੀ। ਵਿਦਿਆ ਦਾ ਮਿਆਰ ਉਚਾ ਅਤੇ ਖਰਚ ਘਟ ਕਰੇਗੀ। ਅਮਨ ਬਾਰੇ ਉਚੀ ਆਵਾਜ਼ ਕਰੇਗੀ। ਮਿੱਲਾਂ, ਕਾਨਾਂ ਆਦਿ ਮੁੜ ਕੇ ਚਾਲੂ ਹੋਣਗੀਆ। ਘਰਾਂ ਦੀ ਉਸਾਰੀ, ਲੋਕਾਂ ਲਈ ਡਾਕਟਰੀ ਸਹਾਇਤਾ ਆਮ ਅਤੇ ਮੁਫਤ ਦੁਆਈਆਂ ਦਾ ਪ੍ਰਬੰਧ ਚਾਲੂ ਕਰੇਗੀ। ਲੋਕ ਭਲਾਈ ਦੇ ਕੰਮ ਲਈ ਆਮਦਨ ਦਾ ਸਾਧਨ, ਬੀ. ਸੀ. ਟੈਲੀਫੂਨ ਅਤੇ ਬੀ. ਸੀ. ਹਾਈਡਰੋ ਆਦਿ ਕੰਪਨੀਆਂ ਨੂੰ ਨੈਸ਼ਨਲਨਾਈਜ਼ ਕਰੇਗੀ। ਅਤੇ ਹਾਈਡਰੋ ਰੇਟ ਘਟਾਵੇਗੀ। ਕਾਰ ਇੰਨਸ਼ੋਰੈਂਸ ਦੇ ਰੇਟ ਘਟਾਏਗੀ।

ਅਸੀਂ ਆਸ ਕਰਦੇ ਹਾਂ ਕਿ ਇਹ ਲੋਕ ਹਿਤਾਂ ਦਾ ਧਿਆਨ ਰਖੇਗੀ ਅਤੇ ਭਵਿਖ ਵਿਚ ਬੀ. ਸੀ. ਵਿਚ ਜਮਹੂਰੀ ਲਹਿਰ, ਅਮਨ ਲਹਿਰ, ਨਸਲਵਾਦ ਵਿਰੋਧੀ ਵਾਤਾਵਰਨ ਉਸਾਰਨ ਵਿਚ ਆਪਣਾ ਹਿੱਸਾ ਪਾਵੇਗੀ।

ਡੇਵ ਬੈਰਿਟ ਮਜ਼ਦੂਰ ਆਗੂਆਂ ਨਾਲ ਗਲਬਾਤ ਸਮੇਂ



ਭਾਰਤ ਵਿਚ ਇੰਡਸਟਰੀ ਲਾਉਣ ਲਈ ਬਦੇਸ਼ੀਆਂ ਨੂੰ ਰਿਆਇਤਾਂ

ਨਵੀਂ ਦਿੱਲੀ—1983-84 ਦੀ ਆਯਾਤ-ਨਿਰਯਾਤ ਪਾਲਿਸੀ ਨੂੰ ਹੋਰ ਸਾਦਾ ਕਰਨ ਦੀ ਕੋਸ਼ਿਸ਼ ਕਰਦਿਆਂ, ਭਾਰਤ ਸਰਕਾਰ ਨੇ ਭਾਰਤ ਵਿਚ ਬਦੇਸ਼ੀਆਂ ਨੂੰ ਨਵੀਆਂ ਰਿਆਇਤਾਂ ਦੇਣ ਦਾ ਐਲਾਨ ਕੀਤਾ ਹੈ ਘਰ ਇਹ ਇੰਡਸਟਰੀ ਲਈ ਹੀ ਕੀਤਾ ਜਾ ਰਿਹਾ ਹੈ।

ਐਨ. ਡੀ. ਪੀ. ਨੂੰ ਵੋਟ ਕਿਉਂ ਪਾਈਏ ?

ਰਾਜ ਚੌਹਾਨ,
ਪ੍ਰਧਾਨ - ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ

5 ਮਈ ਨੂੰ ਬੀ. ਸੀ. ਵਿਚ ਹੋ ਰਹੀਆਂ ਚੋਣਾਂ ਵਿਚ ਵੱਖੋ ਵੱਖਰੀਆਂ ਪਾਰਟੀਆਂ ਦੇ ਉਮੀਦਵਾਰ ਆਪੋ ਆਪਣੀਆਂ ਸੀਟਾਂ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਪਬਲਿਕ ਦੀਆਂ ਵੋਟਾਂ ਖਿੱਚਣ ਲਈ ਭਾਂਤ ਭਾਂਤ ਦੇ ਬੇਸ਼ੁਮਾਰ ਵਾਅਦੇ ਕੀਤੇ ਜਾ ਰਹੇ ਹਨ। ਸੜਕਾਂ ਉਪਰ, ਘਰਾਂ ਦੇ ਸਾਹਮਣੇ ਰੰਗ ਬਿਰੰਗੇ ਉਮੀਦਵਾਰਾਂ ਦੇ ਫੱਟੇ ਲੱਗੇ ਹੋਏ ਹਨ। ਅਖਬਾਰਾਂ, ਰੇਡੀਓ ਅਤੇ ਟੀ.ਵੀ. ਉਪਰ ਇਸ਼ਤਿਹਾਰਾਂ ਦੀ ਭਰਮਾਰ ਹੈ। ਗੱਲ ਕੀ ,ਬੀ. ਸੀ. ਦਾ ਸਮੁੱਚਾ ਵਾਤਾਵਰਨ ਇਸ ਵਕਤ ਚੋਣਾਂ ਦੇ ਰੰਗ ਵਿਚ ਰੰਗਿਆ ਹੋਇਆ ਹੈ।

ਭਾਵੇਂ ਕਿ ਚੋਣਾਂ ਵਿਚ ਕਈ ਪਾਰਟੀਆਂ ਦੇ ਉਮੀਦਵਾਰ ਹਿੱਸਾ ਲੈ ਰਹੇ ਹਨ, ਪਰ ਅਸਲ ਵਿਚ ਟੱਕਰ ਸਿਰਫ ਦੋ ਪਾਰਟੀਆਂ ਵਿਚਕਾਰ ਹੀ ਹੈ। ਇਕ ਹੈ ਐਨ. ਡੀ. ਪੀ. ਅਤੇ ਦੂਸਰੀ ਸ਼ੋਸ਼ਲ ਕਰੈਡਿਟ (ਸੋਕਰਡ) ਪਿਛਲੇ 8 ਸਾਲਾਂ ਤੋਂ ਬੀ.ਸੀ. ਵਿਚ ਸੋਕਰਡ ਸਰਕਾਰ ਚੱਲੀ ਆ ਰਹੀ ਹੈ। ਬੇਸ਼ੱਕ ਕਿ ਇਸ ਸਰਕਾਰ ਵਲੋਂ ਨਿੱਤ ਨਵੇਂ ਵਾਅਦੇ ਕੀਤੇ ਜਾ ਰਹੇ ਹਨ ਅਤੇ ਵੋਟਰਾਂ ਨੂੰ ਭੁਲੇਖੇ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਇਸ ਦੀਆਂ ਪਾਲਸੀਆਂ ਤੋਂ ਸਾਫ ਜ਼ਾਹਿਰ ਹੈ ਕਿ ਇਹ ਸਰਕਾਰ ਮਜ਼ਦੂਰ - ਵਿਰੋਧੀ ਸਰਕਾਰ ਹੈ ਅਤੇ ਘੱਟ ਗਿਣਤੀ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਤੋਂ ਅਸਮਰਥ ਰਹੀ ਹੈ।

ਸੋਕਰਡ ਸਰਕਾਰ ਸ਼ਰੇਆਮ ਕਹਿ ਰਹੀ ਹੈ ਕਿ ਜੇ ਉਹ ਚੋਣਾਂ ਵਿਚ ਮੁੜ ਜਿੱਤ ਗਈ ਤਾਂ ਉਹ ਮੌਜੂਦਾ ਲੇਬਰ ਕੋਡ ਵਿਚ ਤਬਦੀਲੀਆਂ ਕਰਕੇ ਮਜ਼ਦੂਰਾਂ ਦੇ ਹੱਕਾਂ ਨੂੰ ਸੀਮਤ ਕਰ ਦੇਣਗੇ। ਇਹ ਇਕ ਨਿਰਾਪੁਰਾ ਡਰਾਵਾ ਹੀ ਨਹੀਂ, ਇਹ ਇਕ ਸਚਾਈ ਹੈ। ਜੇ ਸੋਕਰਡ ਸਰਕਾਰ ਅਜਿਹਾ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਮਿੱਲ੍ਹਾਂ, ਫੈਕਟਰੀਆਂ, ਅਤੇ ਕੰਮ ਕਰਨ ਦੀਆਂ ਹੋਰ ਥਾਵਾਂ ਉਪਰ ਇਸ ਦੇ ਬਹੁਤ ਭਿਆਨਕ ਸਿੱਟੇ ਨਿਕਲ ਸਕਦੇ ਹਨ। ਕਿਉਂਕਿ ਸੋਕਰਡ ਸਰਕਾਰ ਕਹਿ ਰਹੀ ਹੈ ਕਿ ਜੇਕਰ ਸਿਰਫ 40% ਕਾਮੇ ਇਹ ਚਾਹੁਣ ਕਿ ਉਨ੍ਹਾਂ ਦੇ ਕੰਮ ਦੀ ਜਗ੍ਹਾ 'ਤੇ ਯੂਨੀਅਨ ਟੁੱਟ ਜਾਣੀ ਚਾਹੀਦੀ ਹੈ, ਤਾਂ ਅਜਿਹਾ ਹੋ ਜਾਣਾ ਚਾਹੀਦਾ ਹੈ। ਜਦਕਿ ਮੌਜੂਦਾ ਕਾਨੂੰਨ ਮੁਤਾਬਿਕ ਇਸ ਤਰ੍ਹਾਂ ਯੂਨੀਅਨ ਦਾ ਟੁੱਟਣਾ ਐਨਾ ਆਸਾਨ ਨਹੀਂ ਹੈ।

ਬੀ. ਸੀ. ਵਿਚ ਹਜ਼ਾਰਾਂ ਦੀ ਗਿਣਤੀ ਵਿਚ ਟੀਚਰ ਜਦ ਆਪਦੇ ਜਾਇਜ਼ ਹੱਕ ਮੰਗਦੇ ਹਨ ਤਾਂ ਐਜੂਕੇਸ਼ਨ ਮਨਿਸਟਰ ਬਿੱਲ ਵੈਂਡਰਜ਼ਾਲਮ ਵਲੋਂ ਉਨ੍ਹਾਂ ਨੂੰ ਹਰ ਪ੍ਰਕਾਰ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਇਥੋਂ ਤੱਕ ਕਿ ਉਨ੍ਹਾਂ ਨੂੰ ਹੜਤਾਲ ਕਰਨ ਦਾ ਵੀ ਹੱਕ ਨਹੀਂ। ਇਸੇ ਤਰ੍ਹਾਂ ਐਜੂਕੇਸ਼ਨ ਸਿਸਟਮ ਵਿਚ ਹੋਰ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ।

ਹੈਲਥ ਮਨਿਸਟਰ ਵਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸਿਹਤ ਵਿਭਾਗ ਵਿਚ ਵੀ ਕਟੌਤੀਆਂ ਕੀਤੀਆਂ ਜਾਣਗੀਆਂ। ਜਿਸ ਦਾ ਕਿ ਸਭ ਤੋਂ ਵੱਧ ਅਸਰ ਗਰੀਬਾਂ ਅਤੇ ਮਜ਼ਦੂਰਾਂ ਉਪਰ ਪਵੇਗਾ। ਹੈਲਥ ਮਨਿਸਟਰ ਵਲੋਂ ਖੇਤ ਮਜ਼ਦੂਰਾਂ ਦੇ ਕੈਬਿਨਾਂ ਵਿਚ ਸੁਧਾਰ ਕਰਨ ਤੋਂ ਵੀ ਇਨਕਾਰ ਕੀਤਾ ਗਿਆ ਹੈ। ਇਸੇ ਤਰ੍ਹਾਂ ਫੈਰੀ ਅਤੇ ਹਾਈਵੇ ਵਰਕਰਾਂ ਨੂੰ ਵੀ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਉਨ੍ਹਾਂ ਦਾ ਹੜਤਾਲ ਕਰਨ ਦਾ ਹੱਕ ਵੀ ਖਤਮ ਕਰ ਦਿੱਤਾ ਜਾਵੇਗਾ।

ਖੇਤ ਮਜ਼ਦੂਰਾਂ ਨਾਲ ਜੋ ਕੁਝ ਸੋਕਰਡ ਸਰਕਾਰ ਨੇ ਕੀਤਾ ਹੈ, ਉਸ ਤੋਂ ਵੀ ਹਰ ਕੋਈ ਚੰਗੀ ਤਰ੍ਹਾਂ ਜਾਣੂੰ ਹੈ। ਪਹਿਲਾਂ 1980 ਵਿਚ ਸੋਕਰਡ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਖੇਤ ਮਜ਼ਦੂਰਾਂ ਨੂੰ ਵੀ ਉਹੀ ਕਾਨੂੰਨੀ ਹੱਕ ਮਿਲਣਗੇ ਜੋ ਕਿ ਬਾਕੀ ਕਾਮਿਆਂ ਨੂੰ ਪ੍ਰਾਪਤ ਹਨ। ਪਰ ਸਰਕਾਰ ਨੇ ਜਦ ਕਾਨੂੰਨ ਬਣਾਇਆ ਤਾਂ ਫਾਰਮਵਰਕਰਾਂ ਨੂੰ ਘੱਟੋ ਘੱਟ ਤਨਖਾਹਾਂ (Minimum wage), ਕੰਮ ਦੇ ਘੰਟੇ ਅਤੇ ਓਵਰਟਾਈਮ ਦੀ ਧਾਰਾ ਤੋਂ ਇਕ ਵਾਰ ਫਿਰ ਵਾਂਝਿਆ ਰੱਖ ਦਿੱਤਾ। ਇਸ ਤਰ੍ਹਾਂ 1982 ਵਿਚ ਵਰਕਰਜ਼ ਕੰਪਨਸੇਸ਼ਨ ਬੋਰਡ (WCB) ਨੇ 30 ਮਾਰਚ ਨੂੰ ਵਾਅਦਾ ਕੀਤਾ ਕਿ ਫਾਰਮਵਰਕਰਾਂ ਉਪਰ 4 ਅਪ੍ਰੈਲ 1983 ਤੋਂ ਕੰਪਨਸੇਸ਼ਨ ਦਾ ਕਾਨੂੰਨ ਅਤੇ ਇਸ ਦੇ ਨਿਯਮ ਲਾਗੂ ਕੀਤੇ ਜਾਣਗੇ ਪਰ ਇਸ ਸਾਲ 10 ਮਾਰਚ ਨੂੰ ਲੇਬਰ ਮਨਿਸਟਰ ਬੌਬ ਮਕਲੇਲਨਡ ਨੇ ਸਿੱਧੀ ਦਖਲ ਅੰਦਾਜ਼ੀ ਕਰਕੇ WCB ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ।

ਅਗਰ ਵਿਸਥਾਰ ਵਿੱਚ ਸੋਕਰਡ ਸਰਕਾਰ ਦੇ ਮਜ਼ਦੂਰ ਵਿਰੋਧੀ ਕੰਮਾਂ ਨੂੰ ਲਿਖਿਆ ਜਾਵੇ ਤਾਂ ਬਹੁਤ ਸਾਰੇ ਵਰਕੇ ਭਰ ਜਾਣਗੇ। ਇਸ ਤਰ੍ਹਾਂ ਘੱਟ ਗਿਣਤੀ ਦੇ ਲੋਕਾਂ, ਖਾਸ ਕਰਕੇ ਰੰਗਦਾਰ ਲੋਕਾਂ ਨਾਲ ਹੋ ਰਹੇ ਵਿਤਕਰੇ ਨੂੰ ਰੋਕਣ ਲਈ ਵੀ ਕੁਝ ਨਹੀਂ ਕੀਤਾ। ਇਥੇ ਇਕ ਹੋਰ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਨਾਰਥ ਵੈਨਕੂਵਰ ਦੇ ਸੋਕਰਡ ਉਮੀਦਵਾਰ ਜੌਹਨ ਰੈਨੋਲਡ ਜਦ CJOR ਰੇਡੀਓ ਸਟੇਸ਼ਨ ਤੋਂ ਆਪਦਾ ਪ੍ਰੋਗਰਾਮ ਦਿਆ ਕਰਦਾ ਸੀ ਤਾਂ ਇਸ ਨੇ ਕੂ ਕਲੱਕਸ ਕਲੈਨ (KKK) ਦੇ ਨੁਮਾਇੰਦੇ ਨੂੰ ਆਪਦੇ ਪ੍ਰੋਗਰਾਮ ਤੇ ਬੁਲਾਇਆ ਅਤੇ ਭਾਰਤੀ ਕਮਿਊਨਿਟੀ ਦੇ ਖਿਲਾਫ ਨਸਲੀ ਵਿਤਕਰੇ ਨੂੰ ਹੋਰ ਫੈਲਾਇਆ। ਇਹੋ ਜਿਹੇ ਉਮੀਦਵਾਰਾਂ ਵਲੋਂ ਬਣਾਈ ਗਈ ਸਰਕਾਰ ਤੋਂ ਅਸੀਂ ਆਪਦੀ ਕਮਿਊਨਿਟੀ ਦੀ ਭਲਾਈ ਦੀ ਕੋਈ ਆਸ ਨਹੀਂ ਰੱਖ ਸਕਦੇ।

ਬੀ. ਸੀ. ਵਿਚ ਖੇਤ ਮਜ਼ਦੂਰ ਜ਼ਿਆਦਾ ਤਰ ਭਾਰਤੀ, ਚੀਨੇ, ਨੇਟਿਵ ਇੰਡੀਅਨ ਅਤੇ ਫਰਾਂਸੀਸੀ ਬੋਲੀ ਬੋਲਣ ਵਾਲੇ ਹਨ। ਖੇਤ ਮਜ਼ਦੂਰਾਂ ਨਾਲ ਕਾਨੂੰਨੀ ਵਿਤਕਰਾ ਹੋਣਾ ਇਹ ਸਿੱਧ ਕਰਦਾ ਹੈ ਕਿ ਇਸ ਸਰਕਾਰ ਦੀਆਂ ਪਾਲਿਸੀਆਂ ਨਸਲੀ ਹਨ।

ਕੁਝ ਇਲਾਕਿਆਂ ਵਿਚ ਸੋਕਰਡ ਉਮੀਦਵਾਰ ਭਾਰਤੀ ਕਮਿਊਨਿਟੀ ਦੀਆਂ ਵੋਟਾਂ ਜਿੱਤਣ ਲਈ ਝੂਠ ਦਾ ਸਹਾਰਾ ਲੈ ਰਹੇ ਹਨ ਅਤੇ ਕਈ ਹੋਰ ਤਰ੍ਹਾਂ ਤਰ੍ਹਾਂ ਦੇ ਹਥਕੰਡੇ ਵਰਤ ਰਹੇ ਹਨ ਜਿਵੇਂ ਕਿ ਟੈਰਸ ਅਤੇ ਪ੍ਰਿੰਸ ਰੂਪਰਟ ਦੇ ਇਲਾਕੇ ਵਿਚ ਹਿੰਦੁਸਤਾਨੀ ਲੋਕਾਂ ਨੂੰ ਫੋਨ ਆ ਰਹੇ ਹਨ ਕਿ ਜੇਕਰ NDP ਜਿੱਤ ਗਈ ਤਾਂ ਬੰਦ ਹੋਈਆਂ ਮਿੱਲ੍ਹਾਂ ਮੁੜ ਨਹੀਂ ਚੱਲਣਗੀਆਂ ਅਤੇ ਬਾਕੀ ਦੇ ਕੰਮ ਵੀ ਬੰਦ ਹੋ ਜਾਣਗੇ। ਥੋੜੀ ਬਹੁਤ ਸੂਝ ਰੱਖਣ ਵਾਲਾ ਇਨਸਾਨ ਵੀ ਇਹ ਸਮਝ ਸਕਦਾ ਹੈ ਕਿ ਜੋ ਮਿੱਲ੍ਹਾਂ ਬੰਦ ਹੋਈਆਂ ਹਨ, ਉਹ NDP ਕਾਰਨ ਨਹੀਂ ਹੋਈਆਂ, ਕਿਉਂਕਿ ਮਿੱਲ੍ਹਾਂ ਬੰਦ ਹੋਣ ਵੇਲੇ ਸਰਕਾਰ ਸੋਕਰਡ ਦੀ ਸੀ ਨਾ ਕਿ NDP ਦੀ। ਜ਼ਦ ਕਿ NDPਦਾ ਚੋਣ ਪ੍ਰੋਗਰਾਮ ਹੈ, ਵੱਧ ਤੋਂ ਵੱਧ ਲੋਕਾਂ ਲਈ ਰੁਜ਼ਗਾਰ ਪੈਦਾ ਕਰਨਾ ਨਾਕਿ ਬੇਰੁਜ਼ਗਾਰੀ ਵਿਚ ਵਾਧਾ ਕਰਨਾ।

ਸਾਊਥ ਵੈਨਕੂਵਰ ਦੇ ਇਲਾਕੇ ਵਿਚ ਐਨ. ਡੀ. ਪੀ. ਦੇ ਉਮੀਦਵਾਰ ਉਜੱਲ ਦੁਸਾਂਝ ਹਨ। 5 ਮਈ ਨੂੰ ਜੇਕਰ ਉਜੱਲ ਦੁਸਾਂਝ ਦੀ ਜਿੱਤ ਹੋ ਜਾਂਦੀ ਹੈ ਤਾਂ ਇਹ ਸਾਰੀ ਭਾਰਤੀ ਕਮਿਊਨਿਟੀ ਦੀ ਇਕ ਬਹੁਤ ਵੱਡੀ ਜਿੱਤ ਹੋਵੇਗੀ। ਸਿਰਫ ਇਸੇ ਕਰਕੇ ਨਹੀਂ ਕਿ ਉਹ ਇਕ ਭਾਰਤੀ ਹੈ ; ਉਜੱਲ ਦੁਸਾਂਝ ਇਕ ਅਗਾਂਹ ਵਧੂ, ਅਣਥੱਕ ਕਾਮਾ ਵੀ ਹੈ। ਕਮਿਊਨਿਟੀ ਦੀਆਂ ਮੁਸ਼ਕਲਾਂ, ਬੇਸ਼ੱਕ ਉਹ ਫਾਰਮ ਵਰਕਰਾਂ ਦੀਆਂ ਹਨ ਜਾਂ ਨਸਲਵਾਦ ਦੀਆਂ, ਬੇਸ਼ੱਕ ਬਿਜਨਸ ਕਮਿਊਨਿਟੀ ਦੀਆਂ ਹਨ ਜਾਂ ਮਜ਼ਦੂਰਾਂ ਦੀਆਂ, ਤੋਂ ਉਜੱਲ ਦੁਸਾਂਝ ਭਲੀ ਭਾਂਤ ਜਾਣੂੰ ਹੈ। ਅਗਰ ਅਸੀਂ ਆਪਦੀ ਕਮਿਊਨਿਟੀ ਦੀ ਬੀ. ਸੀ. ਐਸੰਬਲੀ ਵਿਚ ਸਹੀ ਨੁਮਾਇੰਦਗੀ ਚਾਹੁੰਦੇ ਹਾਂ ਤਾਂ ਸਾਡਾ ਫਰਜ਼ ਬਣਦਾ ਹੈ ਕਿ ਹਰ ਸੰਭਵ ਤਰੀਕੇ ਨਾਲ ਉਜੱਲ ਦੁਸਾਂਝ ਦੀ ਜਿੱਤ ਨੂੰ ਯਕੀਨੀ ਬਣਾਇਆ ਜਾਵੇ।

ਇਸਦੇ ਨਾਲ ਨਾਲ ਇਹ ਵੀ ਜਾਨਣਾਂ ਜ਼ਰੂਰੀ ਹੈ ਕਿ ਉਜੱਲ ਦੁਸਾਂਝ ਦੇ ਨਾਲ ਇਸੇ ਸੀਟ ਤੋਂ ਉਸਦੀ ਪਾਰਟਨਰ ਜੌਇਸ ਵਿਟਮੈਨ(Joyce Whittman) ਵੀ ਚੋਣ ਲੜ ਰਹੀ ਹੈ। ਜਦ ਅਸੀਂ ਵੋਟ ਪਾਉਣ ਵੇਲੇ ਦੁਸਾਂਝ ਦੇ ਨਾਮ ਅੱਗੇ ਮਾਰਕ (X) ਲਾਉਣਾ ਹੈ ਤਾਂ ਇਹ ਜ਼ਰੂਰੀ ਹੈ ਕਿ Whittman ਦੇ ਨਾਮ ਅੱਗੇ ਵੀ ਮਾਰਕ (X) ਲਾਇਆ ਜਾਵੇ। ਵਿਟਮੈਨ ਭਾਰਤੀ ਕਮਿਊਨਿਟੀ ਦੀਆਂ ਮੁਸ਼ਕਲਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੀ ਹੈ, ਖਾਸ ਕਰਕੇ ਔਰਤਾਂ ਦੀਆਂ ਮੁਸ਼ਕਲਾਂ ਨੂੰ। ਇਹਨਾਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਜੌਇਸ ਵਿਟਮੈਨ ਪੂਰੀ ਤਰ੍ਹਾਂ ਵਚਨ ਬੱਧ ਹੈ।

ਇਹ ਵੀ ਸੁਣਿਆ ਗਿਆ ਹੈ ਕਿ ਸੋਕਰਡ ਸਰਕਾਰ ਇਸ ਇਲਾਕੇ ਵਿਚ ਕਹਿ ਰਹੇ ਹਨ ਕਿ ਜੇ ਤੁਸੀਂ ਦੁਸਾਂਝ ਨੂੰ ਵੋਟ ਪਾਉਣੀ ਹੈ ਤਾਂ ਇਕ ਵੋਟ ਉਜੱਲ ਦੁਸਾਂਝ ਨੂੰ ਪਾ ਦਿਉ ਅਤੇ ਇਕ ਸੋਕਰਡ ਉਮੀਦਵਾਰ ਨੂੰ। ਇਸ ਤਰ੍ਹਾਂ ਉਹ ਸਾਡੀਆਂ ਵੋਟਾਂ ਨੂੰ ਪਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਬਹੁਤ ਜ਼ਰੂਰੀ ਹੈ ਕਿ Dosanjh and Whittman ਨੂੰ ਹੀ ਵੋਟ ਪਾਈ ਜਾਵੇ। ਇਸੇ ਤਰ੍ਹਾਂ Little Mountain (ਵੈਨਕੂਵਰ) ਦੇ ਹਲਕੇ ਤੋਂ ਜੀਨ ਸਵਾਨਸਨ ਅਤੇ ਜੇਰੀ ਸਕਾਟ ਨੂੰ ਵੋਟ ਪਾਉਣੀ ਚਾਹੀਦੀ ਹੈ, ਇਹ ਵੀ ਦੋਨੋਂ N.D.P. ਦੇ ਉਮੀਦਵਾਰ ਹਨ। ਸਰੀ ਵਿਚ NDP ਦੇ ਉਮੀਦਵਾਰ ਹਨ ਅਰਨੀ ਹਾਲ (Hall) ਤੇ ਕੈਰਲ ਲੈਂਗਫੋਰਡ(Langford)। ਇਸੇ ਤਰ੍ਹਾਂ ਬਾਕੀ ਇਲਾਕਿਆਂ ਵਿਚ ਵੀ NDP ਦੇ ਉਮੀਦਵਾਰਾਂ ਨੂੰ ਵੋਟ ਪਾਉਣਾ ਬਹੁਤ ਜ਼ਰੂਰੀ ਹੈ।

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨੇ ਸੋਕਰਡ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਨੂੰ ਦੇਖਦਿਆਂ ਹੋਇਆਂ ਇਹ ਫੈਸਲਾ ਕੀਤਾ ਹੈ ਕਿ ਚੋਣਾਂ ਵਿਚ NDP ਦੀ ਮੱਦਦ ਕੀਤੀ ਜਾਵੇ। ਜੇਕਰ 5 ਮਈ ਨੂੰ NDP ਜਿੱਤ ਜਾਂਦੀ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਸਾਡੀਆਂ ਮੁਸ਼ਕਲਾਂ ਦਾ ਹੱਲ ਆਪਣੇ ਆਪ ਹੋ ਜਾਵੇਗਾ। ਸਾਨੂੰ ਆਪਦੇ ਹੱਕ ਲੈਣ ਲਈ ਜਦੋ ਜਹਿਦ ਜਾਰੀ ਰੱਖਣੀ ਪਵੇਗੀ। ਪਰ ਜੇਕਰ NDP ਨਹੀਂ ਜਿਤਦੀ ਅਤੇ ਸੋਕਰਡ ਜੇਕਰ ਮੁੜ ਸਰਕਾਰ ਬਣਾ ਲੈਂਦੇ ਹਨ ਤਾਂ ਮਜ਼ਦੂਰਾਂ ਅਤੇ ਖਾਸ ਕਰਕੇ ਰੰਗਦਾਰ ਲੋਕਾਂ ਦੀਆਂ ਮੁਸ਼ਕਲਾਂ ਵਿਚ ਕਈ ਗੁਣੇਂ ਵਾਧਾ ਹੋ ਜਾਵੇਗਾ ਅਤੇ ਜਿੰਨ੍ਹਾਂ ਨੂੰ ਹੱਲ ਕਰਨਾ ਵੀ ਉਨਾਂ ਹੀ ਮੁਸ਼ਕਲ ਹੋ ਜਾਵੇਗਾ।

ਸਮਾਂ ਬਹੁਤ ਥੋੜਾ ਹੈ। ਹਰ ਇਕ ਨੂੰ ਇਹ ਚਾਹੀਦਾ ਹੈ ਕਿ ਆਪਣੇ ਦੋਸਤਾਂ ਮਿਤਰਾਂ, ਰਿਸ਼ਤੇਦਾਰਾਂ ਨੂੰ 5 ਮਈ ਲਈ ਤਿਆਰ ਕੀਤਾ ਜਾਵੇ। ਜੋ ਲੋਕ, ਬਾਹਰ ਜਾਕੇ ਲੋਕਾਂ ਨਾਲ ਥੋੜਾ ਬਹੁਤ ਕੰਮ ਕਰ ਸਕਦੇ ਹਨ, ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਐਨ. ਡੀ. ਪੀ. ਦੇ ਚੋਣ ਦਫਤਰਾਂ ਵਿਚ ਜਾਕੇ ਮਦਦ ਕੀਤੀ ਜਾਵੇ। ਮੁੜਕੇ ਸਮਾਂ ਹੱਥ ਨਹੀਂ ਆਉਣਾ, ਆਪਦੀ ਵੋਟ ਦਾ ਸਹੀ ਇਸਤੇਮਾਲ ਕਰੋ।

ਲੋਕ-ਅਵਾਜ਼ਾਂ ਬਣ ਕੇ ਯਾਰੋ ਪ੍ਰਸ਼ਨ ਬਥੇਰੇ ਕੀਤੇ,
ਪੁਛਦੇ ਹਾਂ ਸਰਕਾਰਾਂ ਕੋਲੋਂ, ਕਦੋਂ ਮਿਲੇਗਾ ਉੱਤਰ।

ਅਸ਼ਵਨੀ ਕੁਮਾਰ ਦਮ ਤੋੜ ਗਿਆ

ਲੁਧਿਆਣਾ— ਰਸਤਾ ਰੋਕੋ ਅੰਦੋਲਨ ਦੌਰਾਨ ਫਗਵਾੜਾ ਵਿਚ ਪੁਲਸ ਫਾਇਰਿੰਗ ਨਾਲ ਜ਼ਖਮੀ ਹੋਇਆ ਅਸ਼ਵਨੀ ਕੁਮਾਰ ਸਵੇਰੇ ਕ੍ਰਿਸਚੀਅਨ ਮੈਡੀਕਲ ਕਾਲਜ ਤੇ ਬਰਾਊਨ ਹਸਪਤਾਲ ਵਿਚ ਜ਼ਖਮਾਂ ਦੀ ਤਾਬ ਨਾ ਝਲਦਿਆਂ ਦਮ ਤੋੜ ਗਿਆ।

ਇਕ ਸਰਕਾਰੀ ਅਨੁਮਾਨ ਅਨੁਸਾਰ ਕੁਲ ਮੌਤਾਂ ਦੀ ਗਿਣਤੀ 23 ਹੋ ਗਈ ਹੈ।

ਆਨੰਦਪੁਰ ਮਤਾ ਲਾਗੂ ਹੋਣ ਤਕ ਹਰ ਕੀਮਤ ’ਤੇ ਅੰਦੋਲਨ ਚਲੇਗਾ—ਤਲਵੰਡੀ

ਫਗਵਾੜਾ—ਅਕਾਲੀ ਆਗੂ ਸ੍ਰੀ ਜਗਦੇਵ ਸਿੰਘ ਤਲਵੰਡੀ ਨੇ ਸਥਾਨਕ ਅਕਾਲੀ ਗੁਰਦੁਆਰਾ ਵਿਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸਰਕਾਰ ਨੂੰ ਚਿਤਾਵਨੀ ਦਿਤੀ ਕਿ ਅਕਾਲੀ ਅੰਦੋਲਨ “ਆਨੰਦਪੁਰ ਸਾਹਿਬ ਮਤੇ” ਦੇ ਲਾਗੂ ਹੋਣ ਤਕ ਹਰ ਕੀਮਤ ਉਤੇ ਜਾਰੀ ਰਹੇਗਾ।

ਆਪਣੇ ਗਰੁਪ ਦੇ ਅਕਾਲੀ ਵਰਕਰਾਂ ਨੂੰ ਉਹਨਾਂ ਅਪੀਲ ਕੀਤੀ ਕਿ ਉਦੋਂ ਤਕ ਆਪਣਾ ਘਰ ਜਾਇਦਾਦ ਛੱਡ ਕੇ ਅਕਾਲੀ ਦਲ ਦੇ ਹੁਕਮਾਂ ਅਨੁਸਾਰ ਮੋਰਚੇ ਵਿਚ ਹਿਸਾ ਲੈਣ। ਪੰਜਾਬ ਸਰਕਾਰ ਵਲੋਂ ਚਾਰ ਅਪਰੈਲ ਨੂੰ ਸੂਬੇ ਵਿਚ ਹੋਈਆਂ ਹਿੰਸਕ ਘਟਨਾਵਾਂ ਦੀ ਅਦਾਲਤੀ ਜਾਂਚ ਕਰਵਾਉਣ ਬਾਰੇ ਸ੍ਰੀ ਤਲਵੰਡੀ ਨੇ ਦਸਿਆ ਕਿ ਇਸ ਦੇ ਜੱਜ ਦੀ ਨਿਯੁਕਤੀ ਤੋਂ ਤੇ ਇਸ ਦੇ ਕਾਰਜ ਖੇਤਰ ਨੂੰ ਦੇਖ ਕੇ ਹੀ ਉਹ ਆਪਣਾ ਦ੍ਰਿਸ਼ਟੀਕੋਣ ਦੱਸਣਗੇ। ਪਰ ਇਸ ਜਾਂਚ ਦੀ ਨਿਯੁਕਤੀ ਦਾ ਐਲਾਨ ਹੀ ਅਕਾਲੀ ਦਲ ਦੀ ਜਿੱਤ ਹੈ। ਇਸ ਤੋਂ ਪਹਿਲਾਂ ਸ੍ਰੀ ਤਲਵੰਡੀ ਫਗਵਾੜਾ ਗੋਲੀ ਕਾਂਡ ਵਿਚ ਮਰਨ ਵਾਲੇ ਅਮਰ ਸਿੰਘ ਦੇ ਪਿੰਡ ਗੌਸਪੁਰ ਵਿਚ ਉਸਦੇ ਪਰਵਾਰ ਕੋਲ ਅਫਸੋਸ ਕਰਨ

ਨੌਵੀਂ ਸ਼ਾਦੀ ਤੋਂ ਬਾਦ ਇਕ ਹੋਰ ਦੀ ਖਾਹਿਸ਼ ਬਾਕੀ

ਕਾਨਪੁਰ—ਇਥੋਂ ਦੀ ਘਾਟਾਪੁਰ ਤਹਿਸੀਲ ਦਾ ਇਕ 90 ਸਾਲਾ ਹਾਜੀ ਨੌਵੀਂ ਵਾਰ ਸ਼ਾਦੀ ਕਰਾ ਰਿਹਾ ਹੈ। ਇਸ ਵਾਰ ਉਸਦੀ ਲਾੜੀ ਫਤਿਹਪੁਰ ਜ਼ਿਲੇ ਦੀ 40 ਸਾਲਾ ਬੇਗਮ ਨਿਸ਼ਾ ਹੈ।

ਹਾਜੀ ਅਬਦੁਲ ਸਤਾਰ ਦੇ ਪਹਿਲੀ ਪਤਨੀ ਤੋਂ ਦੋ ਪੁਤਰ ਹਨ ਪਰ ਉਸਦੇ ਪੋਤੇ ਅਤੇ ਪੋਤੀਆਂ ਅਣਗਿਣਤ ਹਨ। ਉਸ ਦੀਆਂ ਪਹਿਲੀਆਂ ਪਤਨੀਆਂ ਜਾਂ ਤਾਂ ਮਰ ਗਈਆਂ ਜਾਂ ਫੇਰ ਤਲਾਕ ਲੈ ਗਈਆਂ। ਹਾਜੀ ਦਾ ਕਹਿਣਾ ਹੈ ਕਿ ਜੇ ਜ਼ਰੂਰਤ ਹੋਈ ਤਾਂ ਉਹ ਇਕ ਹੋਰ ਵਿਆਹ ਕਰਾ ਸਕਦਾ ਹੈ

ਨਸਲਵਾਦ ਵਿਰੋਧੀ ਮੇਅਰ ਨੂੰ ਐਡਮਿੰਟਨ ’ਚ ਆਉਣੋਂ ਰੋਕਿਆ

ਐਡਮਿੰਟਨ—ਯਹੂਦੀਆਂ ਦੇ ਇਕ ਲੀਡਰ ਨੇ ਕਿਹਾ ਕਿ ਟਰਾਂਟੋ ਇਲਾਕੇ ਦੇ ਮੇਅਰ ਮੈਲ ਲੈਸਮਨ ਨੂੰ ਉਹ ਕਦੀ ਅਲਬਰਟਾ ਵਿਚ ‘ਜੀ ਆਇਆਂ’ ਨਹੀਂ ਕਹਿਣਗੇ ਕਿਉਂਕਿ ਉਹ ਨਸਲਵਾਦ ਵਿਰੋਧੀ ਹੈ।

ਟੂਟਨੇ ਕਾ ਕਹੀਂ ਅਹਿਸਾਸ ਰੁਲਾ ਦੇ ਨ ਉਨੇਂ,
ਬਿਖਰੇ ਚਿਹਰੋਂ ਕੋ ਤੁਮ ਆਈਨਾ ਦਿਖਾਤੇ ਕਯੋਂ ਹੋ।

ਗ਼ਜ਼ਲ

ਰਜਿੰਦਰ ਪ੍ਰਦੇਸੀ

ਦੁਸ਼ਟਾਂ ਨੇ ਅਗ ਲਾਈ ਹੈ ਪੰਜਾਬ ਅੰਦਰ।
ਮੱਚੀ ਹਾਲ ਦੁਹਾਈ ਹੈ ਪੰਜਾਬ ਅੰਦਰ।

ਫਿਰਕਾ ਪ੍ਰਸਤੀ ਛਾਈ ਹੈ ਪੰਜਾਬ ਅੰਦਰ।
ਕੌਣ ਕਿਸੇ ਦਾ ਭਾਈ ਹੈ ਪੰਜਾਬ ਅੰਦਰ।

ਸੜਕਾਂ ਕੰਢੇ ਭੁਖੇ ਲੋਕੀਂ ਸੌਂਦੇ ਹਨ
ਕਹਿਣ ਨੂੰ ਘਟ ਮਹਿੰਗਾਈ ਹੈ ਪੰਜਾਬ ਅੰਦਰ।

ਰਾਤ ਦਿਨੇ ਕਰਦਾ ਹੈ ਮਿਹਨਤ ਰਾਜਿੰਦਰ
ਫਿਰ ਵੀ ਇਹ ਕਰਜ਼ਾਈ ਹੈ ਪੰਜਾਬ ਅੰਦਰ।

ਧਨ ਦੀ ਖ਼ਾਤਿਰ ਮਿੱਟੀ ਦਾ ਮੋਹ ਛਡਿਆ ਨਈਂ
ਮੈਂ ਤਾਂ ਉਮਰ ਬਿਤਾਈ ਹੈ ਪੰਜਾਬ ਅੰਦਰ।

ਅਪਣੇ ਦਿਲ ਦੇ ਕਾਤਿਲ ਦਾ ਕਿਉਂ ਜ਼ਿਕਰ ਕਰਾਂ
ਮੇਰੇ ਤੇ ਕਰਜ਼ਾਈ ਹੈ ਪੰਜਾਬ ਅੰਦਰ।

ਧਰਤੀ ਵਰਗੇ ਸੱਚੇ ਰਿਸ਼ਤੇ ਦੀ ਖ਼ਾਤਿਰ
ਮੈਂ ਤੁਹਮਤ ਹੰਢਾਈ ਹੈ ਪੰਜਾਬ ਅੰਦਰ।

ਥਾਂ ਥਾਂ ਮਜ਼ਬੀ ਨਾਗਾਂ ਨੇ ਸਿਰ ਚੁੱਕੇ ਨੇ
ਕਿਸ ਨੇ ਬੀਨ ਵਜਾਈ ਹੈ ਪੰਜਾਬ ਅੰਦਰ।

ਝੂਠੀ ਮੁਸਕਰਾਹਟ ਦੇ ਪਰਦੇ ਓਹਲੇ ਮੈਂ
ਸੱਚੀ ਪੀੜ ਹੰਢਾਈ ਹੈ ਪੰਜਾਬ ਅੰਦਰ।

ਜਾ ਸੁਣਿਐ ‘ਪਰਦੇਸੀ’ ‘ਵਾਘਾ ਬਾਡਰ’ ਤੇ
ਕੀ ਇਸ ਦੀ ਸੁਣਵਾਈ ਹੈ ਪੰਜਾਬ ਅੰਦਰ।

ਬਲਦੇਵ ਸਿੰਘ ਢਿੱਲੋਂ ਨੂੰ ਸੱਤ ਕੇਸਾਂ ਵਿਚ ਤਿੰਨ ਸਾਲ ਦੀ ਕੈਦ ਦਾ ਹੁਕਮ

ਐਡਮਿੰਟਨ —ਪ੍ਰਾਪਤ ਖਬਰਾਂ ਅਨੁਸਾਰ ਬਿਲਡਿੰਗ ਠੇਕੇਦਾਰ ਬਲਦੇਵ ਢਿੱਲੋਂ ਨੂੰ ਤਿੰਨ ਸਾਲ ਦੀ ਕੈਦ ਦਾ ਹੁਕਮ ਸੁਣਾਇਆ ਗਿਆ ਹੈ।

ਅਜੇ ਉਸ ਤੇ ਗੈਰ ਕਾਨੂੰਨੀ ਇਮੀਗਰੈਂਟਾਂ ਨੂੰ ਕੈਨੇਡਾ ਲਿਆਉਣ ਦੇ ਕਥਿਤ ਦੋਸ਼ਾਂ ਬਾਰੇ ਸੁਣਵਾਈ ਸ਼ੁਰੂ ਹੋਣੀ ਹੈ।

ਯਾਦ ਰਹੇ ਕਿ 14 ਗੈਰ-ਕਾਨੂੰਨੀ ਇਮੀਗਰੈਂਟਾਂ ਕੋਲੋਂ ਜਬਰੀ ਗੁਲਾਮੀ ਕਰਵਾਉਣ ਦਾ ਦੋਸ਼ ਬਲਦੇਵ ਢਿਲੋਂ ਤੇ ਲੱਗਿਆ ਸੀ।



ਪੰਜਾਬੀ ਦੇ ਪ੍ਰਸਿਧ ਨਾਵਲਕਾਰ ਜਸਵੰਤ ਸਿੰਘ ਕੰਵਲ ਕੈਨੇਡਾ ਆ ਰਹੇ ਹਨ

ਵੈਨਕੂਵਰ—ਪੰਜਾਬੀ ਦੇ ਦੋ ਪ੍ਰਸਿਧ ਲੇਖਕ ਸ. ਜਸਵੰਤ ਸਿੰਘ ਕੰਵਲ ਨਾਵਲਕਾਰ ਅਤੇ ਡਾ: ਜਸਵੰਤ ਗਿੱਲ ਜੁਲਾਈ ਦੇ ਅੰਤਲੇ ਸਪਤਾਹ ਵੈਨਕੂਵਰ ਪਹੁੰਚ ਰਹੇ ਹਨ। ਵਿਦੇਸ਼ੀ ਦੌਰੇ ਵਿਚ ਉਹ ਇੰਗਲੈਂਡ, ਨਿਊਯਾਰਕ, ਸਾਨਫਰਾਂਸਿਸਕੋ, ਕੈਲੇਫੋਰਨੀਆ ਆਦਿ ਦਾ ਦੌਰਾ ਕਰਨ ਤੋਂ ਉਪਰੰਤ ਵੈਨਕੂਵਰ ਪੁੱਜਣਗੇ। ਉਹਨਾਂ ਦੇ ਪ੍ਰੋਗਰਾਮਾਂ ਬਾਰੇ ਸੂਚਨਾ ਤੁਸੀਂ ਇਸ ਫੋਨ ਤੇ ਲੈ ਸਕਦੇ ਹੋ :—(604)321-6360 ਜਾਂ (604)324-6111



ਡਾ. ਜੁਸਵੰਤ ਗਿੱਲ



ਜਸਵੰਤ ਸਿੰਘ ਕੰਵਲ

ਗੁਰਸ਼ਰਨ ਸਿੰਘ ਦੇ ਪ੍ਰੋਗਰਾਮ ਬਾਰੇ ਇਪਾਨਾ ਵਲੋਂ ਕਮਿਊਨਿਟੀ ਜਥੇਬੰਦੀਆਂ ਅਤੇ ਸਾਹਿਤਕਾਰਾਂ ਦਾ ਧੰਨਵਾਦ ਅਤੇ ਇਕ ਅਪੀਲ

ਤਕਰੀਬਨ 20 ਮਈ ਤੱਕ ਭਾਰਤ ਦੇ ਮਸ਼ਹੂਰ ਨਾਟਕਕਾਰ ਸ. ਗੁਰਸ਼ਰਨ ਸਿੰਘ ਅਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ 7 ਮੈਂਬਰੀ ਟੀਮ ਕੈਨੇਡਾ ਪਹੁੰਚ ਜਾਵੇਗੀ। ਕੁਛ ਹੀ ਹਫਤਿਆਂ ਅੰਦਰ ਪੰਜਾਬ ਦੀ ਉਹ ਹਰਮਨ ਪਿਆਰੀ ਨਾਟਕ ਮੰਡਲੀ ਜਿਸਨੇ ਪੰਜਾਬ ਦੇ ਸਾਰੇ ਜਿਲ੍ਹਿਆਂ ਅਤੇ ਪ੍ਰਤੀਨਿਧਤਾ ਤਕਰੀਬਨ ਤਕਰੀਬਨ ਸਾਰੇ ਪਿੰਡਾਂ ਵਿਚ ਡਰਾਮੇ ਖੇਡੇ ਹਨ। ਕੈਨੇਡਾ ਦੇ ਵੱਖ ਵੱਖ ਸ਼ਹਿਰਾਂ, ਨਿਊਯਾਰਕ ਅਤੇ ਇੰਗਲੈਂਡ ਵਿਚ ਆਪਦੇ ਡਰਾਮੇ ਪੇਸ਼ ਕਰ ਸਕੇਗੀ।

ਜਦੋਂ ਤੋਂ ਇਪਾਨਾ ਨੇ 4 ਸਾਲ ਪਹਿਲਾਂ 1979 ਵਿਚ ਪੰਜਾਬ ਦੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨੂੰ ਕੈਨੇਡਾ ਵਿਚ ਦੌਰੇ ਲਈ ਬੁਲਾਇਆ ਉਦੋਂ ਤੋਂ ਹੀ ਸਾਡੀ ਇਹ ਖਾਹਸ਼ ਸੀ ਕਿ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੂੰ ਕੈਨੇਡਾ ਦੇ ਦੌਰੇ ਲਈ ਬੁਲਾਇਆ ਜਾਵੇ। ਅਸੀਂ ਇਹ ਬੜੀ ਅੱਛੀ ਤਰ੍ਹਾਂ ਜਾਣਦੇ ਸੀ ਕਿ ਪੰਜਾਬੀ ਸਭਿਆਚਾਰ ਨੂੰ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਬਹੁਤ ਵੱਡੀ ਦੇਣ ਹੈ। ਅਸੀਂ ਇਹ ਭੀ ਜਾਣਦੇ ਸੀ ਕਿ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਸ. ਗੁਰਸ਼ਰਨ ਸਿੰਘ ਨੂੰ ਐਮਰਜੈਂਸੀ ਦੌਰਾਨ ਇੰਦਰਾ ਸਰਕਾਰ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ ਸੀ। ਅਸੀਂ ਇਹ ਭੀ ਜਾਣਦੇ ਸੀ ਨਾਟਕ ਕਲਾ ਕੇਂਦਰ ਦੇ ਨਾਉਂ ਨੂੰ ਪੰਜਾਬ ਵਿਚ ਖਾਸ ਕਰਕੇ ਪਿੰਡਾਂ ਵਿਚ ਬੱਚਾ ਬੱਚਾ ਜਾਣਦਾ ਹੈ। ਅਸੀਂ ਇਹ ਭੀ ਮਹਿਸੂਸ ਕਰਦੇ ਸੀ ਕਿ ਕੈਨੇਡਾ ਵਿਚ ਸਾਡੇ ਲੋਕ ਜ਼ਰੂਰ ਹੀ ਨਾਟਕ ਕਲਾ ਕੇਂਦਰ ਦੀ ਟੀਮ ਦਾ ਨਿੱਘਾ ਸੁਆਗਤ ਕਰਨਗੇ। ਪਰ ਫਿਰ ਭੀ ਸਾਨੂੰ ਪੈਸੇ ਵਜੋਂ ਜਾਂ ਜਥੇਬੰਦਕ ਤੌਰ ਤੇ ਇਸ ਟੀਮ ਨੂੰ ਕੈਨੇਡਾ ਬੁਲਾਕੇ ਉਨ੍ਹਾਂ ਦੇ ਸਾਰੇ ਸ਼ਹਿਰਾਂ ਵਿਚ ਪ੍ਰੋਗਰਾਮ ਕਰਵਾਉਣ ਦੇ ਕੰਮ ਨੂੰ ਕਾਮਯਾਬੀ ਨਾਲ ਸਿਰੇ ਚਾੜ੍ਹ ਸਕਣ ਬਾਰੇ ਸ਼ੱਕ ਹੋ ਜਾਂਦੀ ਸੀ। ਸਾਨੂੰ ਇਸ ਸਬੰਧੀ ਕੈਨੇਡਾ ਵਿਚ ਭਾਰਤੀ ਸਾਹਿਤਕਾਰਾਂ, ਕਲਾਕਾਰਾਂ, ਸਾਹਿਤਕ ਜਥੇਬੰਦੀਆਂ ਅਤੇ ਕਮਿਊਨਿਟੀ ਜਥੇਬੰਦੀਆਂ ਦਾ ਸਹਿਯੋਗ ਮਿਲਣ ਦਾ ਪੂਰਾ ਯਕੀਨ ਸੀ। ਅਤੇ ਸਾਡਾ ਇਹ ਯਕੀਨ ਬਿਲਕੁਲ ਸਹੀ ਸਾਬਤ ਹੋਇਆ। ਸਾਨੂੰ ਗੁਰਸ਼ਰਨ ਸਿੰਘ ਦੇ ਦੌਰੇ ਪ੍ਰਤੀ ਕੈਨੇਡਾ ਵਿਚ ਭਾਰਤੀ ਸਾਹਿਤਕਾਰਾਂ ਅਤੇ ਕਲਾਕਾਰਾਂ ਵਲੋਂ ਦਿਖਾਏ ਗਏ ਉਤਸ਼ਾਹ ਨਾਲ ਬਹੁਤ ਖੁਸ਼ੀ ਮਿਲੀ ਅਤੇ ਉਤਸ਼ਾਹ ਮਿਲਿਆ ਹੈ।

ਭਾਰਤੀ ਕਮਿਊਨਿਟੀ ਦੇ ਸਾਹਿਤਕਾਰਾਂ ਅਤੇ ਕਲਾਕਾਰਾਂ ਦੀ ਮੱਦਦ ਉਦੋਂ ਸਾਹਮਣੇ ਆਈ ਜਦੋਂ ਭਾਰਤੀ ਸਰਕਾਰ ਨੇ ਸ. ਗੁਰਸ਼ਰਨ ਸਿੰਘ ਨੂੰ ਪਾਸਪੋਰਟ ਨਾ ਦਿਤਾ। ਸਰਕਾਰ ਦੇ ਇਸ ਕਦਮ ਦਾ ਮਕਸਦ ਸਿਰਫ ਗੁਰਸ਼ਰਨ ਸਿੰਘ ਨੂੰ ਤੰਗ ਕਰਨਾ ਹੀ ਨਹੀਂ ਸੀ ਬਲਕਿ ਹਜ਼ਾਰਾਂ ਹੀ ਉਨ੍ਹਾਂ ਭਾਰਤੀਆਂ ਹੈ, ਜੋ ਕਲਾ ਕੇਂਦਰ ਦੀ ਟੀਮ ਦੀ ਬੜੀ ਤਾਂਘ ਨਾਲ ਉਡੀਕ ਕਰ ਰਹੇ ਸਨ, ਉਹਨਾਂ ਦੇ ਡਰਾਮਿਆਂ ਤੋਂ ਵਾਂਝਿਆਂ ਰੱਖਣਾ ਵੀ। ਹਫਤੇ ਦੇ ਅੰਦਰ ਅੰਦਰ ਅਨੇਕਾਂ ਹੀ ਤਾਰਾਂ ਇੰਦਰਾ ਗਾਂਧੀ ਅਤੇ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਦੇ ਦਫਤਰ ਨੂੰ ਭੇਜੀਆਂ ਗਈਆਂ। ਗੁੱਸੇ ਵਿਚ ਆਏ ਭਾਰਤੀਆਂ ਨੇ ਮੰਟਰੀਅਲ, ਵਿਨੀਪੈਗ, ਐਡਮੰਟਨ, ਕੈਲਗਰੀ, ਵੈਨਕੂਵਰ, ਅਤੇ ਕੈਨੇਡਾ ਅਤੇ ਅਮਰੀਕਾ ਦੇ ਹੋਰਨਾਂ ਸ਼ਹਿਰਾਂ ਤੋਂ ਇੰਦਰਾ ਗਾਂਧੀ ਨੂੰ ਤਾਰਾਂ ਭੇਜੀਆਂ ਅਤੇ ਗੁਰਸ਼ਰਨ ਸਿੰਘ ਨੂੰ ਪਾਸਪੋਰਟ ਜਾਰੀ ਕੀਤੇ ਜਾਣ ਦੀ ਮੰਗ ਕੀਤੀ। ਭਾਰਤੀ ਕਮਿਊਨਿਟੀ ਦੇ ਜਾਣੇ ਪਛਾਣੇ ਮੈਂਬਰਾਂ ਅਤੇ ਸਾਹਿਤਕਾਰਾਂ ਜਿਹਨਾਂ ਵਿਚ ਗਿਆਨੀ ਕੇਸਰ ਸਿੰਘ ਨਾਵਲਿਸਟ, ਗੁਰਚਰਨ ਰਾਮਪੁਰੀ, ਤਾਰਾ ਸਿੰਘ ਹੇਅਰ(ਐਡੀਟਰ ਇੰਡੋ ਕਨੇਡੀਅਨ ਟਾਈਮਜ਼), ਦਰਸ਼ਨ ਗਿੱਲ(ਐਡੀਟਰ ਕਨੇਡਾ ਦਰਪਣ), ਜਸਵੰਤ ਮਾਂਗਟ, ਸਾਧੂ, ਪਾਲ ਬਿਨਿੰਗ, ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ,(ਐਡੀਟਰ ਵਤਨੋਂ ਦੂਰ), ਰਾਜ ਚੌਹਾਨ, ਸਰਵਣ ਬੋਲ, ਸੁਖਵੰਤ ਹੁੰਦਲ, ਉੱਜਲ ਦੁਸਾਂਝ ਦੇ ਨਾਉਂ ਸ਼ਾਮਲ ਹਨ ਨੇ ਭਾਰਤੀ ਸਰਕਾਰ ਨੂੰ ਰੋਸ ਦੀਆਂ ਤਾਰਾਂ ਭੇਜੀਆਂ। ਸਾਹਿਤਕ ਜਥੇਬੰਦੀਆਂ ਵਿਚੋਂ ਇੰਟਰਨੈਸ਼ਨਲ



ਪੰਜਾਬੀ ਲਿਟਰੇਰੀ ਟਰਸਟ(ਕੈਨੇਡਾ), ਵਤਨੋਂ ਦੂਰ, ਭਾਰਤੀ ਨਾਟ ਕੇਂਦਰ, ਪੰਜਾਬ ਕਲਚਰਲ ਐਸੋਸੀਏਸ਼ਨ, ਪੰਜਾਬੀ ਸਾਹਿਤ ਸਭਾ ਵੈਨਕੂਵਰ, ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈਗ, ਅਤੇ ਐਡਮੰਟਨ ਅਤੇ ਟਰਾਂਟੋ ਦੀਆਂ ਸਾਹਿਤਕ ਸਭਾਵਾਂ ਨੇ ਗੁਰਸ਼ਰਨ ਸਿੰਘ ਨੂੰ ਪਾਸਪੋਰਟ ਨਾ ਦਿਤੇ ਜਾਣ ਵਿਰੁਧ ਰੋਸ ਪ੍ਰਗਟ ਕੀਤੀ। ਐਨੇ ਵੱਡੇ ਇਸ ਰੋਸ ਨੂੰ ਦੇਖਦਿਆਂ ਹੋਇਆਂ ਕਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਨੂੰ ਖੁਦ ਭਾਰਤੀ ਸਰਕਾਰ ਨਾਲ ਗੁਰਸ਼ਰਨ ਸਿੰਘ ਦੇ ਪਾਸਪੋਰਟ ਦਾ ਸੁਆਲ ਉਠਾਉਣਾ ਪਿਆ। ਅਸੀਂ ਇਪਾਨਾ ਵਲੋਂ ਉਹਨਾਂ ਸਾਰੀਆਂ ਜਥੇਬੰਦੀਆਂ ਅਤੇ ਵਿਅਕਤੀਆਂ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਸ. ਗੁਰਸ਼ਰਨ ਸਿੰਘ ਨੂੰ ਪਾਸਪੋਰਟ ਦੁਆਉਣ ਲਈ ਸਰਕਾਰ ਨੇ ਦਬਾਅ ਪਾਇਆ। ਅਸੀਂ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਦਾ ਭੀ ਧੰਨਵਾਦ ਕਰਦੇ ਹਾਂ ਜਿਸ ਨੇ ਕਿ ਭਾਰਤੀ ਸਰਕਾਰ ਨਾਲ ਇਹ ਮਸਲਾ ਇਕਦਮ ਉਠਾਉਣਾ ਮੁਨਾਸਿਬ ਸਮਝਿਆ।

ਅਸੀਂ ਕੈਨੇਡਾ ਦੇ ਸਾਰੇ ਸਾਹਿਤਕਾਰਾਂ, ਕਲਾਕਾਰਾਂ, ਸਾਹਿਤਕ ਜਥੇਬੰਦੀਆਂ, ਭਾਰਤੀ ਕਮਿਊਨਿਟੀ ਦੇ ਪੇਪਰਾਂ, ਅਤੇ ਭਾਰਤੀ ਕਮਿਊਨਿਟੀ ਦੀਆਂ ਸਾਰੀਆਂ ਜਥੇਬੰਦੀਆਂ ਨੂੰ ਅੰਮ੍ਰਿਤਸਰ ਨਾਟਕ ਕਲਾ ਦੇਂਦਰ ਦੇ ਇਸ ਦੌਰੇ ਨੂੰ ਕਾਮਯਾਬ ਬਣਾਉਣ ਦੀ ਅਪੀਲ ਕਰਦੇ ਹਾਂ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਪੰਜਾਬ ਲੋਕ ਸਭਿਆਚਾਰ ਨੂੰ ਮਹਾਨ ਦੇਣ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸਾਡੀ ਕਮਿਊਨਿਟੀ ਇਹਨਾਂ ਸਾਹਿਤਕਾਰਾਂ, ਅਤੇ ਕਲਾਕਾਰਾਂ ਦਾ ਕੈਨੇਡਾ ਵਿਚ ਨਿਘਾ ਸੁਆਗਤ ਕਰੇਗੀ।

ਨਾਟਕ ਕਲਾ ਕੇਂਦਰ ਦਾ ਕੈਨੇਡਾ ਵਿਚ ਪਹਿਲਾ ਪ੍ਰੋਗਰਾਮ ਸ਼ਨਿਚਰਵਾਰ, 28 ਮਈ ਨੂੰ ਸ਼ਾਮ 7.00 ਵਜੇ ਵੈਨਕੂਵਰ ਟੈਕਨੀਕਲ ਸਕੂਲ, 2600 ਈਸਟ ਬਰੋਡਵੇ, ਵੈਨਕੂਵਰ ਵਿਖੇ ਹੋ ਰਿਹਾ ਹੈ ਜਿਸ ਵਿਚ ਤਿੰਨ ਡਰਾਮੇ — "ਜਿਸ ਸੱਚ ਪੱਲੇ ਹੋਏ", "ਚਾਂਦਨੀ ਚੌਕ ਤੋਂ ਸਰਹਿਦ ਤੱਕ", ਅਤੇ "ਟੋਆ" ਖੇਡੇ ਜਾਣਗੇ।

ਪ੍ਰੋਗਰਾਮ ਦੀਆਂ ਟਿਕਟਾਂ ਲਈ ਜਾਂ ਗੁਰਸ਼ਰਨ ਸਿੰਘ ਹੋਰਾਂ ਦੇ ਬਾਕੀ ਸ਼ਹਿਰਾਂ ਦੇ ਪ੍ਰੋਗਰਾਮਾਂ ਬਾਰੇ ਫੋਨ ਕਰੋ :— ਨਿਰਮਲ ਰਤਨ—584-7942 ; ਹਰੀ ਸ਼ਰਮਾ—420-2972 ; ਹਰਿੰਦਰ ਮਾਹਲ—588-0002 ; ਜਾਂ ਟਰਾਂਟੋ ਵਿਚ ਗੁਰਮੀਤ ਕੰਗ—792-2500.

ਜਨਰਲ ਜ਼ਿਆ ਨੂੰ ਚਿਤਾਵਨੀ

ਭਿੱਖੀ ਵਿੰਡ (ਪੱਤਰ ਪ੍ਰੇਰਕ)—ਪਾਕਿਸਤਾਨ ਦੀ ਨੈਸ਼ਨਲ ਡੇਮੋਕਰੇਟਿਕ ਪਾਰਟੀ ਦੇ ਪ੍ਰਧਾਨ ਸਿਸਾਰ ਸ਼ੇਖਬਾਰ ਮਜਾਹੀ ਨੇ ਪਾਕਿ ਦੇ ਰਾਸ਼ਟਰਪਤੀ ਜਨਰਲ ਜ਼ਿਆਉਲ ਹੱਕ ਨੂੰ ਵਾਰਨਿੰਗ ਦਿਤੀ ਹੈ ਕਿ ਪਾਕਿ ਵਿਚ ਸ਼ਾਂਤੀ ਕਰਨ ਦਾ ਇਕੋ ਹੀ ਹਲ ਸਿਰਫ ਚੋਣਾਂ ਹੀ ਹਨ ਇਸ ਲਈ ਪਾਕਿ ਵਿਚ ਤੁਰੰਤ ਚੋਣਾਂ ਕਰਾਈਆਂ ਜਾਣ ਨਹੀਂ ਤਾਂ ਪਾਕਿ ਵਿਚ ਖੂਨ ਖਰਾਬਾ ਇਸੇ ਤਰ੍ਹਾਂ ਹੀ ਹੁੰਦਾ ਰਹੇਗਾ.

ਮਿਸਟਰ ਮਜਾਹੀ ਨੇ ਕਿਹਾ ਕਿ ਪਾਕੀ ਲੋਕ ਫੌਜੀ ਰਾਜ ਤੋਂ ਅੱਕ ਗਏ ਹਨ ਕਿਉਂਕਿ ਫੌਜੀਆਂ ਨੇ ਪਾਕਿ ਨੂੰ ਆਪਣੀ ਬਾਦਸ਼ਾਹੀ ਬਣਾ ਰਖਿਆ ਹੈ ਤੇ ਪਾਕੀ ਲੋਕਾਂ ਨੂੰ ਲਗਾਤਾਰ ਚੋਣਾਂ ਦੇ ਲਾਰੇ ਲਾ ਕੇ ਗੁਮਰਾਹ ਕੀਤਾ ਜਾ ਰਿਹਾ ਹੈ.

ਬਿਰਹਾ ਦੇ ਸੁਲਤਾਨ 'ਸ਼ਿਵ ਕੁਮਾਰ ਬਟਾਲਵੀ' ਦੀ ਦਸਵੀਂ ਬਰਸੀ ਤੇ ਅਸੀਂ ਉਸਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ

ਮਨਜੀਤ 'ਮੀਤ'

ਸ਼ਿਵ ਕੁਮਾਰ ਬਟਾਲਵੀ ਵਾਰਿਸ ਤੋਂ ਬਾਅਦ ਪੰਜਾਬੀ ਕਾਵਿ ਜਗਤ ਵਿਚ ਸਭ ਤੋਂ ਵਧ ਮਕਬੂਲ ਸ਼ਾਇਰ ਹੋਇਆ ਹੈ। ਉਸਨੇ ਸਦੀਆਂ ਤੋਂ ਕਲੰਕਿਤ ਲੂਣਾਂ ਦੇ ਦਾਮਨ ਦੇ ਦਾਗ ਆਪਣੇ ਹੰਝੂਆਂ ਨਾਲ ਧੋਤੇ। ਕਾਦਰਯਾਰ ਦੇ ਕਿਸੇ ਦੀ ਦੁਰਕਾਰੀ ਖਲਨਾਇਕਾ 'ਲੂਣਾ' ਨਾਲ ਸੱਚਾ ਇਨਸਾਫ ਕੀਤਾ ਤੇ ਉਸਦੇ ਸਦੀਆਂ ਤੋਂ ਵਹਿੰਦੇ ਹੰਝੂ ਪੂੰਝ ਕੇ ਉਸਨੂੰ ਗਲ ਨਾਲ ਲਾਇਆ। 'ਲੂਣਾ' ਦੇ ਦਿਲ ਦੇ ਡੂੰਘੇ ਦਰਦਾਂ ਦੀ ਤਰਜ਼ਮਾਨੀ ਕਰਕੇ ਉਸਨੇ ਲੂਣਾ ਨੂੰ ਸਦਾ ਲਈ ਅਮਰ ਕਰ ਦਿਤਾ।

ਪੰਜਾਬੀ ਦੇ ਇਸ ਮਹਾਨ ਸ਼ਾਇਰ ਦਾ ਜਨਮ 23 ਜੁਲਾਈ 1936 ਨੂੰ ਜ਼ਿਲਾ ਗੁਰਦਾਸਪੁਰ ਦੀ ਤਹਿਸੀਲ ਸ਼ੰਕਰਗੜ੍ਹ ਵਿਚ ਇਕ ਛੋਟੀ ਜੇਹੀ ਨਦੀ, ਬਸੰਤਰ, ਦੇ ਕੰਢੇ ਤੇ ਸਥਿਤ ਬੜਾ ਪਿੰਡ ਲੋਹਟੀਆਂ ਵਿਚ ਹੋਇਆ। ਇਹ ਪਿੰਡ ਅੱਜ ਕਲ੍ਹ ਪਾਕਿਸਤਾਨ ਵਿਚ ਰਹਿ ਗਿਆ ਹੈ। ਸ਼ਿਵ ਦਾ ਪਿਤਾ ਕਿਸ਼ਨ ਗੋਪਾਲ ਪੰਜਾਬ ਦੇ ਮਹਿਕਮਾ ਮਾਲ ਵਿਚ ਪਟਵਾਰੀ ਲਗਿਆ ਹੋਇਆ ਸੀ। ਮਾਂ ਨੇ ਚਾਅ ਨਾਲ ਨਵ-ਜੰਮੇ ਬਾਲ ਦਾ ਨਾਂ 'ਸ਼ਿਵ' ਰੱਖ ਦਿਤਾ ਪਰ ਕੁਦਰਤ ਨੇ ਉਸਨੂੰ ਅਜੀਬ ਢੰਗ ਨਾਲ ਸੱਚਮੁਚ ਦੇ 'ਸ਼ਿਵ' ਵਰਗਾ ਕੰਮ ਕਰਨ ਲਈ ਚੁਣ ਲਿਆ। ਦੇਵ ਲੋਕ ਦੇ ਸ਼ਿਵ ਵਾਂਗ ਮਾਤ ਲੋਕ ਦੇ ਸ਼ਿਵ ਨੇ ਬਿਰਹਾ ਰੂਪੀ ਜ਼ਹਿਰ ਫੱਕ ਕੇ ਦਰਦ ਰੰਞਾਣੀਆਂ ਰੂਹਾਂ ਨੂੰ ਧੀਰਜ ਬੰਨਾਇਆ। ਪਰ ਮਾਤ ਲੋਕ ਦੇ ਸ਼ਿਵ ਨੂੰ ਦੇਵ ਲੋਕ ਦੇ ਸ਼ਿਵ ਵਾਂਗ ਕੋਈ ਚੰਦਰਮੁਖੀ ਆਤਮਾ ਨਾ ਮਿਲੀ ਜੋ ਬਿਰਹਾ ਅਗਨੀ ਨੂੰ ਬੁਝਾ ਕੇ ਉਸਦੇ ਭੱਠ ਵਾਂਗ ਤਪਦੇ ਹਿਰਦੇ ਨੂੰ ਸ਼ਾਂਤ ਕਰ ਦਿੰਦੀ।

ਬਚਪਨ ਦੇ ਦਿਨਾਂ ਵਿਚ ਸ਼ਿਵ ਬਸੰਤਰ ਨਦੀ ਦੇ ਕੰਢੇ ਆਪਣੇ ਹਾਣੀਆਂ ਨਾਲ ਚਿੱਟੀ ਰੇਤ ਦੇ ਘੋਗਿਆਂ ਸਿੱਪੀਆਂ ਨਾਲ ਪਾਈਆਂ ਲਕੀਰਾਂ ਅਤੇ ਚਿੜੀਆਂ ਘੁਗੀਆਂ ਦੀਆਂ ਪੈੜਾਂ ਮਗਰ ਸੁਬਾਹ ਤੋਂ ਸ਼ਾਮ ਤੱਕ ਘੁੰਮਦਾ ਰਹਿੰਦਾ। ਤਿਤਲੀਆਂ ਫੜਦਾ ਫੜਦਾ ਜਦੋਂ ਥੱਕ ਜਾਂਦਾ ਤਾਂ ਉਦਾਸ ਹੋ ਕੇ ਬਸੰਤਰ ਨਦੀ ਦੇ ਕੰਢੇ ਠੰਡੀ ਰੇਤ ਤੇ ਲੇਟ ਜਾਂਦਾ। ਤ੍ਰਿਕਾਲਾਂ ਨੂੰ ਥੜਿਆਂ ਤੇ ਟਾਣ੍ਹ ਗੀਟੇ ਖੇਡਦੀਆਂ ਕੁੜੀਆਂ ਕੋਲ ਚੁਪ ਚਪੀਤਾ ਬੈਠਾ ਉਹਨਾਂ ਦੇ ਮੂੰਹਾਂ ਵਲ ਟਿਕਟਕੀ ਲਗਾ ਕੇ ਵੇਂਹਦਾ ਰਹਿੰਦਾ। ਪਤਾ ਨਹੀਂ ਕਿਹੜਾ ਦਰਦ ਸੀ ਕਿਹੜਾ ਵੈਰਾਗ ਸੀ ਉਹਦੇ ਦਿਲ ਵਿਚ? ਬਚਪਨ ਤੋਂ ਹੀ ਉਦਾਸ ਸ਼ਿਵ ਮਾਪਿਆਂ ਲਈ ਮੁਸੀਬਤ ਬਣਿਆ ਹੋਇਆ ਸੀ। ਹਰ ਰੋਜ਼ ਅੱਧੀ ਰਾਤ ਗਈ ਉਸਨੂੰ ਲੱਭ ਕੇ ਘਰੇ ਲਿਆਂਦਾਂ ਜਾਂਦਾ।


ਲੋਕਾਂ ਨੇ ਉਸਦੇ ਇਸ ਸੁਭਾਅ ਕਰਕੇ ਬੜਾ ਪਿੰਡ ਲੋਹਟੀਆਂ ਦੇ ਇਕ ਮਸਤ ਮਲੰਗਾਂ ਦੇ ਨਾਂ ਤੇ ਉਸਦਾ ਨਾਂ 'ਮੁੰਦੋ ਮਲੰਗ' ਰੱਖ ਲਿਆ। 1947 ਦੇ ਕਤਲੇਆਮ ਸ਼ਿਵ ਨੇ ਅੱਖੀਂ ਵੇਖਿਆ। ਮਨੁੱਖਤਾ ਦੇ ਲਹੂ ਨਾਲ ਲੱਥ ਪੱਥ ਹੋਈ ਧਰਤੀ ਦੇਖੀ। ਉਸਦਾ ਮਨ ਧੁਰ ਆਤਮਾ ਤਕ ਹਿਲ ਗਿਆ। ਸ਼ਿਵ ਨੂੰ ਗਾਉਣ ਦਾ ਸ਼ੌਕ ਬਚਪਨ ਤੋਂ ਹੀ ਸੀ। ਸ਼ਿਵ ਮਨੁੱਖਤਾ ਦੇ ਇਸ ਕਹਿਰ ਨੂੰ ਹੋਰ ਵੀ ਦਰਦ ਨਾਲ ਸੁਣਾਉਂਦਾ ਤਾਂ ਸਰੋਤੇ ਭੁੱਬਾਂ ਮਾਰਕੇ ਰੋਣ ਲੱਗ ਪੈਂਦੇ।

1949 ਵਿਚ ਪੰਡਿਤ ਕਿਸ਼ਨ ਗੋਪਾਲ ਦੀ ਬਦਲੀ ਬਟਾਲੇ ਦੀ ਹੋ ਗਈ ਸਾਰਾ ਪਰਵਾਰ ਡੇਰਾ ਬਾਬਾ ਨਾਨਕ ਤੋਂ ਬਟਾਲੇ ਆ ਗਿਆ। ਸ਼ਿਵ ਉਥੇ ਸ਼ਾਲਵੇਸ਼ਨ ਹਾਈ ਸਕੂਲ ਦੀ ਸਤਵੀਂ ਜਮਾਤ ਦਾ ਵਿਦਿਆਰਥੀ ਬਣ ਗਿਆ। ਸਮਾਂ ਗੁਜ਼ਰਦਾ ਗਿਆ ਤੇ 1953 ਵਿਚ ਦਸਵੀਂ ਕਰਕੇ ਉਹ ਕ੍ਰਿਸਚੀਅਨ ਬੇਰਿੰਗ ਕਾਲਜ ਦੀ ਐਫ. ਐਸ. ਸੀ. ਜਮਾਤ ਵਿਚ ਦਾਖਲ ਹੋ ਗਿਆ। ਕਾਲਜ ਵਿਚ ਉਸਨੇ ਫਿਲਮੀ ਗੀਤ ਤੇ ਗਜ਼ਲਾਂ ਗੌਣੀਆਂ ਸ਼ੁਰੂ ਕੀਤੀਆਂ। ਜਦੋਂ ਸ਼ਿਵ ਬਾਹਾਂ ਉਚੀਆਂ ਕਰਕੇ ਕੋਈ ਸ਼ੇਅਰ ਕਹਿੰਦਾ ਤਾਂ ਉਸਦੀ ਵੈਰਾਗ ਮਈ ਆਵਾਜ਼ ਵਿਚ ਹਰ ਕਿਸੇ ਨੂੰ ਆਪਣਾ ਆਪਣਾ ਦਰਦ ਘੁਲਿਆ ਪ੍ਰਤੀਤ ਹੁੰਦਾ। ਕਾਲਜ ਵਿਚ ਹਰ ਟੁੱਟੇ ਦਿਲ ਦੀ ਦਵਾ ਸ਼ਿਵ ਸੀ। ਉਹਦੇ ਗਲ ਵਿਚ ਰਾਂਝੇ ਦੀ ਵੰਝਲੀ ਦਾ ਕੋਈ ਸੁਰ ਸੀ। ਜਦੋਂ ਉਹ ਹੇਕ ਲਾਉਂਦਾ ਕੁੜੀਆਂ ਦੇ ਕਦਮ ਆਪ ਮੁਹਾਰੇ ਰੁਕ ਜਾਂਦੇ। ਕੈਨਟੀਨ ਮੂਹਰੇ ਬੈਠਾ ਸ਼ਿਵ ਦੋਸਤ ਮੁੰਡੇ ਕੁੜੀਆਂ ਵਿਚ ਘਿਰਿਆ ਰਹਿੰਦਾ। ਇਕ ਚਾਹ ਦੇ ਕੱਪ ਤੋਂ ਬਾਅਦ ਦੂਜਾ, ਦੂਜੇ ਤੋਂ ਬਾਅਦ ਤੀਜਾ, ਤੇ ਇਸ ਤਰਾਂ ਸਿਗਰਟਾਂ ਦੀਆਂ ਦਰਜਨਾਂ ਦੀਆਂ ਦਰਜਨਾਂ ਮਹਿਫਲਾਂ ਵਿਚ ਬੈਠਾ ਫੂਕਦਾ ਰਹਿੰਦਾ। ਮੁੰਡੇ ਬਹਿੰਦੇ ਤੇ ਉਠਕੇ ਚਲੇ ਜਾਂਦੇ ਤੇ ਹੋਰ ਆ ਕੇ ਬੈਠ ਜਾਂਦੇ। ਸ਼ਿਵ ਜਦੋਂ ਮੂਡ ਵਿਚ ਆਕੇ ਹੇਕ ਲਾਉਂਦਾ ਤਾਂ ਸਾਰੀ ਕਾਇਨਾਤ ਵਿਚ ਮਲਹਾਰ ਛਿੜ ਪੈਂਦਾ। ਸ਼ਿਵ ਦੀ ਸਾਰੀ ਦਿਹਾੜੀ ਕੈਨਟੀਨ ਤੇ ਬੈਠਿਆਂ ਲੰਘ ਜਾਂਦੀ।

ਦਰਦ ਭਰੇ ਗੀਤਾਂ ਦੀ ਫਰਮਾਇਸ਼ ਚਲਦੀ ਰਹਿੰਦੀ ਤੇ ਸ਼ਿਵ ਗੀਤ ਤੇ ਗੀਤ ਸੁਣਾਉਂਦਾ ਰਹਿੰਦਾ। ਦਰਦ ਭਰੇ ਗੀਤਾਂ ਵਾਂਗ ਦਰਦ ਉਹਦੇ ਜਵਾਨ ਦਿਲ ਵਿਚ ਲਹਿ ਚੁਕਿਆ ਸੀ। ਜਾਂ ਉਹ ਉਹਨੂੰ ਨਾਲ ਲੈ ਕੇ ਪੈਦਾ ਹੋਇਆ ਸੀ। ਮੁੱਢ ਤੋਂ ਹੀ ਲੈ ਕੇ ਆਖਰੀ ਦਮ ਤਕ ਇਹ ਦਰਦ ਉਸਦੇ ਸਾਥ ਰਿਹਾ।

ਬਟਾਲੇ ਤੋਂ ਉਹ ਕਾਦੀਆਂ ਕਾਲਜ ਜਾ ਦਾਖਲ ਹੋਇਆ। ਵਿਗਿਆਨ ਦੇ ਵਿਸ਼ੇ ਬਦਲੇ ਤੇ ਆਰਟਸ ਦੇ ਵਿਸ਼ੇ ਰੱਖ ਲਏ। ਪਰ ਉਹ ਦਿਲ ਦੇ ਦਰਦ ਦਾ ਕੋਈ ਪ੍ਰਤਿਸਥਾਪੀ ਨਾ ਲੱਭ ਸਕਿਆ। ਉਹ ਦਰਦ ਦੀਆਂ ਡੂੰਘਾਣਾਂ ਵਿਚ ਡੂੰਘਾ ਹੀ ਡੂੰਘਾ ਉਤਰਦਾ ਗਿਆ ਇਸ ਤੋਂ ਬਾਅਦ ਪੜ੍ਹਾਈ ਬੰਦ ਕਰ ਦਿਤੀ ਤੇ ਝੁਕਾਅ ਸਾਹਿਤ ਵਲ ਹੋ ਗਿਆ।

ਬੈਜਨਾਥ ਦੇ ਮੇਲੇ ਤੇ ਉਹਦੀ ਮੁਲਾਕਾਤ ਇਕ ਮੀਨਾਂ ਨਾਂ ਦੀ ਕੁੜੀ ਨਾਲ ਹੋਈ। ਸ਼ਿਵ ਨੂੰ ਲੱਗਿਆ ਜਿਵੇਂ ਮੀਨਾ ਉਸਦੇ ਦਿਲ ਦਾ ਅਰਮਾਨ ਸੀ ਇਸ ਰੋਮਾਂਸ ਨੇ ਦੋ ਰੂਹਾਂ ਨੂੰ ਵਲ੍ਹ ਲਿਆ। ਨਾਜ਼ਕ ਦਿਲ ਦੇ ਮਾਲਕ ਸ਼ਿਵ ਨੇ ਹੁਸੀਨ ਮੀਨਾ ਦੀ ਤਸਵੀਰ ਦਿਲ ਦੀ ਕੈਨਵਸ ਤੇ ਉਲੀਕ ਲਈ। ਸ਼ਾਇਦ ਮੀਨਾ ਉਸ ਨਾਲ ਸਦਾ ਵਫਾ ਨਿਭਾਉਂਦੀ ਪਰ ਕਿਸਮਤ ਨੂੰ ਇਹ ਮਨਜ਼ੂਰ ਨਹੀਂ ਸੀ। ਪਰਵਰਦਿਗਾਰ ਨੇ ਮੀਨਾ ਨੂੰ ਸ਼ਿਵ ਤੋਂ ਸਦਾ ਲਈ ਖੋਹ ਲਿਆ। ਉਹ ਮਿਆਦੀ ਬੁਖ਼ਾਰ ਨਾਲ ਕੁਝ ਦਿਨ ਬੀਮਾਰ ਹੋ ਕੇ ਸ਼ਿਵ ਨੂੰ ਸਦਾ ਲਈ ਵਿਛੋੜਾ ਦੇ ਗਈ ਤੇ ਰਾਖ ਦੀ ਢੇਰੀ ਬਣਕੇ ਰਹਿ ਗਈ। ਜਮਾਂਦਰੂ ਉਦਾਸੇ



ਸ਼ਿਵ ਨੂੰ ਇਕ ਹੋਰ ਉਦਾਸੀ ਨੇ ਆ ਘੇਰਿਆ। ਉਹ ਪਾਗਲਾਂ ਵਾਂਗ ਹੋ ਗਿਆ ਉਹਦੇ ਵਿਚਲਾ 'ਮੁੰਦੋ ਮਲੰਗ' ਫਿਰ ਜ਼ਖਮੀ ਹੋ ਗਿਆ। ਮੀਨਾ ਦੀ ਯਾਦ ਵਿਚ ਉਸਨੇ ਬੜੇ ਦਰਦ ਭਰੇ ਗੀਤ ਲਿਖੇ ਤੇ ਦਿਲ ਨੂੰ ਢਾਰਸ ਦੇਣ ਲਈ ਉਹ ਮਹਾਨ ਸ਼ਾਇਰ ਉਮਰ ਖਿਆਰਾ ਵਾਂਗ ਸ਼ਰਾਬ ਦੇ ਪਿਆਲੇ ਦਾ ਆਸਰਾ ਲੈਣ ਲਗ ਪਿਆ। ਮੀਨਾ ਜਾਂਦੀ ਜਾਂਦੀ ਸ਼ਿਵ ਦੇ ਹੱਥ ਕਲਮ ਫੜਾ ਗਈ ਤੇ ਉਹ ਲਿਖਣ ਲਗ ਪਿਆ।

ਮੇਰਿਆਂ ਗੀਤਾਂ ਦੀ ਮੈਨਾ ਮਰ ਗਈ
ਰਹਿ ਗਿਆ ਪਾਂਧੀ ਮੁਕਾ ਪਹਿਲਾਂ ਹੀ ਕੋਹ।
ਚੰਨ ਦੀ ਰੋਟੀ ਪਕਾਈ ਤਾਰਿਆਂ,
ਬਦਲੀਆਂ ਮਰ ਜਾਣੀਆਂ ਲੈ ਗਈਆਂ ਖੋਹ।

ਸ਼ਿਵ ਨੇ ਇਹਨਾਂ ਵਿਚ ਬਹੁਤ ਪੀੜਾਂ ਪਰੁੱਚੇ ਤੇ ਦਿਲ ਵਿੰਨਵੇਂ ਗੀਤ ਲਿਖੇ ਤੇ ਹਰ ਸਤਰ ਵਿਚ ਮੌਤ ਨੂੰ 'ਵਾਜਾਂ' ਮਾਰ ਮਾਰ ਪੁਕਾਰਨ ਲਗ ਪਿਆ।

ਠਹਿਰ ਮੌਤੇ ਨੀ ਲੈ ਜਾ ਮੈਨੂੰ
ਨਿਰਾਸ ਹੋ ਕੇ ਕਿਉਂ ਮੁੜ ਚਲੀ ਏ
ਖਾਲੀ ਮੋੜਨ ਨੂੰ ਜੀਅ ਨਹੀਂ ਕਰਦਾ
ਹੁਣ ਦਰ ਤੇ ਆਇਆ ਕੋਈ ਸਵਾਲੀ।

ਉਸਨੂੰ ਇਨੀ ਦਿਨੀਂ ਸਾਰੀ ਕਾਇਨਾਤ ਦਰਦ ਵਿਚ ਉਸ ਨਾਲ ਰੋਂਦੀ ਪ੍ਰਤੀਤ ਹੋ ਰਹੀ ਸੀ। ਤੇ ਉਹਦੀ ਕਲਮ ਇਸ ਦਰਦ ਨੂੰ ਸ਼ਬਦਾਂ ਵਿਚ ਢਾਲ ਰਹੀ ਸੀ।

ਸੌ ਗਈਆਂ ਹਵਾਵਾਂ ਰੋ ਰੋ
ਕਰ ਵਰਲਾਪ ਨੀ
ਤਾਰਿਆਂ ਨੂੰ ਚੜ੍ਹ ਗਿਆ
ਮੱਠਾ ਮੱਠਾ ਤਾਪ ਨੀ
ਜੰਜ ਸਾਹਵਾਂ ਦੀ ਰੁੱਸ ਗਿਆ ਲਾੜਾ
ਨੀ ਪੀੜਾਂ ਦਾ ਪਰਾਗਾ ਭੁੰਨਦੇ ਭੱਠੀ ਵਾਲੀਏ।

ਸ਼ਿਵ ਮਹਿਫਲਾਂ ਮੁਸ਼ਾਇਰੇ ਦੇ ਸਟੇਜਾਂ ਤੋਂ ਆਪਣੇ ਦਰਦ ਦੇ ਛਿੱਟੇ ਘਰ ਘਰ ਦੇਣ ਲਗ ਪਿਆ। ਬੇਰੋਜ਼ਗਾਰ ਸ਼ਿਵ ਨੇ ਪਟਵਾਰ ਪਾਸ ਕਰ ਲਈ ਤੇ ਪਟਵਾਰੀ ਲਗ ਗਿਆ। ਪੇਂਡੂ ਵਾਤਾਵਰਨ ਵਿਚ ਸ਼ਰਾਬ, ਗਮ ਦੇ ਗੀਤ ਤੇ ਸ਼ਿਵ ਨਾਲ ਨਾਲ ਚਲਦੇ ਰਹੇ। ਉਸਨੇ ਗ੍ਰਾਮੀਨ ਸ਼ਬਦਾਵਲੀ ਤੇ ਬਿੰਬਾਵਲੀ ਵੀ ਇਸੇ ਸਮੇਂ ਗ੍ਰਹਿਣ ਕੀਤੀ ਤੇ ਗਰੀਬ ਲੋਕਾਂ ਦੇ ਦੁਖਾਂ ਸੁਖਾਂ 'ਚ ਅਨੁਭਵ ਵੀ ਕੀਤਾ। ਪਰ ਕਿਥੇ ਕਵਿਤਾ ਤੇ ਕਿਥੇ ਸੁਜਰੇ ਤੇ ਜਰ੍ਹਾਬੰਦੀਆਂ।

ਇਕ ਵਾਰ ਸ਼ਿਵ ਸਟੇਜ ਤੋਂ ਉਤਰਿਆ ਤਾਂ ਹੂਬ ਹੂ ਮੀਨਾ ਵਰਗੀ ਕੁੜੀ ਸ਼ਿਵ-ਭੇਟਾ ਲਈ ਰੇਸ਼ਮੀ ਰੁਮਾਲ ਹੱਥਾਂ ਵਿਚ ਫੜੀ ਖੜੀ ਸੀ। ਉਸ ਕੁੜੀ ਦਾ ਪਿਆਰ ਪਾ ਕੇ ਸ਼ਿਵ ਫਿਰ ਜ਼ਰਾ ਸੰਭਲਿਆ। ਦੁਨੀਆਂ ਚੰਗੀ ਚੰਗੀ ਲੱਗਣ ਲੱਗ ਪਈ। ਉਹ ਕੁੜੀ ਅਮੀਰ ਘਰਾਣੇ ਦੀ ਸੀ। 'ਮੁੰਦੋ ਮਲੰਗ' ਨੂੰ ਪਟਵਾਰ ਤੋਂ ਗਿਲਾਨੀ ਹੋ ਗਈ ਤੇ ਅਸਤੀਫਾ ਲਿਖ ਦਿਤਾ। ਅਮੀਰ ਜ਼ਾਦੀ ਤੇ ਮਲੰਗ ਕਵੀ! ਕੈਸਾ ਮੇਲ! ਉਸ ਕੁੜੀ ਨੇ ਮੁਹੱਬਤ ਦੀਆਂ ਮਹਕਿਾਂ ਨਾਲ ਭਰੇ ਲੰਮੇ ਲੰਮੇ ਖਤ ਸ਼ਿਵ ਨੂੰ ਲਿਖੇ ਤੇ ਪ੍ਰੇਮ ਦੀ ਕੁਤਬਮੀਨਾਰ ਤੇ ਚਾੜ੍ਹਕੇ ਆਪ ਪ੍ਰਦੇਸ ਤੁਰ ਗਈ। ਸ਼ਿਵ ਪ੍ਰੇਮ ਦੀ ਕੁਤਬ ਮੀਨਾਰ ਤੋਂ ਮੂੰਹ ਭਾਰ ਹੇਠਾਂ ਡਿਗ ਪਿਆ ਤੇ ਚੂਰ ਚੂਰ ਗਿਆ। ਇਨੀ ਉਚਾਈ ਤੋਂ ਡਿੱਗਿਆ ਭਲਾ ਬਚਦਾ ਵੀ ਕੀ ਹੈ? ਸ਼ਿਵ ਨੇ ਬੜੇ ਨਹੋਰਿਆਂ ਭਰੇ ਖਤ ਸਤ ਸਮੁੰਦਰੋਂ ਪਾਰ ਘੱਲੇ। ਗੀਤਾਂ ਵਿਚ ਦਰਦ ਨੂੰ ਹਿੱਕ ਤੇ ਰੱਖ ਕੇ ਗਾਇਆ।

ਮਾਏ ਨੀ ਮਾਏ
ਅਸਾਂ ਸ਼ਿਕਰਾਂ ਦਾ ਯਾਰ ਬਣਾਇਆ
ਚੂਰੀ ਪਾਵਾਂ ਤੇ ਉਹ ਖਾਂਦਾ ਨਹੀਂ
ਅਸਾਂ ਦਿਲ ਦਾ ਮਾਸ ਖਵਾਇਆ
ਇਕ ਉਡਾਰੀ ਐਸੀ ਮਾਰੀ
ਉਹ ਫਿਰ ਵਤਨੀਂ ਨਾ ਆਇਆ
ਨੀ ਮੈ ਵਾਰੀ ਜਾ

ਇਹਨਾਂ ਹੀ ਦਿਨਾਂ ਵਿਚ ਉਦਾਸੀ 'ਚ ਨਿਘਰ ਰਹੇ ਸ਼ਿਵ ਨੇ ਆਪਣੀ ਮੌਤ ਦੀ ਭਵਿਖ ਬਾਣੀ ਕੀਤੀ। ਇਹ ਭਵਿਖਬਾਣੀ ਉਹਦੇ ਬਹੁਤ ਗੀਤਾਂ ਵਿਚ ਮਿਲਦੀ ਹੈ ਜੋ ਕੁਝ-ਕੁ ਸਾਲਾਂ ਬਾਅਦ ਸੱਚ ਸਾਬਤ ਹੋਈ। ਇਕ ਥਾਂ ਲਿਖਦਾ ਹੈ

ਅਸਾਂ ਤਾਂ ਜੋਬਨ ਰੁਤੇ ਮਰਨਾ
ਮੁੜ ਜਾਣਾ ਅਸੀਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪ੍ਰਕਰਮਾ
ਅਸਾਂ ਤਾਂ ਜੋਬਨ ਰੁਤੇ ਮਰਨਾ।

ਇਹ ਸ਼ਿਵ ਦੀ ਜ਼ਿੰਦਗੀ ਦਾ ਅਹਿਮ ਹਾਦਸਾ ਸੀ। ਇਸ ਤੋਂ ਬਾਅਦ ਉਸਦੀ ਪੀੜ ਦਾ ਹੁੰਗਾਰਾ ਭਰਨ ਵਾਲਾ ਕੋਈ ਨਹੀਂ ਸੀ। ਉਹਦੇ ਨੈਣੀਂ ਬਿਰਹੋਂ ਦੀ ਰੜਕ ਪੈਂਦੀ। ਦਿਲ ਵਿਚ ਅਵੱਲਾ ਦਰਦ ਉਠਦਾ ਤਾਂ ਉਹ ਸ਼ਰਾਬ ਦੇ ਫੈਹੇ ਲਾ ਲੈਂਦਾ। ਸ਼ਿਵ ਨੇ ਸਮਾਜ ਨੂੰ ਫਿਟਕਾਰਨ, ਮਹਿਬੂਬ ਨੂੰ ਨਹੋਰੇ ਦੇਣ ਤੇ ਆਪਣੇ ਆਪ ਨੂੰ ਫਿਟਕਾਰਨ ਵਿਚ ਕੁਝ ਸਾਲ ਲੰਘਾਏ। ਉਸਦਾ ਵਿਸ਼ਵਾਸ਼ ਸੱਚਾ ਮੁਹੱਬਤ ਤੋਂ ਉਠ ਚੁਕਾ ਸੀ ਤੇ ਹਰ ਕੁੜੀ 'ਆਟੇ ਦੀ ਚਿੜੀ' ਜਾਪਦੀ। ਉਹ ਕਹਿੰਦਾ ਮਹਿਬੂਬ ਦੇ ਅਰਥ ਇਸ ਜ਼ਮਾਨੇ ਵਿਚ ਬੇ-ਵਫਾ ਤੇ ਮੁਹੱਬਤ ਦੇ ਅਰਥ ਬਸ ਕਾਮ ਤ੍ਰਿਪਤੀ ਹਨ। ਇਸ ਸਫਰ ਦੌਰਾਨ ਕਦੇ ਉਹ ਆਪਣੇ ਆਪ ਨੂੰ ਫਿਟਕਾਰਦਾ ਕਦੇ ਸਮਾਜ ਨੂੰ ਕਦੇ ਮਹਿਬੂਬ ਨੂੰ ਤੇ ਕਦੀ ਲਿਖਦਾ

ਮੁਹੱਬਤ ਕਾਮ ਦਾ ਹੀ ਇਕ ਪੜਾਅ ਹੈ
ਤੇ ਸ਼ਾਇਦ ਕਾਮ ਦਾ ਹੀ ਨਾਂ ਖੁਦਾ ਹੈ
ਖੁਦਾ ਦੀ ਜਾਤ ਕੋਲੋਂ ਵਧ ਕੋਈ
ਨਾ ਮੇਰੇ ਦੋਸਤ ਕੋਈ ਬੇ-ਵਫਾ ਹੈ।

ਸ਼ਿਵ ਅੰਗਰੇਜ਼ੀ ਦੇ ਮਸ਼ਹੂਰ ਕਵੀ ਲਾਰਡ ਵਾਇਰਨ ਵਾਂਗ ਜਿਸਮਾਂ ਦੀ ਡਾਰਾਂ ਵਿਚ ਵੀ ਉਡਦਾ ਰਿਹਾ। ਪਰ ਦਰਦ-ਏ-ਦਿਲ ਫਿਰ ਵੀ ਨਾ ਘਟਿਆ। ਆਤਮਿਕ ਸ਼ਾਂਤੀ ਦੇਣ ਵਾਲੀ ਕੁੜੀ ਉਸਨੂੰ ਫਿਰ ਵੀ ਨਾ ਲੱਭੀ ਕਹਿੰਦਾ ਹੈ

ਸਾਨੂੰ ਲੱਖਾਂ ਦਾ ਤਨ ਲੱਭ ਗਿਆ
ਪਰ ਇਕ ਦਾ ਮਨ ਵੀ ਨਾ ਮਿਲਿਆ
ਕੀ ਲਿਖਿਆ ਕਿਸੇ ਮਕੱਦਰ ਸੀ
ਹੱਥਾਂ ਦੀਆਂ ਚਾਰ ਲੀਕਰਾਂ ਦਾ।

ਸੂਫੀਆਂ ਦੀਆਂ ਕਵਿਤਾ ਵਿਚ ਇਸ਼ਕ ਜਿਵੇਂ ਪ੍ਰਧਾਨ ਹੁੰਦਾ ਹੈ ਸ਼ਿਵ ਦੀ ਕਵਿਤਾ ਵਿਚ ਕਾਮ ਪ੍ਰਧਾਨ ਹੈ। ਉਹ ਇਸ਼ਕ ਦੀ ਥਾਂ ਕਾਮ ਸ਼ਬਦ ਵਰਤਕੇ ਆਪਣੀ ਕਵਿਤਾ ਨੂੰ ਨਵੀਂ ਰੰਗਣ ਦੇਂਦਾ ਹੈ। ਕਾਮ ਦੇ ਜਜ਼ਬੇ ਨੂੰ ਉਹ ਬੜਾ ਉਤਮ ਸਥਾਨ ਦਿੰਦਾ ਹੈ ਤੇ ਕਹਿੰਦਾ ਹੈ ਸਾਰੀ ਸ੍ਰਿਸ਼ਟੀ ਕਾਮ ਚੋਂ ਹੀ ਉਪਜੀ ਹੋਈ ਹੈ। ਕਾਮ ਹੁਸਨ ਦਾ ਸੰਗਮ, ਰੂਪ ਦਾ ਕਹਾਣੀਕਾਰ ਅਤੇ ਜਵਾਨੀ ਦਾ ਅਲਮਸਤ ਜੰਗਮ ਹੈ। ਕਾਮ ਹੀ ਸ਼ਿਵ ਜੀ, ਬ੍ਰਹਮ ਤੇ ਪਾਰਬ੍ਰਹਮ ਹੈ। ਕਾਮ ਹੀ ਸਭ ਤੋਂ ਵੱਡਾ ਧਰਮ ਹੈ। ਇਸ ਬਾਰੇ ਇਕ ਥਾਂ ਲਿਖਦਾ ਹੈ -

ਮੈਂ ਅਕਸਰ ਇਸ ਤਰ੍ਹਾਂ ਦੀ ਸੋਚਦਾ ਹਾਂ
ਕਿ ਸਾਰੇ ਜੀਵ ਜੰਤੂ ਤੇ ਪ੍ਰਾਣੀ
ਇਹ ਵਣ ਤ੍ਰਿਣ ਪੌਣ, ਮਿੱਟੀ, ਅੱਗ, ਪਾਣੀ
ਹੈ ਸਾਰੀ ਕਾਮ ਚੋਂ ਉਪਜੀ ਕਹਾਣੀ।

ਸ਼ਿਵ ਇਹਨਾਂ ਮਜ਼ਲਾਂ, ਰਾਹਾਂ, ਗਲੀਆਂ ਤੇ ਚੌਰਾਹਿਆਂ ਤੇ ਭਟਕਦਾ ਬਿਰਹਾ ਦਾ ਮਹਾਨ ਕਵੀ ਹੋ ਨਿਬੜਦਾ ਹੈ। ਬਹੁਤ ਆਲੋਚਕਾਂ ਜਾ ਲੋਕਾਂ ਦਾ ਅਨੁਮਾਨ ਹੈ ਕਿ ਉਹ ਬੜਾ ਨਿਰਾਸ਼ਾਵਾਦੀ ਸੀ। ਉਹਦੇ ਗੀਤ ਕੀਰਨਿਆਂ ਵਾਂਗ ਲਗਦੇ ਨੇ। ਕੁਝ ਅਲੋਚਕ ਕਹਿੰਦੇ ਹਨ ਉਹ ਪਰੰਪਰਾਵਾਦੀ ਸੀ। ਕਿਸੇ ਸ਼ਾਇਰ ਦੇ ਕੁਝ ਗੀਤਾਂ ਨੂੰ ਪੜ੍ਹਕੇ ਜਾਂ ਸੁਣਕੇ ਉਸ ਵਾਰੇ ਇਹੋ ਜਿਹੇ ਖਿਆਲ ਬਣਾਉਣੇ ਵਧੇਰੇ ਉਚਿਤ ਨਹੀਂ। ਜੇਕਰ ਅਸੀਂ ਉਸਦੀਆਂ ਸਾਰੀਆਂ ਰਚਨਾਵਾਂ ਨੂੰ ਪੜ੍ਹੀਏ ਤਾਂ ਉਹ ਇਕ ਸੁਲਝਿਆ ਹੋਇਆ ਕਵੀ ਕਹਿਲਾਉਣ ਦਾ ਹੱਕਦਾਰ ਹੈ ਤੇ ਅਸਲ ਵਿਚ ਉਹ ਹੈ ਵੀ ਇਕ ਮਹਾਨ ਕਵੀ ਸੀ ਉਸਨੂੰ ਸਮਾਜ ਦੀ ਪੂਰਨ ਸਥਿਤੀ ਦਾ ਗਿਆਨ ਸੀ। ਉਸਨੇ ਸਮਾਜ ਵਿਚ ਹੋ ਰਹੇ ਜ਼ੁਲਮ ਵਿਰੁਧ ਆਵਾਜ਼ ਬੁਲੰਦ ਕੀਤੀ।

ਸਿਰਫ ਆਸ਼ਾਵਾਦੀ ਕਵਿਤਾ ਲਿਖਕੇ ਤਾਂ ਸਾਰੀਆਂ ਮੁਸੀਬਤਾਂ ਦਾ ਹੱਲ ਨਹੀਂ ਕੀਤਾ ਜਾ ਸਕਦਾ। ਆਸ਼ਾ ਤੇ ਨਿਰਾਸ਼ਾ ਦੇ ਟਕਰਾਉ ਵਿਚੋਂ ਹੀ ਜ਼ਿੰਦਗੀ ਨੂੰ ਰਾਹ ਦਿਖਾਉਣ ਵਾਲੀ ਕਵਿਤਾ ਪੈਦਾ ਹੁੰਦੀ ਹੈ। ਜਿਵੇਂ ਦੋ ਪੱਥਰਾਂ ਦੇ ਟਕਰਾਉ ਚੋਂ ਹੀ ਅੱਗ ਪੈਦਾ ਹੁੰਦੀ ਹੈ। ਖੁਸ਼ੀ ਦਾ ਕਾਦਰਦਾਨ ਕੋਈ ਤਦ ਹੀ ਹੋ ਸਕਦਾ ਹੈ ਜੇਕਰ ਉਸਨੂੰ ਗਮੀ ਦੀ ਪਹਿਚਾਣ ਹੋਵੇ ਜਾਂ ਗਮੀ ਹੰਢਾਈ ਹੋਵੇ। ਜ਼ਿੰਦਗੀ ਵਿਚ ਗਮੀ ਖੁਸ਼ੀ ਨਾਲੋਂ ਜ਼ਿਆਦਾ ਹੈ ਇਸ ਵਾਰੇ ਲਿਖਣਾ ਜ਼ਰੂਰੀ ਤੇ ਉਚਿਤ ਹੈ। ਦੁਨੀਆਂ ਦੇ ਮਸ਼ਹੂਰ ਸ਼ਾਇਰਾਂ ਦੀ ਕਵਿਤਾ ਵਿਚ ਨਿਰਾਸ਼ਾ ਦਾ ਅੰਸ਼ ਕਾਫੀ ਮਿਲਦਾ ਹੈ। ਫਿਰ ਸ਼ਿਵ ਦੀ ਕਵਿਤਾ ਨੂੰ ਨਿਰਾਸ਼ਾਵਾਦੀ ਕਹਿਕੇ ਭੰਡਣਾ ਤਾਂ ਉਸ ਨਾਲ ਇਨਸਾਫ ਨਹੀਂ ਹੋਵੇਗਾ।

ਨਿਰਾਸਤਾ, ਗਮ, ਪੀੜਾਂ, ਦਰਦ, ਹੰਝੂਆਂ ਤੇ ਹਾਉਕਿਆਂ ਦਾ ਦੂਜਾ ਨਾਮ ਜ਼ਿੰਦਗੀ ਹੈ। ਜ਼ਿੰਦਗੀ ਦੇ ਫਲਸਫੇ ਦਾ ਰਾਜ਼ ਅੰਦੋਹ ਹੈ। ਅੰਦੋਹ ਤੋਂ ਸੱਖਣਾ ਜੀਵ ਜ਼ਿੰਦਗੀ ਦੇ ਭੇਦ ਸਮਝਣ ਤੋਂ ਅਸਮਰਥ ਹੁੰਦਾ ਹੈ। ਗਮਾਂ ਦੇ ਮਸਾਲੇ ਵਿਚ ਲੱਥ ਪੱਥ ਜ਼ਿੰਦਗੀ ਮਤਾਬੀ ਵਾਂਗ ਮੱਚਦੀ ਹੈ ਤੇ ਤਰ੍ਹਾਂ ਤਰ੍ਹਾਂ ਦੇ ਰੰਗ ਵਿਖਾਉਂਦੀ ਹੈ। ਖੁਸ਼ਗਵਾਰ ਜ਼ਿੰਦਗੀ ਮਹਿਲ ਦੀ ਕਨੀਜ਼ ਵਾਂਗ ਹੁੰਦੀ ਹੈ। ਜਿਸਦਾ ਰੂਪ ਸਿਕਿਆ ਦਾ ਮੁਥਾਜ ਹੁੰਦਾ ਹੈ। ਪਰ ਗਮਾਂ 'ਚ ਘੁਲੀ ਜ਼ਿੰਦਗੀ ਕਿਸੇ ਪੇਂਡੂ ਮੁਟਿਆਰ ਵਰਗੀ ਹੁੰਦੀ ਹੈ ਜੋ ਮੁਸੀਬਤਾਂ ਤੇ ਔਕੜਾਂ ਨਾਲ ਚਾਰ ਹੱਥ ਕਰਕੇ ਵੇਖ ਲੈਂਦੀ ਹੈ ਪਰ ਰੋਟੀ ਲਈ ਰੂਪ ਦਾ ਸੌਦਾ ਮਨਜ਼ੂਰ ਨਹੀਂ ਕਰਦੀ। ਗਮ ਦੀ ਰੂਹ ਲਈ ਵਟਣਾ ਹੁੰਦੇ ਹਨ ਜੋ ਉਸਨੂੰ ਚਮਕਾਉਂਦੇ ਤੇ ਲਿਸ਼ਕਾਉਂਦੇ ਹਨ। ਗਮਾਂ ਬਿਨਾਂ ਜ਼ਿੰਦਗੀ ਅੱਖਾਂ ਬਿਨਾਂ ਜਹਾਨ ਵੇਖਣਾ ਹੀ ਤਾਂ ਹੈ। ਸ਼ਿਵ ਦੇ ਦਿਲ ਵਿਚ ਵੀ ਗਮ ਦਾ ਕੰਡਾ ਭੁੜਿਆ ਹੋਇਆ ਸੀ ਜੋ ਉਸਨੂੰ ਸਾਰੀ ਸਾਰੀ ਰਾਤ ਜਗਾਈ ਰੱਖਦਾ।

(ਚਲਦਾ)



ਅਸਲ ਵਿਚ ਖਾਲਿਸਤਾਨ ਕੀ ਹੈ ?

(ਜਗਜੀਤ ਸਿੰਘ ਨਾਲ ਹੋਈ ਇਸ ਇੰਟਰਵਿਊ ਦੀ ਲੜੀ ਜੋੜਨ ਲਈ ਕੈਨੇਡਾ ਦਰਪਣ ਦਾ 15 ਅਪ੍ਰੈਲ, 1983 ਦਾ ਅੰਕ ਪੜ੍ਹੋ)

* ਜਗਜੀਤ ਸਿੰਘ ਦਾ ਖਾਲਿਸਤਾਨ ਕੀ ਹੈ ?
* ਕੀ ਜਗਜੀਤ ਸਿੰਘ ਸੀ. ਆਈ. ਏ. ਜਾਂ ਅਮਰੀਕਾ ਦੀ ਸਰਕਾਰ ਦਾ ਏਜੰਟ ਹੈ ?
* ਕੀ ਉਹ ਇਕ ਮੌਕਾ ਸ਼ਨਾਸ, ਕੌਮ ਅਤੇ ਦੇਸ਼ ਦਾ ਗ਼ਦਾਰ ਹੈ ?
* ਪੰਜਾਬ ਦੀ ਸਮੱਸਿਆ ਵਿਚ ਸਿੱਖ ਹੋਂਦ(Sikh Identity) ਦਾ ਕੀ ਰੋਲ ਹੈ ?
* ਪੰਜਾਬ ਵਿਚ ਹਿੰਸਕ ਕਾਰਵਾਈਆਂ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਹੈ ?
* ਪੰਜਾਬ ਦੀ ਸਮਸਿਆ ਦਾ ਕੀ ਹੱਲ ਹੈ ?

ਜਸਵੰਤ ਮਾਂਗਟ

ਪ੍ਰ: ਤਾਂ ਇਸਦਾ ਮਤਲਬ ਹੈ ਕਿ ਜੇ India Govt. (ਭਾਰਤ ਸਰਕਾਰ) ਅੱਜ ਪੰਜਾਬ ਨੂੰ ਪੰਜਾਬੀ speaking areas (ਪੰਜਾਬੀ ਬੋਲਦੇ ਇਲਾਕੇ) ਦੇ ਦੇਵੇ, ਇਸ ਤਰ੍ਹਾਂ re-organizee (ਦੁਬਾਰਾ-ਸੰਗਠਨ) ਕਰ ਦਏ, ਪੰਜਾਬ ਨੂੰ Autonomy(ਰਾਜ ਨੂੰ ਵਧੇਰੇ ਅਧਿਕਾਰ) ਦੇ ਦੇਵੇ, ਤੇ ਸਿੱਖਾਂ ਦੇ ਹੱਥ ਵਿਚ ਜਿਹੜੇ ਪੰਜਾਬੀ ਉਥੇ ਰਹਿੰਦੇ ਹਨ, ਉਸ ਇਲਾਕੇ ਵਿਚ ਕੰਟਰੋਲ ਦੇ ਦੇਵੇ, will you be satisfied (ਕੀ ਤੁਸੀਂ ਸੰਤੁਸ਼ਟ ਹੋ ਜਾਵੋਗੇ) ?

ਉ: ਏਹੀ ਹੈ, ਹੋਰ ਖਾਲਿਸਤਾਨ ਹੈ ਕੀ - what Khalistan is, ਖਾਲਿਸਤਾਨ ਤਾਂ ਸਿਰਫ ਦੇਖੋ ਪਹਿਲੀ ਗੱਲ ਤਾਂ ਇਹਦਾ ਨਾਂ ਆ। ਖਾਲਿਸਤਾਨ ਕਿਹਾ ਸੀ, ਪੰਜਾਬ ਕਈ ਕਹਿੰਦੇ ਨੇ, ਪੰਜਾਬ ਮਾੜੇ ਇਹਦਾ ਨਾਂ ਪੰਜਾਬ ਕਿਉਂ ਨਹੀਂ ਰਹਿਣ ਦਿੰਦੇ। ਖਾਲਿਸਤਾਨ ਦੀ ਕਿਉਂ ਐਵੇਂ ਨਵੀਂ ਗੱਲ ਛੇੜਦੇ ਹੋ, ਇਹ ਤਾਂ ਉਹ ਵੀ ਕਹਿੰਦੇ ਨੇ। ਉਹਦੇ ਵਿਚ ਮੈਂ ਉਨ੍ਹਾਂ ਨੂੰ ਆਖਿਆ ਪੰਜਾਬ ਇਹ five rivers (ਪੰਜ ਦਰਿਆ) ਪੰਜ ਆਬ ਇਹਦਾ ਬੇਸਿਕ ਪੰਜ ਆਬ - ਮੈਂ ਆਖਿਆ ਤਿੰਨ ਆਬ ਤੁਸੀਂ ਜਾਣਕੇ - ਅਸੀਂ ਨਹੀਂ agree (ਮੰਨੇ) ਕੀਤਾ ਇਸ division (ਵੰਡ) ਨੂੰ। ਮੰਨ ਕੇ ਆਏ ਤੁਸੀਂ ਸਾਡੇ ਦਰਿਆ ਦੇਕੇ ਆਏ ਹੋ ਕਿ ਅਸੀਂ ਪੰਜਾਬ ਦੀ ਵੰਡ ਨੂੰ accept (ਮਨਜ਼ੂਰ) ਕਰਦੇ ਹਾਂ, ਚਾਹੇ ਇਹ British Imperialism (ਬਰਤਾਨਵੀ ਸਾਮਰਾਜ) ਏਦਾਂ ਦੀ ਇਕੱਠੀ collaboration (ਗੱਠ ਜੋੜ) ਮੰਨ ਲਓ। It was ਇਹ ਬੜੀ ਸਾਜ਼ਿਸ਼ ਸੀ ਪੰਜਾਬੀਆਂ ਦੇ ਖਿਲਾਫ ਜਿਹੜਾ division of Punjab (ਪੰਜਾਬ ਦੀ ਵੰਡ) ਜਿਹੜੀ ਹੈ ਨਾ ਜੀ। ਅੱਛਾ ਫਿਰ ਇਹਦੇ ਬਾਅਦ ਤੁਸੀਂ ਤਿੰਨ ਦਰਿਆ ਓਹ ਚਲੇ ਗਏ। ਬਾਕੀ ਜਿਹੜੇ ਦੋ ਬਚਦੇ ਸੀ ਨਾ, ਪੌਣੇ ਦੋ, ਉਹਨਾਂ ਪੌਣੇ ਦੋ ਵਿਚ ਤਿੰਨ ਸਟੇਟਾਂ ਹੋਰ ਬਣਾ ਦਿਤੀਆਂ, ਹਰਿਆਣਾ ਅਤੇ ਹਿਮਾਚਲ ਇਹ ਪੰਜਾਬ ਕਿਥੋਂ ਰਹਿ ਗਿਆ ? ਇਹ ਜਿਹੜੀ ਧਰਤੀ ਹੈ ਨਾ — ਮੈਂ ਜਿਹੜੀ ਖਾਲਿਸਤਾਨ movement(ਲਹਿਰ) ਜਿਹੜੀ ਹੈ ਨਾ ਇਸ ਸਿੱਖ movement(ਲਹਿਰ) ਨਹੀਂ। ਖਾਲਸਾ movement (ਲਹਿਰ) ਦੇ ਵਿਚ ਮੁਸਲਮਾਨ ਵਿਚਾਰ ਸਭ ਤੋਂ ਪਹਿਲਾਂ ਕੁਰਬਾਨੀ ਦੇਣ ਆਏ ਸੀ। ਭੰਗਾਣੀ ਦੇ ਯੁੱਧ ਵਿਚ ਪਹਿਲਾਂ ਕੌਣ ਸੀ ? ਬੁਢਣ ਸ਼ਾਹ, ਉਹਦੇ ਚਾਰ ਸੌ ਚੇਲੇ, ਚਾਰ ਉਹਦੇ ਲੜਕੇ ਸ਼ਹੀਦ ਹੋਏ ਨੇ। ਉਹ ਹਿੰਦੂ ਰਾਜਿਆਂ ਦੇ ਖਿਲਾਫ ਲੜਾਈ ਹੋਈ ਸੀ। ਗੁਰੂ ਗੋਬਿੰਦ ਸਿੰਘ ਦੀ, It was fight against Fuedalism । and against the fuedal rule. It was the most revolution thing in those days (ਇਹ ਜਾਗੀਰਦਾਰੀ ਦੇ ਖਿਲਾਫ ਲੜਾਈ ਸੀ, ਉਨ੍ਹਾਂ ਦਿਨਾਂ ਵਿਚ ਇਹ ਇਕ ਬੜੀ ਕ੍ਰਾਂਤੀਕਾਰੀ ਗੱਲ ਸੀ), ਬਈ ਜਾਤ ਪਾਤ ਨਹੀ ਰਹਿਣ ਦੇਣੀ, ਸਾਰੇ ਇਕੋ ਜਿਹੇ ਹੋਣਗੇ। ਹਰੇਕ ਨਾਲ ਇਕੋ ਜਿਹੇ ਅਧਿਕਾਰ ਹੋਣਗੇ। ਕਿੰਨਾਂ ਇਕ ਵੱਡਾ ideal (ਆਦਰਸ਼) ਸੀ ਗੁਰੂ ਨਾਨਕ ਦੇ ideal (ਆਦਰਸ਼) ਨੂੰ ਅਮਲੀ ਰੂਪ ਦੇਣ ਵਾਸਤੇ ਇਸ revolution ਵਾਸਤੇ

ਪ੍ਰ: ਅਸਲ ਵਿਚ ਤੁਹਾਡਾ ਜਿਹੜਾ ਇਤਰਾਜ਼ ਹੈ ਇਸ ਵੇਲੇ ....

ਉ: ਇਤਾਰਜ਼ ਇਕ ਨਹੀਂ ਨਾ ਜੀ। ਸੂਬਾ ਇਨ੍ਹਾਂ ਨੇ ਬਣਾਇਆ ਪਹਿਲਾਂ ਤਾਂ ਪੰਜਾਬੀ ਸਬੂਾ ਕੱਟ ਕੇ ਬਣਾਇਆ। ਫੇਰ .....

ਪ੍ਰ: ਸਿਖ ਸੂਬਾ ?

ਉ: ਇਹ ਸਿੱਖ ਸੂਬਾ ਨਹੀਂ ਇਹਦਾ ਨਾਂ ਪੰਜਾਬੀ ਸੂਬਾ ਇਹਦਾ ਰਖਿਆ। ਪਹਿਲਾਂ ਤਾਂ ਇਹਦੀ ਵੰਡ ਇਹਦੀ ਦੇਖੋ ਇਹਦਾ ਨਕਸ਼ਾ ਦੇਖੋ।

ਪ੍ਰ: ਇਹ ਪੰਜਾਬੀ ਸੂਬਾ ਨਹੀਂ ਸਿੱਖ ਸੂਬਾ ਹੈ ?

ਉ: ਇਹ ਜਾਣਕੇ ਇਹਨੂੰ ਜਾਣਕੇ majority (ਬਹੁ ਗਿਣਤੀ) ਬਕਾਇਦਾ ਚਾਹੁੰਦੇ ਸੀ। ਉਹਨੂੰ Cut off (ਕੱਟ ਦੇਣਾ) ਕਰਨਾ ਚਾਹੁੰਦੇ ਸੀ। ਤਾਂ ਕਿ ਸਿੱਖਾਂ ਨੂੰ ਨਸੀਹਤ ਆ ਜਾਏਗੀ — ਮਹਾਰਾਜ ਅਸੀਂ ਭੁਲੇ ਸਾਨੂੰ ਜਾਣ ਦਿਓ। ਜਦੋਂ ਅਸੀਂ ਆਨੰਦਪੁਰ ਨੂੰ ਜਾਣਾ ਹੋਵੇ, ਦੋ ਵੇਰੀ ਤੁਸੀਂ ਹਿਮਾਚਲ ਚੋਂ ਲੰਘਦੇ ਹੋ, ਦੋ ਵਾਰੀ ਜਾਣਾ ਹੋਵੇ, ਹੁਸ਼ਿਆਰਪੁਰ ਤਈਂ, you have to croos 3 times different states (ਤੁਹਾਨੂੰ ਤਿੰਨ ਵਾਰੀ ਵੱਖਰਿਆਂ ਸੂਬਿਆਂ ਵਿਚੋਂ ਲੰਘਣਾ ਪੈਂਦਾ ਹੈ। ਦੇਖੋ ਨਾ, ਐਂ ਜਾਕੇ ਫੇਰ, ਫੇਰ ਅੱਗੇ ਇਮਾਚਲ ਆ ਗਿਆ, ਫੇਰ ਤੀਜਾ ਆ ਗਿਆ।

ਪ੍ਰ: ਇਹ ਜਿਹੜਾ ਸਟੈਂਡ ਹੈ ਇਹ ਤਾਂ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦਾ, ਅਕਾਲੀਆਂ ਦਾ ਕਮਿਊਨਿਸਟਾਂ ਦਾ ਜਾਂ ਹੋਰ ਸਿਆਸੀ ਪਾਰਟੀਆਂ ਦਾ ਵੀ ਹੈ ?

ਉ: ਧੰਨ ਭਾਗ ਐ ਮੈਂ ਤਾਂ ਕਹਿਣ ਡਿਆਂ ਬਈ ਉਨ੍ਹਾਂ ਦਾ ਹੈਗਾ, ਪਰ ਮੁਕਰਦੇ ਨੇ, ਉਹ ਕਿਸੇ ਸਟੈਂਡ ਦੇ ਖੜ੍ਹੇ ਨਹੀਂ ਹੁੰਦੇ ਉਸ ਤੇ ਫੇਰ ਖਿਲਾਫ ਕਿਉਂ ਨੇ ਉਸ ਗੱਲ ਦੇ ?

ਪ੍ਰ: ਉਹ ਵੀ ਇਹ ਮੰਨਦੇ ਹਨ ਕਿ ਇਕ ਸਿੱਖ ਸਟੇਟ ਬਣਾ ਦਿਤੀ ਹੈ, ਪੰਜਾਬੀ ਸੂਬਾ ਨਹੀਂ ਬਣਾਇਆ, ਪੰਜਾਬੀ ਬੋਲਦੇ ਇਲਾਕੇ ਬਾਹਰ ਰਹਿਣ ਦਿਤੇ ?

ਉ: ਪੰਜਾਬੀ speaking areas ਮਤਲਬ evolution (ਵਿਕਾਸ) ਹੈ ਨਾ। ਜਿਦਾਂ ਮੈਂ ਤੁਹਾਨੂੰ ਦੱਸਿਆ ਸੀ political evolution (ਰਾਜਨੀਤਕ ਵਿਕਾਸ), ਗੱਲ ਹੁਣ ਉਥੇ ਨਹੀਂ ਨਾ ਖੜੀ। ਜੇ ਤਾਂ ਪਹਿਲਾਂ ਉਦੋਂ ਬਣਾ ਦਿੰਦੇ ਤਾਂ ਗੱਲ ਮੁਕ ਜਾਂਦੀ। ਇਨ੍ਹਾਂ ਉਦੋਂ ਬਾਅਦ ਕੀ ਕੀਤਾ। ਇਕ ਕਮਿਸ਼ਨ ਬੈਠਾ ਸੀ — ਚੰਡੀਗੜ੍ਹ ਵਿਚੋਂ ਕੱਢ ਦਿਤਾ। ਕਦੀ ਦੁਨੀਆਂ ਦਾ ਕੋਈ ਐਸਾ division (ਵੰਡ) ਦੇਖਿਆ ਜਿਸ ਵਿਚੋਂ capital (ਰਾਜਧਾਨੀ) ਕੱਢ ਦਿਤਾ ਜਾਏ state (ਸੂਬੇ) ਦਾ। ਅੱਛਾ ਫਿਰ Capital (ਰਾਜਧਾਨੀ) ਕੱਢ ਲਿਆ। ਫਿਰ ਕਹਿਣ ਲੱਗ ਪਿਆ ਤਾਂ ਪੰਜਾਬੀ ਸੂਬੇ ਲਈ ਸਿੱਖਾਂ ਨੂੰ ਲੜਨਾ ਪਿਆ। ਗੁੱਸਾ ਹਿੰਦੂਆਂ ਤੇ ਇਹ ਵੀ ਆਉਂਦਾ ਉਹ ਕਹਿੰਦੇ ਨੇ, ਅਸੀਂ ਨਹੀਂ, ਅਸੀਂ ਨਹੀਂ, ਇਹ ਸਾਡੀ ਜ਼ਬਾਨ ਹਿੰਦੀ ਏ।

ਪ੍ਰ: ਮੇਰਾ ਮੁਢਲਾ ਸਵਾਲ ਇਹ ਹੈ ਜਿਹੜੇ ਹਿੰਦੂਆਂ ਨੇ ਇਸ ਗੱਲ ਦੀ ਵਿਰੋਧਤਾ ਕੀਤੀ, ਜੇ ਤੁਸੀਂ ਕਹਿੰਦੇ ਹੋ ਕਿ ਪੰਜਾਬੀ ਬੋਲਦੇ ਇਲਾਕੇ ਮਿਲਾਕੇ ਖਾਲਿਸਤਾਨ ਬਣਾ ਦਿਤਾ ਜਾਏ, ਇਕ ਆਜ਼ਾਦ ਦੇਸ਼ ਬਣਾ ਦਿਤਾ ਜਾਏ, ਹਿੰਦੂਆਂ ਨੇ ਫਿਰ ਇਤਰਾਜ ਕਰਨਾ .....?

ਉ: ਹਿੰਦੂ ਜਿਹੜਾ ਨਾ ਇਹ ਬਹੁਤ wise (ਸਿਆਣਾ) ਆ। ਹਿੰਦੂ ਬੜੀ ਅਕਲਮੰਦ ਕਮਿਊਨਿਟੀ ਐ, ਹਿੰਦੂ ਐਵੇਂ ਨਹੀਂ। ਹਿੰਦੂ ਤਾਂ ਵਿਚਾਰੇ ਦੋ ਹਜ਼ਾਰ ਸਾਲ ਮੁਗਲ ਦਾ ਰਾਜ ਰਿਹਾ, ਉਹ ਮੂੰਹ ਵਿਚ ਥੁੱਕਦਾ ਰਿਹਾ। ਮੂੰਹ ਵਿਚ ਥੁਕਣਾ ਕੋਈ ਝੱਲ ਲੈਂਦਾ ਹੈ ਜੀ। ਲੜਕੀਆਂ ਹਰ ਸਾਲ ਆ ਕੇ ਚੁਕ ਕੇ ਲੈ ਜਾਂਦੇ ਰਹੇ ਨੇ। ਉਨ੍ਹਾਂ ਨੂੰ ਪਹਿਲੀ Interest (ਦਿਲਚਸਪੀ) Business (ਕਾਰੋਬਾਰ) ਹੈ। ਹੁਣ ਵੀ ਪੰਜਾਬੀ ਸੂਬੇ ਦੀ ਕਿੰਨੀ ਮੁਖਾਲਫਤ ਕਰਦਾ ਸੀ ਹਿੰਦੂ, ਸਭ ਤੋਂ ਜ਼ਿਆਦਾ ਮੁਖਾਲਫਤ। ਜਲੰਧਰ'ਚ ਗੋਲੀ ਚੱਲੀ, ਦੂਜੇ ਥਾਂ ਚੱਲੀਆਂ, ਅੱਗਾਂ ਲੱਗੀਆਂ। It was all done by Jan Sangh (ਇਹ ਸਭ ਕੁਝ ਜਨ ਸੰਘੀਆਂ ਨੇ ਕੀਤਾ) ਹੈਂ ਜੀ। ਜਦੋਂ ਬਣ ਗਿਆ ਹੁਣ ਕੋਈ ਗੱਲ ਸੁਣੀ ਐ। Now (ਹੁਣ) ਜਿਹੜੀ ਸਭ ਤੋਂ Prosperous 13community (ਤਰੱਕੀਯਾਫਤਾ ਕਮਿਊਨਿਟੀ) ਐ ਐਸ ਵੇਲੇ ਉਹ ਹਿੰਦੂ ਕਮਿਊਨਿਟੀ ਹੈ। ਕਿਉਂਕਿ ਜਿੰਨੀ Production (ਪੈਦਾਵਾਰ) ਵਧੀ ਉਹ ਦਾ Ultimate (ਅਸਲ ਵਿਚ) ਫਾਇਦਾ ਤਾਂ ਜਿਹੜਾ ਉਹ commerce and market industry (ਵਪਾਰ ਅਤੇ ਖਪਤ ਸਨਅਤ) ਨੇ ਲੈਣਾ ਨਾ। ਤੁਸੀਂ ਆਪ ਆਪਣੇ ਪਿੰਡਾਂ 'ਚ ਦੇਖ ਲੌ ਜਾਕੇ ਸਮਰਾਲੇ ਦੇਖਲੌ, ਹੋਰ ਕਿਤੇ ਦੇਖਲੌ, ਦੂਜੇ ਕਿਤੇ ਦੇਖ ਲਓ ਜਿਹੜੇ ਪਿੰਡ ਸਾਡੇ ਟਾਂਡੇ ਵਿਚ ਮੈਂ ਤੁਹਾਨੂੰ ਦੱਸਦਾਂ ਜਿਹੜੀਆਂ ਢੱਠੀਆਂ ਹਵੇਲੀਆਂ ਸੀ ਨਾ ਪੁਰਾਣੇ ਸ਼ਾਹਾਂ ਦੀਆਂ ਵਿਆਜ ਦੇ ਵੇਲੇ ਵਾਲਿਆਂ ਦੀਆਂ। ਐਸ ਵੇਲੇ ਮੁੜ ਕੇ ਲੋਕਾਂ ਨੇ ਹੁਣ ਉਥੇ ਸਰਦਾਰ ਜੀ ਫਲੱਸ਼ ਲੱਗਣ ਡਈਆਂ। ਕੋਠੀਆਂ ਬਨਣ ਡਈਆਂ ਫਸਟ ਕਲਾਸ, ਕੋਈ ਗੱਲ ਤਾਂ ਹੋਈ ਨਾ। ਜਿਹੜਾ ਮਾੜੇ ਤੋਂ ਮਾੜਾ ਵੀ ਵਪਾਰੀ ਐ ਨਾ ਆੜ੍ਹਤੀ ਜਿਹਨੂੰ ਸਾਲ ਦੀ ਹਜ਼ਾਰ ਆਮਦਨ ਸੀ, ਸਿਰਫ ਪੰਜਾਬੀ ਸੂਬੇ ਤੋਂ ਬਾਅਦ ਏਨੀਂ Production (ਉਪਜ) ਐ ਉਥੇ foodgrain (ਅਨਾਜ) ਤਾਂ ਮਾੜੇ ਤੋਂ ਮਾੜਾ ਆੜ੍ਹਤੀ 40 ਹਜ਼ਾਰ 50 ਹਜ਼ਾਰ ਤੋਂ ਘੱਟ ਨਹੀਂ ਬਣਾਉਂਦਾ ਸਾਲ ਦਾ। ਸਬਜ਼ੀ ਵਾਲਾ ਤਕਾਲਾਂ ਨੂੰ ਸੌ ਰੁਪਿਆ ਵੱਟ ਲੈਂਦਾ ਕਿਉਂਕਿ ਲੋਕਾਂ ਕੋਲ ਖਰੀਦ ਸ਼ਕਤੀ ਹੋ ਗਈ ਨਾ। ਜੱਟ ਕੋਲ ਜਦੋਂ ਪੈਸ ਹੁੰਦਾ ਉਹ ਵੀ ਖਰੀਦਣਾ ਈ ਚਾਹੁੰਦਾ। ਉਹਨੇ ਘਰ ਤਾਂ ਰੱਖਣਾ ਈ ਨਹੀਂ। ਵਪਾਰੀ ਕਹੇਗਾ ਇਹਦੇ ਨਾਲ ਪੰਜਾਬ ਦੀ prosperity (ਖੁਸ਼ਹਾਲੀ) ਵਧੀ ਆ। ਇਹੀ ਹੁਣ ਮੈਂ ਇੰਡੀਆ ਨੂੰ ਸਮਝਾਉਂਦਾ, ਹਿੰਦੂ ਲੀਡਰਾਂ ਨੂੰ ਕੀ ਤਕਲੀਫ ਹੈ। ਮੈਂ ਆਪ ਵੀ ਉਥੇ ਲਾਲਾ ਜਗਤ ਨਰੈਣ ਜਲੰਧਰ ਨੇ ਮੇਰੇ ਦੋਸਤ ਨੇ। ਉਨ੍ਹਾਂ ਨਾਲ ਕਰਦਾ ਹੁੰਨਾ। ਮੈਂ ਕਿਹਾ ਤੁਸੀਂ ਜੋ ਇਹਦੀ ਲਾਲਾ ਜੀ ਕਰਦੇ ਹੋ ਮੁਖਾਲਫਤ, ਤੁਸੀਂ ਪਹਿਲਾਂ ਗੱਲ ਚੁਕੋ ਤੇ ਬਣੋ ਅੱਗੇ ਝੰਡਾ ਬਰਾਦਰ ਤੁਹਾਡੇ inverst (ਹੱਕ) ਤਾਂ ਅਸਲੀ ਤੁਹਾਡੀ ਐ। ਇਹ ਜਿਹੜੇ ਵਿਚਾਰੇ ਤਾਂ ਜਿਹੜੇ ਹਲ ਵਾਹੁੰਦੇ ਨੇ ਇਨ੍ਹਾਂ ਨੇ ਹਲ ਵਾਹੀ ਜਾਣਾ ਹੈ। ਬੜੀ ਹੱਦ ਇਹਨਾਂ ਲਕੜੀ ਦੀ ਥਾਂ ਪਹੀਆ ਲਾ ਲੈਣਗੇ। ਇੰਜਣ ਰੱਖ ਲੈਣਗੇ। ਦੇਸੀ ਸ਼ਰਾਬ ਦੀ ਥਾਂ ਪੀਣ ਲਗ ਪੈਣਗੇ ਵਿਸਕੀ, ਹੋਰ ਕੱਪੜੇ ਚੰਗੇ ਪਾਉਣ ਲਗ ਪੈਣਗੇ ਇਹ ਵਿਚਾਰੇ ਤਾਂ ਆਨੰਦ ਲੈਣ ਵਾਲੇ ਹੈਗੇ ਆ।

ਪ੍ਰ: ਇੰਦਰਾ ਗਾਂਧੀ ਨੇ ਜਿਹੜਾ ਸਰਕਾਰੀਆ ਕਮਿਸ਼ਨ Autonomy (ਖੁਦ ਮੁਖਤਿਆਰੀ) ਦੇ ਸਬੰਧ ਵਿਚ ਨਿਯੁਕਤ ਕੀਤਾ ਹੈ, autonomy ਜਿਹੜੀ ਹੈ ਪੰਜਾਬ ਦੀ—ਇਕੱਲੇ ਮੰਗ ਨਹੀਂ ਇਹ ਹੋਰ ਸੂਬਿਆਂ ਦੀ ਵੀ .....?

ਉ: ਤਿੰਨ ਸਟੇਟਾਂ ਨੇ ਵੀ ਬਿਆਨ ਦਿਤਾ .....

ਪ੍ਰ: ਜੇਕਰ autonomy (ਖੁਦ ਮੁਖਤਿਆਰੀ) ਅਸਲ ਰੂਪ ਵਿਚ, ਜਿਵੇਂ ਕਿ ਕੈਨੇਡਾ ਵਿਚ ਖੁਦ ਮੁਖਤਿਆਰ ਸੂਬੇ ਹਨ, ਇਸਤੋਂ ਵੀ ਵੱਧ ਅਧਿਕਾਰ ਜੇਕਰ ਪੰਜਾਬ ਨੂੰ ਮਿਲ ਜਾਣ ਤਾਂ ਤੁਹਾਡੀ ਖਾਲਿਸਤਾਨ ਦੀ ਮੰਗ ਪੂਰੀ ਹੋ ਜਾਂਦੀ ਹੈ ?

ਉ: ਨਹੀਂ meet (ਪੂਰੀ) ਤਾਂ ਨਹੀਂ ਹੁੰਦੀ। ਗੱਲ ਤੇ ਫਿਰ ਅਗਾਂਹ ਬਦਲ ਗਈ ਹੈ ਨਾ। ਜੇ ਅਸੀਂ 128 ਬੰਦੇ ਮਰਵਾਕੇ 60000 ਬੰਦਾ ਕੈਦ ਕਰਾਕੇ ਲੋਕਾਂ ਦੀਆਂ ਪੱਗਾਂ ਲਹਾਕੇ ਇਹ ਅੱਜ ਤੋਂ ਪਹਿਲਾਂ ਜੇ ਕਾਂਗਰਸ Sincere (ਈਮਾਨਦਾਰ) ਹੁੰਦੀ let us set together (ਆਓ ਇਕੱਠੇ ਬੈਠੀਏ) ਤੁਹਾਡੀ ਗੱਲ reasonable (ਜਾਇਜ਼) ਹੈ ਹੈਂ ਜੀ, ਐਦਾਂ ਨਹੀਂ ਕੰਮ ਸਰ ਸਕਦਾ। ਹੁਣ ਪੁਜ਼ੀਸ਼ਨ ਇਹ ਹੈ ਹੁਣ ਲੋਕੀ ਸਾਥੋਂ ਪੁਛਣਗੇ ਕਿ ਐਨੇ ਬੰਦੇ ਮਰਵਾਕੇ, ਐਨੇ ਲੋਟ ਕਰ ਕਰਾ ਕੇ, ਸਾਡੇ ਕੋਲ ਕੀ ਜਵਾਬ ਦੇਣ ਨੂੰ ਹੈ ? ਜੇ ਅਸੀਂ price (ਕੀਮਤ) ਹੀ Pay (ਦੇਣੀ) ਹੈ ਤਾਂ ਅਸੀਂ ਪੂਰਾ ਹੱਕ ਹੀ ਕਿਉਂ ਨਾ ਲਈਏ ? We are, in fact, sovereign people (ਅਸੀਂ ਅਸਲ ਵਿਚ ਖੁਦਮੁਖਤਿਆਰ ਲੋਕ ਹਾਂ) We are the last people to be conquered by the British imperialism (ਅਸੀਂ ਉਹ ਲੋਕ ਹਾਂ ਜਿਨ੍ਹਾਂ ਨੂੰ ਬ੍ਰਿਟਿਸ਼ ਸਾਮਰਾਜ ਨੇ ਆਖਰ ਵਿਚ ਜਿਤਿਆ)।

ਪ੍ਰ: ਜਿਹੜੀ ਤੁਹਾਡੀ ਖਾਲਿਸਤਾਨ ਦੀ ਮੰਗ ਹੈ ਇਹ ਅਸਲ ਵਿਚ ਪੰਜਾਬੀ ਸੂਬੇ ਦੀ ਮੰਗ ਸੀ, ਇਹ ਖਾਲਿਸਤਾਨ ਮੰਗ ਇਸ ਕਰਕੇ ਬਣੀ ਹੈ ਕਿ ਤੁਹਾਡੇ ਬੰਦੇ ਮਰੇ ਹਨ ?

ਉ: ਇਹ ਨਹੀਂ, ਜਿਹੜੀ ਬੇਸਿਕ ਗੱਲ ਹੈ ਨਾ — ਉਹ ਇਹ ਹੈ — ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ — ਜਿਹੜੀ ਸਿੱਖਾਂ ਦੀ ਜ਼ੁਲਮ ਦੇ ਖਿਲਾਫ ਅੱਗ ਸੀ — not for themselves (ਆਪਣੇ ਲਈ ਨਹੀਂ) — rather to get rid of negative values (ਬਲਕਿ ਨਾਂਹ-ਪੱਖੀ ਕੀਮਤਾਂ ਤੋਂ ਛੁਟਕਾਰਾ ਪਾਉਣਾ ਸੀ) ... ਸਮਝੇ ਨਾ ..... ਉਹ ਤਾਂ ਸਾਡਾ ideal (ਆਦਰਸ਼) ਚਲਿਆ ਆਇਆ ... ਸਾਡੀ ਲੜਾਈ ਫਿਊਡਲਇਜ਼ਮ(ਜਾਗੀਰਦਾਰੀ) ਦੇ ਖਿਲਾਫ ਰਹੀ। ਉਹਦੇ ਬਾਦ ਅਸੀਂ ਅੰਗਰੇਜ਼ ਦੇ ਖਿਲਾਫ ਵੀ ਲੜੇ।

ਪ੍ਰ: ਜਦੋਂ ਅਸੀਂ ਕਹਿੰਦੇ ਹਾਂ ਬਈ ਖਾਲਸਾ ਰਾਜ ਲੈਣਾ, ਖਾਲਿਸਤਾਨ ਲੈਣਾ, ਸਿੱਖ ਰਾਜ ਲੈਣਾ, ਆਪਾਂ ਜਦੋਂ ਪਿਛੇ ਗੱਲਬਾਤ ਕੀਤੀ ......?

ਉ: ਖਾਲਸਾ ਰਾਜ ਲੈਣਾ ਸਿਖ ਰਾਜ ਨਹੀਂ। ਮੈਂ ਖਾਲਸਾ ਰਾਜ ਲੈਣਾ, misquote (ਗਲਤ ਬਿਆਨੀ) ਨਹੀਂ ਮੈਨੂੰ ਕਰਨਾ। ਸਿੱਖ ਰਾਜ ਅਤੇ ਖਾਲਸਾ ਰਾਜ ਵਿਚ ਬੜਾ ਫਰਕ ਹੈ।

ਪ੍ਰ: ਖਾਲਜੇ ਦੀ ਪ੍ਰੀਭਾਸ਼ਾ ਤੁਸੀਂ ਦਿਤੀ ਹੈ ਪਹਿਲਾਂ .....?

ਉ: ਉਸ ਵਿਚ ਹਿੰਦੂ, ਮੁਸਲਮਾਨ, ਸਿੱਖ ਸਾਰੇ ਜਿਹੜੇ ਇਕ ਤੋਂ ਅੱਗੇ ਹੋ ਕੇ ਉਸ ਜ਼ੁਲਮ ਦੇ ਖਿਲਾਫ ਲੜੇ। ਉਹ ਇਕ ਇਨਕਲਾਬੀ ਲਹਿਰ ਖਾਲਸਾ ਲਹਿਰ ਹੈ। ਉਸ ਲਹਿਰ ਨੂੰ ਸੁਰਜੀਤ ਕਰਨ ਲਈ ਇਸਦਾ ਨਾਂ ਖਾਲਿਸਤਾਨ suggest (ਇਸ਼ਾਰਾ) ਕਰਦਾਂ, ਨਹੀਂ ਤਾਂ ਹੋਰ ਵੀ ਨਾ ਮੈਂ ਕਹਿ ਸਕਦਾ ਸੀ ਸਿਖਸਤਾਨ ਵੀ ਕਹਿ ਸਕਦਾਂ। ਮੈਂ ਸਿਖਸਤਾਨ ਨਹੀਂ ਕਹਿੰਦਾ, ਮੈਂ ਖਾਲਿਸਤਾਨ ਕਹਿਨਾਂ।

ਪ੍ਰ: ਜਿਥੋਂ ਤਕ ਸਾਧਾਰਣ ਬੰਦਾ ਜਿਹੜਾ ਇਥੋਂ ਦੇ ਇਕ ਦੋ ਅਖਬਾਰ ਪੜ੍ਹਦਾ ਉਸਤੋਂ ਆਮ ਸਾਧਾਰਣ ਬੰਦੇ ਦਾ ਪ੍ਰਭਾਵ ਇਹ ਹੈ ਕਿ ਜਿਹੜਾ ਖਾਲਿਸਤਾਨ ਹੈ ਉਹ ਉਹੀਓ ਖਾਲਿਸਤਾਨ ਹੈ ਜਿਹੜਾ ਆਇਆਤੁਲਾ ਖੁਮੈਨੀਸਤਾਨ ਹੈ ਇਰਾਨ ਵਿਚ — ?

ਉ: wrong propaganda (ਗਲਤ ਪ੍ਰਚਾਰ) ਦਾ wrong interpretation (ਗਲਤ ਤਰਜਮੇਂ) ਦਾ ਤਾਂ ਮੇਰੇ ਕੋਲ ਕੋਈ ਇਲਾਜ ਨਹੀਂ ਨਾ।

(ਚਲਦਾ)



ਇੰਟਰਵਿਊ ਸਮੇਂ ਜਗਜੀਤ ਸਿੰਘ ਚੌਹਾਨ ਤੇ ਜਸਵੰਤ ਮਾਂਗਟ

ਟਿੱਪਣੀ —

— ਇੰਟਰਵਿਊ ਦੇ ਉਪਰੋਕਤ ਹਿੱਸੇ ਤੋਂ ਜਗਜੀਤ ਸਿੰਘ ਦੀ ਇਤਿਹਾਸ ਅਤੇ ਭੂਗੋਲ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਯੋਗਤਾ ਪਰਤੱਖ ਨਜ਼ਰ ਪੈਂਦੀ ਹੈ। ਮੁਗਲਾਂ ਦਾ ਰਾਜ ਭਾਰਤ ਵਿਚ ਬਾਬਰ ਤੋਂ ਲੈ ਕੇ ਬਾਹਦਰਸ਼ਾਹ ਤਕ ਰਿਹਾ ਜੋ ਤਕਰੀਬਨ 225 ਵਰ੍ਹੇ ਬਣਦਾ ਹੈ। ਮੁਸਲਮਾਨਾਂ ਦਾ ਕੁਲ ਰਾਜ ਤਕਰੀਬਨ 600 ਵਰ੍ਹੇ ਬਣਦਾ ਹੈ। ਉਸਦੀ ਇਹ ਦਲੀਲ ਵੀ ਬੌਦੀ ਜਾਪਦੀ ਹੈ ਕਿ ਕੋਈ ਵੰਡ ਰਾਜਧਾਨੀ ਤੋਂ ਬਿਨਾਂ ਨਹੀਂ ਹੋ ਸਕਦੀ। ਚੰਡੀਗੜ੍ਹ ਦੀ ਉਸਾਰੀ ਘੁੱਗ ਵਸਦੇ ਪੰਜਾਬੀ ਬੋਲਦੇ ਪਿੰਡਾਂ ਦੀ ਥਾਂ ਤੇ ਹੋਈ ਹੈ। ਦਰ ਅਸਲ ਸੱਚ ਇਹ ਹੈ।

— ਸਿੱਖ ਫਲਸਫਾ ਮਾਨਵਵਾਦੀ ਹੈ। ਜਗਜੀਤ ਸਿੰਘ ਦਾ ਇਹ ਮਿਥ ਕਹਿਣਾ ਕਿ ਹਿੰਦੂ ਮੂੰਹ ਵਿਚ ਥੁਕੌਣ ਦੇ ਹੀ ਕਾਬਲ ਹਨ — ਸਿੱਖ ਸਿਧਾਂਤ ਦੇ ਸਰਾਸਰ ਵਿਰੁਧ ਹੈ ਅਤੇ ਉਸਦੀ ਨੀਵੀਂ ਸੋਚ ਦਾ ਪ੍ਰਤੀਕ ਹੈ।

— ਜਗਜੀਤ ਸਿੰਘ ਦਾ ਖਾਲਸਾ ਅਸਲੀ ਖਾਲਸੇ ਦੀ ਪ੍ਰੀਭਾਸ਼ਾ ਜਿਵੇਂ ਹੁਣ ਤਕ ਸਿੱਖ ਜਗਤ ਵਿਚ ਸਮਝੀ ਜਾਂਦੀ ਰਹੀ ਹੈ ਦੇ ਅਨੁਕੂਲ ਨਹੀਂ।

ਮੈਂ ਹਾਲ ਵਿਚ ਹੀ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿ: ਹਰਿਭਜਨ ਸਿੰਘ, ਜੋ ਕਿ ਵੈਨਕੂਵਰ ਆਏ ਹੋਏ ਹਨ, ਨਾਲ ਇੰਟਰਵਿਊ ਕੀਤੀ ਖਾਲਜੇ ਦੀ ਪ੍ਰੀਭਾਸ਼ਾ ਬਾਰੇ ਗਲਬਾਤ ਕੀਤੀ, ਜਿੰਨਾਂ ਦਸਿਆ ਕਿ "ਖਾਲਸਾ" ਉਹ ਸਿੱਖ ਹੈ ਜੋ ਡਸਿਪਲਨ ਜਾਣੀ ਪੂਰੀ ਰਹਿਤ ਮਰਿਯਾਦਾ ਵਿਚ ਰਹਿੰਦਾ ਹੈ।

"ਪ੍ਰਸ਼ਨ — ਕੀ ਰਵਾਇਤ ਜਾਂ ਅਸਲੀਅਤ ਵਿਚ ਈਸਾਈ, ਮੁਸਲਮਾਨ ਜਾਂ ਹਿੰਦੂ "ਖਾਲਸਾ" ਹੋ ਸਕਦਾ ਹੈ ?

ਉਤਰ — At the same time (ਇਕੋ ਸਮੇਂ) ਹੋ ਨਹੀਂ ਸਕਦਾ। ਕਾਰਣ ਇਹ, ਇਕੋ ਸਮੇਂ ਕਹੇ ਕਿ ਮੁਹੰਮਦ ਮੇਰਾ ਰਸੂਲ ਹੈ ਹੋਰ ਕੋਈ ਨਹੀਂ ਉਹਦੇ ਰਾਹੀਂ ਮੈਂ ਖੁਦਾ ਪ੍ਰਾਪਤ ਕਰਨਾ ਹੈ। ਇਹ ਗੱਲ ਸਿੱਖ ਧਰਮ ਦੇ ਮੁਤਜ਼ਾਦ ਹੈ। (ਵਿਰੁਧ ਹੈ)।

ਪ੍ਰਿ: ਸਾਹਿਬ ਨੇ ਖਾਲਸੇ ਦੀ ਪ੍ਰੀਭਾਸ਼ਾ ਨੂੰ ਵਧੇਰੇ ਸਪੱਸ਼ਟ ਕਰਨ ਲਈ ਅੱਗੋਂ ਜਾ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ ਉਚਾਰਿਆ

"ਜਾਗਤ ਜੋਤ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨਾ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ, ਗੋਰ ਮੜ੍ਹੀ ਮਤ ਭੂਲ ਨ ਮਾਨੈ ॥
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ ॥"

● ਬਰੈਕਟਾਂ ਵਿਚ ਅੰਗਰੇਜ਼ੀ ਤੋਂ ਪੰਜਾਬੀ ਤਰਜਮਾ ਲੇਖਕ ਨੇ ਪਾਠਕਾਂ ਦੀ ਸਹੂਲਤ ਲਈ ਦਿਤਾ ਹੈ।

ਅਗਲੇ ਅੰਕ ਵਿਚ ਇਸ ਇੰਟਰਵਿਊ ਦੀ ਤੀਜੀ ਕਿਸ਼ਤ ਪੜ੍ਹੋ



ਗੋਰਾ ਕਾਲਾ ਨਸਲਵਾਦ

ਹਰਾਰੇ(ਜਿੰਮ ਬਾਬਵੀ)—ਭੂਪਿੰਦਰ ਲਿੱਦੜ ਨੂੰ ਕੈਨੇਡਾ ਛੱਡਕੇ ਅਫਰੀਕਾ ਵਿਚ ਮੁੜ ਸ਼ਰਨ ਲੈਣੀ ਪਈ। ਉਹ ਤੇ ਉਸਦੀ ਕੈਨੇਡੀਅਨ ਪਤਨੀ ਹਰਾਰੇ ਵਿਚ ਹਨ।

ਭੂਪਿੰਦਰ ਨੇ ਦੱਸਿਆ ਕਿ ਅਫਰੀਕਾ ਵਿਚ ਜੰਮੇ ਏਸ਼ੀਅਨਾਂ ਨੂੰ ਦੋ ਤਰ੍ਹਾਂ ਦੇ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਗੋਰਾ ਤੇ ਕਾਲਾ ਨਸਲਵਾਦ। ਭੂਪਿੰਦਰ ਨੇ ਕਿਹਾ ਕਿ ਉਹ ਕੈਨੇਡਾ ਵਿਚ ਪਾਰਲੀਮਿੰਟ ਹਿਲ ਤੇ ਕੰਮ ਕਰਦਾ ਸੀ। ਉਸਦਾ ਦੋਸ਼ ਇਹ ਸੀ ਕਿ ਉਹ ਪੀ. ਐਲ. ਓ ਦੇ ਏਜੰਟ ਦੇ ਤੌਰ ਤੇ ਪੇਸ਼ ਹੋਇਆ ਜਿਹੜਾ ਕਿ ਕਨੇਡੀਅਨ ਕਾਨੂੰਨ ਅਨੁਸਾਰ ਜੁਰਮ ਨਹੀਂ ਹੈ।

ਉਸ ਨੇ ਕਿਹਾ ਕਿ ਆਰ. ਸੀ. ਪੀ. ਰਾਬਰਟ ਕੈਪਲਨ ਤੇ ਜੌਅ ਕਲਾਰਕ ਨੇ ਉਸਨੂੰ ਮਜ਼ਬੂਰ ਕਰ ਦਿਤਾ ਕਿ ਆਪਣੀ ਨੌਕਰੀ ਛੱਡੇ ਤੇ ਫਿਰ ਉਸਨੂੰ ਸਿਟੀਜ਼ਨ ਸ਼ਿਪ ਤੋਂ ਨਾਂਹ ਕਰ ਦਿਤੀ ਗਈ।

1981 ਤੋਂ ਉਸ ਤੇ ਕੋਈ ਜੁਰਮ ਨਹੀਂ ਲਾਇਆ ਗਿਆ ਪਰ ਫਿਰ ਵੀ ਉਸਨੂੰ ਨੌਕਰੀ ਛੱਡਣ ਲਈ ਮਜ਼ਬੂਰ ਕੀਤਾ ਗਿਆ।

ਇਕ ਨਿਰਾਲੀ ਕੌਮ ਸੇਵਕ

ਸੁਰਜੀਤ ਸਿੰਘ ਸੰਧੂ, ਰਿਚਮੰਡ, ਬੀ. ਸੀ.

ਅੱਜ ਤੋਂ ਕੋਈ ਛੇ ਦਹਾਕੇ ਪਹਿਲਾਂ ਉਸਦਾ ਜਨਮ ਇਸ ਨਵੀਂ ਦੁਨੀਆਂ ਦੀ ਧਰਤੀ ਤੇ ਹੋਇਆ ਸੀ, ਪਰ ਉਸਦੇ ਮਾਤਾ ਪਿਤਾ ਦੋਵੇਂ ਹੀ ਪੰਜਾਬ ਦੀ ਧਰਤੀ ਦੇ ਜਮ ਪਲ ਸਨ ਅਤੇ ਪੂਰਨ ਗੁਰ ਸਿੱਖ ਸਨ। ਕਈਆਂ ਧਰਤੀਆਂ ਦੇ ਲੋਕਾਂ ਨਾਲ ਵਾਹ ਪੈਣ ਤੇ ਵੀ ਉਹਨਾਂ ਨੇ ਆਪਣੇ ਸਭਿਆਚਾਰ ਤੇ ਕਿਸੇ ਕਿਸਮ ਦੀ ਠੇਸ ਨਹੀਂ ਆਉਣ ਦਿਤੀ। ਆਪਣੀ ਕੌਮ ਦੇ ਲੋਕਾਂ ਨਾਲ ਉਹ ਤਰ੍ਹਾਂ ਆਪਣੀ ਪਹੁੰਚ ਅਨੁਸਾਰ ਹਿਸਾ ਲੈਂਦੇ ਰਹੇ ਸਨ, ਪਰ ਇਹ ਇਸਤਰੀ ਆਪਣੇ ਵਿਰਸੇ ਮਿਲੇ ਸਭਿਆਚਾਰ ਨੂੰ ਅਪਨਾਉਣ ਤੋਂ ਨਿਰੀ ਇਨਕਾਰੀ ਹੀ ਨਹੀਂ ਸਗੋਂ ਬੜਾ ਘ੍ਰਿਣਾ ਭਰਿਆ ਰਵਈਆ ਵੀ ਰੱਖਦੀ ਹੈ। ਜਦੋਂ ਕੋਈ ਉਸਨੂੰ ਪੰਜਾਬੀ ਮਿਲਦਾ ਹੈ ਤਾਂ ਚਿਹਰੇ ਮੋਹਰੇ ਤੋਂ ਤਾਂ ਬੜਾ ਜੀ ਆਇਆਂ ਵਾਲਾ ਵਿਖਾਲਾ ਕਰ ਦੇਂਦੀ ਹੈ ਪਰ ਦਿਲੋਂ ਇਹ ਹੀ ਕਹਿੰਦੀ ਲਗਦੀ ਹੈ ਕਿ "ਇਹ ਪਸ਼ੂ ਕਿਥੋਂ ਮੱਥੇ ਲਗ ਗਿਆ।" ਉਸਨੂੰ ਆਪਣੇ ਪਿਤਾ ਪੁਰਖੀ ਦੇਸ਼ ਦੇ ਲੋਕਾਂ ਦੇ ਰਵਾਜ, ਰਹੁ ਰੀਤਾਂ, ਜ਼ਬਾਨ ਜਾਂ ਮਜ਼੍ਹਬ ਦਾ ਕੋਈ ਸਤਿਕਾਰ ਨਹੀਂ ਸੀ। ਆਪਣੇ ਬੱਚਿਆਂ ਨੂੰ ਗਿਰਜੇ ਵਿਚ ਅੰਜੀਲ ਦੀ ਸਿੱਖਿਆ ਦਵਾਉਣ ਵਿਚ ਬੜਾ ਮਾਣ ਸਮਝਦੀ ਸੀ।

ਐਥੋਂ ਤਕ ਕਿ ਜੇ ਕਿਤੇ ਉਸਦੇ ਪਿੰਡ ਦੇ ਬੰਦੇ ਨੇ ਉਸਨੂੰ ਪਹਿਲੀ ਵੇਰ ਮਿਲਣ ਤੇ ਉਸ ਦੇ ਹੱਥ ਪੰਜ ਦਸ ਡਾਲਰ ਰਖਣੇ ਚਾਹੇ ਨੇ ਕਿ ਤੂੰ ਮੇਰੇ ਪਿੰਡ ਦੀ ਲੜਕੀ ਏਂ, ਮੇਰੀ ਭੈਣ ਲਗਦੀ ਏਂ, ਸਤਿਕਾਰ ਵਜੋਂ ਮੈਂ ਆਹ ਨਿਗੂਣੇ ਜਿਹੇ ਚਾਰ ਛਿਲੜ ਤੈਨੂੰ ਪਿਆਰ ਵਜੋਂ ਦੇਂਦਾ ਹਾਂ। ਤਾਂ ਇਸ ਤੇ ਇਹ ਬੀਬੀ ਪਟਾਕੀ ਮਾਰ ਕੇ ਦਸ ਫੁੱਟ ਪਰ੍ਹਾਂ ਜਾ ਕੇ ਬੈਠ ਜਾਂਦੀ ਹੈ ਤੇ ਉਤਰ ਦੇਂਦੀ ਹੈ ਕਿ "ਤੇਰੇ ਵਰਗੇ ਮੈਂ ਬੱਤੀ ਸੌ ਭਰਾ ਵੇਖੇ ਹੋਏ ਨੇ।" ਓਹ ਉਸਦੇ ਪਿੰਡ ਦਾ ਭਰਾ ਸ਼ਰਮਿੰਦਾ ਜਿਹਾ ਹੋ ਕੇ ਆਪਣੇ ਡਾਲੇ ਚੁੱਪ ਕਰਕੇ ਆਪਣੀ ਜੇਬ ਵਿਚ ਪਾ ਲੈਂਦਾ ਹੈ।

ਜੇ ਕਰ ਉਸਦੇ ਸਕੇ ਚਾਚੇ ਤਾਏ ਦੀ ਧੀ ਜਾਂ ਪੁੱਤਰ ਉਸਨੂੰ ਭੈਣ, ਭੂਆ ਜੀ ਜਾਂ ਮਾਸੀ ਜੀ ਕਹਿ ਕੇ ਬਲਾਉਂਦੇ ਹਨ ਤਾਂ ਉਹਨਾਂ ਨੂੰ ਲਾਲ ਪੀਲੀ ਹੋ ਕੇ ਵੇਖਣ ਲਗ ਜਾਂਦੀ ਹੈ।

ਪਰ ਸਭ ਤੋਂ ਜ਼ਿਆਦਾ ਓਹ ਆਪਣੀ ਨਫਰਤ ਨੂੰ ਉਦੋਂ ਨੰਗਾ ਕਰਦੀ ਹੈ ਜਦੋਂ ਕਿ 1970-71 ਵਿਚ ਪੰਜਾਬ ਤੋਂ ਆਮ ਲੋਕ ਕੈਨੇਡਾ ਵਿਚ ਆ ਗਏ ਸਨ ਤਾਂ ਏਥੇ ਅਤਿਵਾਦੀਆਂ ਦੀ ਅਤਿ ਦੇ ਸੋਚ ਵਿਚਾਰ ਕਰਨ ਲਈ ਵੈਨਕੂਵਰ ਵਿਚ ਇਕ ਮੀਟਿੰਗ ਬਲਾਈ ਜਾਂਦੀ ਹੈ ਜਿਸ ਵਿਚ ਗੋਰੀ, ਕਾਲੀ ਜਾਂ ਭੂਰੇ ਕੌਮਾਂ ਦੇ ਲੋਕ ਇਕੱਠੇ ਹੁੰਦੇ ਹਨ। ਹੋਰ ਕਿਸੇ ਕੌਮ ਦੇ ਬੰਦੇ ਦੀ ਕੋਈ ਹਿੰਮਤ ਨਾ ਪੈ ਸਕੀ ਕਿ ਉਹ ਪੰਜਾਬੀਆਂ ਦੇ ਦਾਖਲੇ ਦੇ ਉਲਟ ਕੁਛ ਬੋਲ ਸਕੇ, ਸਗੋਂ ਅੱਗੇ ਵਧੂ ਖਿਆਲਾਂ ਵਾਲੇ ਗੋਰੇ ਪੰਜਾਬੀਆਂ ਦੇ ਹੱਕ ਵਿਚ ਬੋਲ ਰਹੇ ਸਨ। ਪਰ ਇਹ ਬੀਬੀ ਉਠ ਕੇ ਬੋਲਦੀ ਹੈ:

"ਇਹ ਜਾਂਗਲੀ ਲੋਕ ਜੰਗਲਾਂ ਵਿਚੋਂ ਉਠਕੇ ਆ ਰਹੇ ਨੇ, ਇਸ ਲਈ ਇਹ ਸਾਡੀ ਸਭਿਅਤਾ ਵਿਚ ਸਮਾ ਨਹੀਂ ਸਕਦੇ, ਜਿਸ ਕਰਕੇ ਇਹਨਾਂ ਦਾ ਦਾਖਲਾ ਬੰਦ ਹੋਣਾ ਚਾਹੀਦਾ ਹੈ।"

ਇਹ ਸੀ ਉਸਦਾ ਨਜ਼ਰੀਆ ਉਹਨਾਂ ਲੋਕਾਂ ਬਾਰੇ ਜਿਨ੍ਹਾਂ ਵਿਚੋਂ ਕਿ ਉਸਦੇ ਮਾਈ ਬਾਪ ਵੀ ਕਿਸੇ ਦਿਨ ਉਹਨਾਂ ਜੰਗਲਾਂ ਵਿਚ ਜਮ ਪਲ ਕੇ ਆਏ ਸਨ।

ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਮਾਈ ਕੁਛ ਦਿਨ ਪਾ ਕੇ ਕੈਨੇਡਾ ਵਿਚ ਹਿੰਦੀਆਂ ਵਲੋਂ ਜਥੇਬੰਦ ਕੀਤੀ ਗਈ ਇਕ ਸੰਸਥਾ ਦੇ ਹਰਾਵਲ ਦਸਤੇ ਵਿਚ ਇਕ ਪ੍ਰਬੰਧਕ ਬਣੀ ਹੋਈ ਵੇਖੀ ਗਈ। ਐਥੋਂ ਤਕ ਕਿ 1981-82 ਦੇ ਰੌਸ ਸਟਰੀਟ ਦੇ ਗੁਰਦੁਆਰੇ ਦੀ ਇਲੈਕਸ਼ਨ ਵਿਚ ਵੀ ਇਕ ਧੜੇ ਵਲੋਂ ਬੜਾ ਸਰਗਰਮੀ ਨਾਲ ਹਿਸਾ ਲੈਂਦੀ ਵੇਖੀ ਗਈ ਜਦੋਂ ਕਿ ਸਿੱਖੀ ਨਾਲ ਵੀ ਉਸਦਾ ਐਨਾ ਕੁ ਪਿਆਰ ਸੀ ਕਿ ਜੇ ਕਿਤੇ ਉਸਨੂੰ ਕੋਈ ਦਾੜ੍ਹੀ ਕੇਸਾਂ ਵਾਲਾ ਸਿਖ ਨਜ਼ਰੀ ਪੈ ਜਾਵੇ ਤਾਂ ਉਹ ਉਸ ਖਾਲਸੇ ਦੀ ਦਸਤਾਰ ਸਿਰ ਤੋਂ ਲਾਹ ਦੇਣ ਦੀ ਗੁਸਤਾਖੀ ਕਰਨ ਵਿਚ ਵੀ ਕੋਈ ਗਰੇਜ਼ ਨਹੀਂ ਸੀ ਕਰਦੀ।

ਰੱਬ ਬਚਾਵੇ ਇਸ ਤਰ੍ਹਾਂ ਦੇ ਲੋਕ ਸੇਵਕਾਂ ਤੋਂ !!

(ਪੰਨਾ 19 ਦਾ ਬਾਕੀ)

ਅੱਗੇ ਸਰਕਾਰੀ ਵਕੀਲ ਨੇ ਇਉਂ ਆਖਿਆ, "ਕਾਨੂੰਨ ਦੀ ਅਜ਼ਮਾਇਸ਼ ਹੈ। ਹਫੜਾ ਦਫੜੀ(ਅਨਾਰਕੀ) ਦੀ ਅਜ਼ਮਾਇਸ਼ ਹੈ। ਇਹ ਆਦਮੀ ਚੁਣ ਲਏ ਹਨ ਅਤੇ ਗਰਾਂਡ ਜਿਊਰੀ ਦੇ ਸਾਹਮਣੇ ਹਨ/ਚੁਣੇ ਹਨ ਅਤੇ ਉਨ੍ਹਾਂ ਉਪਰ ਦੂਸ਼ਨ ਲਾਏ ਹਨ ਕਿਉਂਕਿ ਇਹ ਲੀਡਰ ਹਨ। ਇਹ ਉਨ੍ਹਾਂ ਹਜ਼ਾਰਾਂ ਤੋਂ ਵੱਧ ਦੋਸ਼ੀ ਨਹੀਂ ਜਿਹੜੇ ਇਨ੍ਹਾਂ ਦੇ ਪਿਛੇ ਤੁਰਦੇ ਹਨ। ਜਿਊਰੀ ਦੇ ਸ੍ਰੀ ਮਾਣ ਸਰਦਾਰੋ, ਇਨ੍ਹਾਂ ਨੂੰ ਕਸੂਰਵਾਰ ਠਹਿਰਾਓ, ਇਨ੍ਹਾਂ ਦੀ ਇਕ ਮਿਸਾਲ ਕਾਇਮ ਕਰ ਦਿਉ, ਇਨ੍ਹਾਂ ਨੂੰ ਫਾਂਸੀ ਦਿਉ ਅਤੇ ਆਪਣੇ ਸਮਾਜ ਅਤੇ ਆਪਣੇ ਅਦਾਰਿਆ ਨੂੰ ਇਨ੍ਹਾਂ ਤੋਂ ਬਚਾਓ।" ਇਕ ਨੂੰ ਪੰਦਰਾਂ ਸਾਲ ਅਤੇ ਬਾਕੀਅ ਦਿਆਂ ਨੂੰ ਫਾਂਸੀ ਪਰ ਸਜਾ ਪਿਛੋਂ ਇਨ੍ਹਾਂ ਅੱਠਾਂ ਨੇ ਕਚਹਿਰੀ ਨੂੰ ਤਿੰਨ ਦਿਨ ਸੰਬੋਧ ਕਰਨ ਸਮੇਂ ਸਰਮਾਏਦਾਰ ਕੋਰਟ ਦੇ ਜਮਾਤੀ ਖਾਸੇ ਦੇ ਪਰਖ 'ਚ ਉਡਾ ਦਿਤੇ ਅਤੇ ਦੁਨੀਆਂ ਭਰ ਵਿਚ ਥਲਾਕ ਮੱਚ ਗਿਆ। ਅਗਸਤ ਸਪਾਈਸ ਨੇ ਇਉਂ ਆਖਿਆ, "ਜਨਾਬ ਇਸ ਕੋਰਟ ਨੂੰ ਸੰਬੋਧਨ ਕਰਨ ਸਮੇਂ ਮੈਂ ਇਕ ਜਮਾਤ ਦਾ ਨੁਮਾਇੰਦਾ ਦੂਜੀ ਜਮਾਤ ਦੇ ਨੁਮਾਇੰਦੇ ਨਾਲ ਗੱਲ ਕਰ ਰਿਹਾ ਹਾਂ। ਜੇ ਤੁਸੀਂ ਸੋਚਦੇ ਹੋ ਕਿ ਸਾਨੂੰ ਫਾਂਸੀ ਦੇਣ ਨਾਲ ਮਜ਼ਦੂਰ ਲਹਿਰ ਦਾ ਸਫਾਇਆ ਕਰ ਦਿਉਗੇ — ਉਹ ਲਹਿਰ ਜਿਸ ਵਿਚੋਂ ਲੱਖਾਂ ਦੱਬੇ ਕੁਚਲੇ ਉਠਦੇ ਉਹ ਲੱਖਾਂ ਲੋਕ ਜੋ ਗਰੀਬੀ ਵਿਚ ਮਿਹਨਤ ਕਰਦੇ ਅਤੇ ਗਰੀਬੀ ਤੋਂ ਛੁਟਕਾਰਾ ਚਾਹੁੰਦੇ ਹਨ—ਤੇ ਜੇ ਤੁਹਾਡਾ ਇਹ ਵਿਚਾਰ ਹੈ ਤਾਂ ਸਾਨੂੰ ਫਾਂਸੀ ਦਿਉ! ਹੁਣ ਤੁਸੀਂ ਇਥੇ ਚੰਗਿਆੜੀ ਉਤੇ ਪੈਰ ਧਰੋਗੇ ਪਰ ਉਥੇ ਤੇ ਉਥੇ ਤੁਹਾਡੇ ਪਿਛੇ ਤੁਹਾਡੇ ਅੱਗੇ ਅਤੇ ਹਰ ਥਾਂ ਅੱਗੇ ਦੇ ਭਾਂਬੜ ਬਲਣਗੇ। ਇਹ ਜ਼ਮੀਨ ਦੇ ਹੇਠਾਂ ਅੱਗ ਹੈ। ਤੁਸੀਂ ਇਸ ਨੂੰ ਬੁਝਾ ਨਹੀਂ ਸਕਦੇ।"

ਦੁਨੀਆਂ ਵਿਚ ਹਾਹਾਕਾਰ ਮਚ ਗਈ। ਉਨ੍ਹਾਂ ਦੀ ਰਿਹਾਈ ਲਈ ਦੁਨੀਆਂ ਭਰ ਵਿਚੋਂ ਪ੍ਰੋਟੈਸਟ ਹੋਏ। ਪਰ ਫਿਰ ਭੀ ਪੰਜ ਮਾਰ ਦਿਤੇ ਗਏ। ਪਿਛੋਂ ਇਹ ਲਾਸ਼ਾਂ ਉਨ੍ਹਾਂ ਦੇ ਸਾਥੀਆਂ ਨੂੰ ਦੇ ਦਿਤੀਆਂ ਗਈਆਂ। ਸ਼ਿਕਾਗੋ ਦੇ ਲੋਕਾਂ ਨੇ ਸਨਮਾਨ ਵਜੋਂ ਸਿਰ ਝਕਾਓ ਅਤੇ ਪੰਜ ਲੱਖ ਬੰਦਾ ਅਰਥੀ ਦੇ ਰਾਹਦੇ ਦੋਹੀਂ ਪਾਸੀਂ ਖੜੇ ਸਨ। ਹੇਅ ਮਾਰਕਿਟ ਦੇ ਸ਼ਹੀਦਾਂ ਦੇ ਖੂਨ ਦੀ ਅੰਤਰ-ਰਾਸ਼ਟਰੀ ਮਹਾਨਤਾ ਹੈ ਅਤੇ 1889 ਦੀ ਪੈਰਿਸ ਮੀਟਿੰਗ ਵਿਚ ਬਣੀ ਦੂਜੀ ਇੰਟਰਨੈਸ਼ਨਲ ਨੇ ਫੈਸਲਾ ਲਿਆ ਕਿ ਮਜ਼ਦੂਰ ਜਮਾਤ ਦੇ ਕੰਮ ਨੂੰ ਅੱਗੇ ਖੜਨ ਲਈ ਹਰ ਸਾਲ ਪਹਿਲੀ ਮਈ ਦੇ ਦਿਨ ਉਤੇ ਅੰਤਰ-ਰਾਸ਼ਟਰੀ ਪੱਧਰ ਉਤੇ ਮੀਟਿੰਗਾਂ ਅਤੇ ਜਲਸੇ ਜਲੂਸ ਕੱਢੇ ਜਾਣ। ਇਹ ਦਿਨ ਮਜ਼ਦੂਰ ਵਰਗ ਦੀ ਨਿਧੜਕ ਇਨਕਲਾਬੀ ਸਪਿਰਟ ਦਾ ਚਿੰਨ੍ਹ ਅਤੇ ਚਾਨਣ ਮੁਨਾਰਾ ਹੈ।

ਮੋਰਚਾ ਐਕਸ਼ਨ ਕਮੇਟੀ ਵਲੋਂ ਵੈਨਕੂਵਰ ਵਿਚ ਮੁਜ਼ਾਹਰਾ



17 ਅਪਰੈਲ, 1983 ਨੂੰ ਪੰਜਾਬ 'ਧਰਮ-ਯੁੱਧ' ਮੋਰਚਾ ਐਕਸ਼ਨ ਕਮੇਟੀ ਵਲੋਂ ਪੰਜਾਬ ਵਿਚ 4 ਅਪਰੈਲ ਨੂੰ ਹੋਏ ਗੋਲੀ ਕਾਂਡ ਬਾਰੇ ਰੋਸ ਮੁਜ਼ਾਹਰਾ ਕੀਤਾ ਗਿਆ।

ਮੁਜ਼ਾਹਰੇ ਵਿਚ 500 ਦੇ ਕਰੀਬ ਮੁਜ਼ਾਹਰੀਨ ਸਨ। ਰੌਬਸਨ ਸੁਕੇਅਰ ਵਿਚ ਤਕਰੀਰਾਂ ਕਰਨ ਵਾਲਿਆਂ ਵਿਚ ਗੁਰਨਾਮ ਸਿੰਘ ਸੰਘੇੜਾ, ਦਲਜੀਤ ਸਿੰਘ ਸੰਧੂ, ਮੋਤਾ ਸਿੰਘ ਝੀਤਾ, ਚਰਨਪਾਲ ਗਿੱਲ ਆਦਿ ਸ਼ਾਮਲ ਸਨ। ਤਕਰੀਰਾਂ ਵਿਚ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਦਬਾਊ ਨੀਤੀਆਂ ਨੂੰ ਭੰਡਿਆ ਗਿਆ।

ਭਾਰਤੀ ਕੌਂਸਲੇਟ ਦੇ ਸਾਹਮਣੇ ਰੋਸ ਪੱਤਰ ਦੇਣ ਸਮੇਂ ਖਾਲਿਸਤਾਨ ਆਦਿ ਦੇ ਨਾਅਰੇ ਲੱਗਦੇ ਰਹੇ। ਇਸ ਮੁਜ਼ਾਹਰੇ ਵਿਚ ਗੁਰਦੁਆਰਾ ਸਾਹਿਬ ਰੌਸ ਕਮੇਟੀ ਦੇ ਪ੍ਰਬੰਧਕ ਕਾਫੀ ਗਿਣਤੀ ਵਿਚ ਸ਼ਾਮਲ ਸਨ। ਨਿਊਵੈਸਟ ਦੇ ਰਘਬੀਰ ਸਿੰਘ ਗਰੇਵਾਲ ਤੇ ਵਿਲੀਅਮਜ਼ ਲੇਕ ਤੋਂ ਗਿਆਨ ਸਿੰਘ ਸੰਧੂ ਆਦਿ ਵੀ ਆਗੂਆਂ ਵਜੋਂ ਸ਼ਾਮਲ ਸਨ।

ਏ. ਐਨ. ਬੈਨਰਜੀ ਕਰਨਾਟਕ ਦੇ ਗਵਰਨਰ

ਕਰਨਾਟਕ—ਕਰਨਾਟਕ ਦੇ ਨਵੇਂ ਗਵਰਨਰ ਏ. ਐਨ. ਬੈਨਰਜੀ ਨੂੰ 16 ਅਪਰੈਲ ਨੂੰ ਹਾਈ ਕੋਰਟ ਦੇ ਚੀਫ ਜਸਟਿਸ ਨੇ ਸੌਂਹ ਚੁਕਾਈ।

ਬੀ. ਸੀ. ਦੇ ਅਟਾਰਨੀ ਜਨਰਲ ਦਾ ਅਕਾਲੀ ਸਿੰਘ ਸਿਖ ਸੁਸਾਇਟੀ ਨੂੰ ਜੁਆਬ

ਇਹ ਹੇਠ ਦਿਤੀ ਜਾ ਰਹੀ ਚਿੱਠੀ ਬੀ. ਸੀ. ਦੇ ਅਟਾਰਨੀ ਜਨਰਲ ਮਿ: ਐਲਨ ਵਿਲੀਅਮਜ਼ ਨੇ ਅਕਾਲੀ ਸਿੰਘ ਸਿਖ ਸੁਸਾਇਟੀ, ਵੈਨਕੂਵਰ ਦੇ ਨਾਂ ਲਿਖੀ ਹੈ ਜਿਸ ਵਿਚ ਸਪੱਸ਼ਟ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਚਹਿਰੀ-ਘਰ ਹੀ ਰੱਖੀ ਜਾਵੇਗੀ ।

April 18, 1983

Akali Singh Sikh Society
467 E. 11th Ave.
Vancouver, B.C.
V5T 2C8

Dear Sirs:

Re: GURU GRANTH SCRIPTURES

I have now had the opportunity to have the subject of the Guru Granth Scriptures reviewed by this Ministry.

In doing so, the comments of the Chief Justice of the Supreme Court and the Chief Judge of the Provincial Court were also solicited.

The position of this Ministry will be as follows.

The Guru Granth Scriptures will be made available to witnesses subject to the direction of the judge.

The scriptures will be retaines in the courthouse. however, they are to be placed in the secure area, away from the coutroom area until such time that a request for the use of the scripture is made.

In some instances, I am advised that the scripture is held in the judge 's chambers and this to me, appears to be a most practical method of controlling the scripture.

I trust that this answers your concerns expressed on behalf of the society.

Yours truly,
Allan Williams
Attorney General

ਸੋਚ ਲੋ ਤਿਨਕੇ ਕੀ ਤੂਫਾਨ ਸੇ ਟੱਕਰ ਕੈਸੀ,
ਤੁਮ ਮੇਰੇ ਨਾਮ ਕੋ ਲਿਖ ਲਿਖ ਕੇ ਮਿਟਾਤੇ ਕਯੋਂ ਹੋ ।

ਐਨ. ਡੀ. ਪੀ. ਦੇ ਅਲੈਕਸ ਮੈਕਡਾਨਲਡ ਨੇ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਗੁਰਦੁਆਰਾ ਸਾਹਿਬ ਰੱਖੀ ਜਾਣੀ ਚਾਹੀਦੀ ਹੈ।"

April 25, 1983
Mr. Malkiat Singh Darred
President
Akali Singh Sikh Society
467 E. 11th Ave,
Vancouver, B.C. V5T 2C8

Dear Mr. Darred,

Re: GURU GRANTH SCRIPTURES

I have reviewed this correspondence and the final letter from the Honourable Allen Williams dated April 18, 1983.

His proposal is not a practical solution. The Scriptures must be kept in the Temple and taken to the Courts by a priest of the Temple, when required for purpose of Attestation. I would review the Williams' proposal in consultation with the Chief Justice of the Supreme Court, and fell confident that a proper solution can be worked out.

Yours very truly
Alex Macdonald, Q.C., M.L.A.
Vancouver—East.

ਵੈਨਕੂਵਰ ਸਾਊਥ ਵਿਚ ਸੋਕਰਡ ਉਮੀਦਵਾਰ ਮਿਲਾਂ ਵਿਚ ਗਏ

ਵੈਨਕੂਵਰ—18 ਅਪਰੈਲ ਨੂੰ ਮਿ: ਸਟੀਫਨ ਰੋਜ਼ਰਜ਼ ਤੇ ਰਸਲ ਫਰੇਜਰ ਵੱਖ ਵੱਖ ਮਿਲਾਂ ਵਿਚ ਆਸਾ ਜੌਹਲ, ਸਵਰਨ ਸਾਗਰ, ਜੇਕ ਉਪੱਲ, ਅਵਤਾਰ ਉਪੱਲ, ਆਦਿ ਨੂੰ ਮਿਲੇ ਤੇ ਉਨ੍ਹਾਂ ਨਾਲ ਮਿਲਾਂ ਬਾਰੇ ਗਲਬਾਤ ਵਿਚ ਸ਼ਾਮਲ ਹੋਏ ।

ਜੀਜਾ ਵਾਰ ਜਾ ਚੁਆਨੀ ਖੋਟੀ
ਸਾਲੀਆਂ ਦਾ ਮਾਣ ਰੱਖ ਲੇ ।

ਕਿਤਾਬਾਂ ਕਿਵੇਂ ਪੜ੍ਹੀਏ ?

ਡਾ: ਰਾਧਾਕ੍ਰਿਸ਼ਣਨ

❖

ਇਕ ਮਹਾਨ ਲੇਖਕ ਨੇ ਕਿਹਾ ਹੈ ਕਿ ਆਦਮੀ ਆਪਣੀ ਵਿਹਲ ਦੀਆਂ ਘੜੀਆਂ ਨਾਲ ਜੋ ਕੁਝ ਕਰਦਾ ਹੈ, ਉਹੋ ਧਰਮ ਹੈ । ਇਹ ਸਿਰਫ਼ ਧਰਮ ਦੀ ਹੀ ਗੱਲ ਨਹੀਂ ਹੈ, ਸਗੋਂ ਕਲਾ, ਸਾਹਿਤ, ਵਿਗਿਆਨਕ ਖੋਜਾਂ ਤੇ ਉਦਿਯੋਗਕ ਕਾਢਾਂ ਵੀ ਇਸ ਚੀਜ਼ ਦਾ ਹੀ ਸਿੱਟਾ ਹਨ ਕਿ ਆਦਮੀ ਆਪਣੀ ਵਿਹਲ ਦੀਆਂ ਘੜੀਆਂ ਨਾਲ ਕੀ ਕਰਦਾ ਹੈ ।

ਵਰਤਮਾਨ ਸੰਸਾਰ ਵਿਚ ਅਸੀਂ ਸਮੂਹਕ ਜ਼ਿੰਦਗੀ ਬਿਤਾਉਣ ਦੇ ਆਦੀ ਹੁੰਦੇ ਜਾ ਰਹੇ ਹਾਂ । ਸਾਨੂੰ ਜਦ ਥੋੜੀ ਜਿੰਨੀ ਵੀ ਵਿਹਲ ਮਿਲਦੀ ਹੈ, ਤਾਂ ਅਸੀਂ ਪਾਰਟੀਆਂ, ਕਲੱਬਾਂ ਆਦਿ ਵਲ ਭੱਜ ਉਠਦੇ ਹਾਂ । ਅਸੀਂ ਇਕੱਲ ਵਿਚ ਜਿਊਣੋ ਡਰਦੇ ਹਾਂ । ਬੈਠਣ ਤੇ ਸੋਚਣ ਦੀ ਤਾਂ ਗੱਲ ਹੀ ਵਖਰੀ ਹੈ, ਅਸੀਂ ਤਾਂ ਖੜੇ ਹੋ ਕੇ ਵੇਖਣ ਤੋਂ ਵੀ ਘਬਰਾਉਂਦੇ ਹਾਂ । ਅਸੀਂ ਦੂਜਿਆਂ ਨਾਲ ਰਹਿ ਕੇ ਹੀ ਖ਼ੁਸ਼ ਹੁੰਦੇ ਹਾਂ, ਆਪਣੇ ਨਾਲ ਰਹਿ ਕੇ ਨਹੀਂ ।

ਮੈਸਕਲ ਦਾ ਕਹਿਣਾ ਹੈ ਕਿ ਸੰਸਾਰ ਦੀਆਂ ਸਾਰੀਆਂ ਬੁਰਾਈਆਂ ਇਸ ਗੱਲ 'ਚੋਂ ਪੈਦਾ ਹੁੰਦੀਆਂ ਹਨ ਕਿ ਆਦਮੀ ਆਪਣੇ ਕਮਰੇ ਵਿਚ ਸ਼ਾਂਤ ਹੋ ਕੇ ਚੁੱਪਚਾਪ ਨਹੀਂ ਬੈਠ ਸਕਦਾ । ਕਿਤਾਬਾਂ ਦਾ ਅਧਿਅਨ ਸਾਨੂੰ ਇਕੱਲ ਵਿਚ ਸੋਚਣ ਤੇ ਅਸਲੀ ਅਨੰਦ ਮਾਨਣ ਦੀ ਆਦਤ ਪਾਉਂਦਾ ਹੈ ।

ਇਹ ਆਮ ਸ਼ਿਕਾਇਤ ਹੈ ਕਿ ਸਾਰਿਆਂ ਹੀ ਖੇਤਰਾਂ ਵਿਚ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਵਿਚ ਗਿਰਾਵਟ ਆਉਂਦੀ ਜਾ ਰਹੀ ਹੈ । ਜਿਹੜੇ ਆਗੂ ਆਪਣੇ ਫ਼ਰਜ਼ ਤੋਂ ਬੇਮੁਖ ਹੋ ਜਾਂਦੇ ਹਨ, ਉਹ ਲੋਕਾਂ ਨੂੰ ਗ਼ਲਤ ਦਿਸ਼ਾ ਵਲ ਲੈ ਜਾਂਦੇ ਹਨ ।

ਬੀਮਾਰੀ ਦੀ ਜੜ ਆਦਮੀ — ਵਿਅਕਤੀ ਵਿਚ ਹੈ, ਸਾਡੀਆਂ ਰਾਜਨੀਤਕ, ਆਰਥਕ, ਅਤੇ ਸਮਾਜਕ ਰਹੁ ਰੀਤਾਂ ਵਿਚ ਹੈ । ਆਦਮੀ ਦੇ ਸੁਭਾਅ ਨੂੰ ਬਦਲਣ ਦੀ ਲੋੜ ਹੈ । ਸਾਹਿਤ ਆਦਮੀ ਦੀ ਆਤਮਾ ਦੇ ਗੁਣਾਂ ਨੂੰ ਉਪਰ ਚੁੱਕਣ ਵਿਚ ਸਭ ਤੋਂ ਵਧ ਸਹਾਇਤਾ ਕਰਦਾ ਹੈ ।

ਜਦ ਅਸੀਂ ਮਹਾਨ ਗ੍ਰੰਥਾਂ ਨੂੰ ਪੜ੍ਹਦੇ ਹਾਂ, ਤਾਂ ਸਾਡੇ ਮਨ ਉਹਨਾਂ ਦੇ ਵਿਚਾਰਾਂ ਨਾਲ ਰੰਗੇ ਜਾਂਦੇ ਹਨ । ਮਹਾਨ ਪੁਸਤਕਾਂ ਆਦਮੀ ਨੂੰ ਮਾਨਸਿਕ ਤੌਰ 'ਤੇ ਸਿਹਤਮੰਦ ਬਣਾਉਂਦੀਆਂ ਹਨ । ਉਹ ਸਾਡੇ ਅੰਦਰ ਮਨ ਦੀ ਵਿਸ਼ਾਲਤਾ ਤੇ ਪ੍ਰਮਾਣੀਕ ਦ੍ਰਿਸ਼ਟੀ ਪੈਦਾ ਕਰਦੀਆਂ ਹਨ ।

ਭਾਰਤ ਅਤੇ ਬੰਗਲਾ ਦੇਸ਼ ਵਿਚ ਸਭਿਆਚਾਰਕ ਸੰਧੀ

ਢਾਕਾ—ਭਾਰਤ ਨੇ ਬੰਗਲਾ ਦੇਸ਼ ਨਾਲ 14 ਅਪਰੈਲ ਨੂੰ ਸਭਿਆਚਾਰਕ ਤੇ ਵਿਦਿਅਕ ਖੇਤਰਾਂ ਵਿਚ ਤਬਾਦਲੇ ਦੀ ਸੰਧੀ ਤੇ ਦਸਤਖਤ ਕੀਤੇ । ਕਲਾਕਾਰਾਂ, ਸਾਇੰਸਦਾਨਾਂ ਤੇ ਪ੍ਰੋਫੈਸਰ ਬਾਰੇ ਦੋ ਸਾਲਾ ਸੰਧੀ ਤੇ ਭਾਰਤੀ ਹਾਈ ਕਮਿਸ਼ਨਰ ਆਈ. ਪੀ. ਖੋਸਲਾ ਤੇ ਬੰਗਲਾ ਦੇਸ਼ ਦੇ ਮਜ਼ੂਰ ਮੁਰਸ਼ਦ ਨੇ ਦਸਤਖਤ ਕੀਤੇ ।

ਅੰਤਰ ਰਾਸ਼ਟਰੀ ਫੀਲਡ ਹਾਕੀ ਵਿਚ ਕੈਨੇਡਾ ਦੀ ਮਹਿਲਾ ਟੀਮ ਦੂਜੇ ਨੰਬਰ ਤੇ

ਕੁਆਲਾਲੰਪਰ—ਹਾਲੈਂਡ ਦੀ ਟੀਮ ਨੇ ਕੈਨੇਡਾ ਦੀਆਂ ਕੁੜੀਆਂ ਦੀ ਹਾਕੀ ਦੀ ਟੀਮ ਨੂੰ ਚਾਰ ਦੇ ਮੁਕਾਬਲੇ ਨਾਲ ਹਰਾ ਕੇ ਸੰਸਾਰ ਚੈਂਪੀਅਨਸ਼ਿਪ ਜਿੱਤ ਲਈ । ਕੈਨੇਡਾ ਦੀ ਟੀਮ ਦੂਜੇ ਨੰਬਰ ਤੇ ਰਹੀ ਜਦ ਕਿ ਪਿਛਲੀ ਚੈਂਪੀਅਨ ਪੱਛਮੀ ਜਰਮਨੀ ਸੈਮੀ ਫਾਈਨਲ ਵਿਚ ਹੀ ਹਾਰ ਗਈ । ਸੈਮਾ ਫਾਈਨਲ ਵਿਚ ਅਰਜਨ ਟਾਈਨਾ ਤੇ ਨਿਊਜੀਲੈਂਡ ਨਾ ਪਹੁੰਚ ਸਕੀਆਂ। ਇੰਡੀਆਂ ਦੀ ਕੁੜੀਆਂ ਦੀ ਹਾਕੀ ਦੀ ਟੀਮ ਸਭ ਤੋਂ ਪਿਛੇ ਰਹੀ। ਉਹ ਕੇਵਲ ਇਕ ਮੈਚ ਵਿਚ ਬਰਾਬਰ ਤੇ ਬਾਕੀ ਸਾਰਿਆਂ ਵਿਚ ਹਾਰ ਗਈਆਂ ।

ਅਕਾਲੀ ਦਲ ਵਲੋਂ ਵਾਰਤਾ ਲਈ ਸ਼ਰਤ ਸਹਿਤ ਪੇਸ਼ਕਸ਼

ਪ੍ਰਧਾਨ ਮੰਤਰੀ ਪਹਿਲ ਕਰਨ —ਬਾਦਲ

ਅੰਮ੍ਰਿਸਰ—ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲਾ ਨੇ ਪੇਸ਼ਕਸ਼ ਕੀਤੀ ਕਿ ਉਸਨੂੰ ਲਾਭਦਾਇਕ ਨਤੀਜਿਆਂ ਬਾਰੇ ਕਾਇਲ ਕਰ ਲਿਆ ਜਾਏ ਤਾਂ ਉਹ ਕੇਂਦਰ ਨਾਲ ਮੁੜ ਵਾਰਤਾ ਸ਼ੁਰੂ ਕਰਨ ਲਈ ਆਪਣੇ ਪ੍ਰਤੀਨਿਧ ਭੇਜਣ ਨੂੰ ਤਿਆਰ ਹਨ । ਉਹਨਾਂ ਡੈਡਲਾਕ ਲਈ ਮੁਖ ਮੰਤਰੀ ਦਰਬਾਰਾ ਸਿੰਘ ਨੂੰ ਜ਼ਿਮੇਵਾਰ ਠਹਿਰਾਇਆ ਤੇ ਕਿਹਾ ਕਿ ਉਸਨੂੰ ਡਿਸਮਿਸ ਕਰਨ ਨਾਲ 24 ਘੰਟਿਆਂ ਵਿਚ ਅਮਨ ਬਹਾਲ ਹੋ ਜਾਵੇਗਾ । ਮਰਜੀਵੜਾ ਫੌਜ ਬਾਰੇ ਪੁੱਛੇ ਜਾਣ ਤੇ ਉਹਨਾਂ ਕਿਹਾ ਕਿ ਇਹ ਕਿਸੇ ਨੂੰ 'ਸੋਧਣ' ਜਾਂ ਕਿਸੇ ਲੜਨ ਲਈ ਨਹੀਂ ਇਹ ਪੁਰ ਅਮਨ ਤੇ ਅਹਿੰਸਕ ਮੰਤਵਾਂ ਦੀ ਪ੍ਰਾਪਤੀ ਲਈ ਵਰਤੀ ਜਾਵੇਗੀ ।

ਆਪਣਿਆਂ ਨੇ ਸਾਡੇ ਉਤੇ ਬਹੁਤ ਹੀ ਬਖਸ਼ਸ਼ ਕੀਤੀ,
ਕੋਈ ਇਕ ਹੋਵੇ ਤਾਂ ਕੱਢ ਵਿਖਾਈਏ, ਸੀਨੇ ਵਿਚੋਂ ਖ਼ੰਜਰ ।

ਸਾਰੇ ਦਿਨ ਦੀ ਭਟਕਣ ਪਿਛੋਂ ਸ਼ਹਿਰ ਮੇਰੇ ਦੇ ਲੇਖਕ,
ਮਨ ਨੂੰ ਹੌਲਾ ਕਰਨ ਦੀ ਖਾਤਰ ਮਿਲ ਬਹਿੰਦੇ ਨੇ ਅਕਸਰ

ਖੇਡ ਜਗਤ



ਜਲੰਧਰ ਜਿਮਨਾਸਟਿਕ ਦਾ ਘਰ

●ਹਰਬੰਸ ਵਿਰਦੀ

ਵੈਸੇ ਆਮ ਖ਼ਿਆਲ ਦੇ ਮੁਤਾਬਕ ਜਲੰਧਰ ਨੂੰ ਹੁਣ ਤਕ ਹਾਕੀ ਦਾ ਘਰ ਮੰਨਿਆਂ ਜਾਂਦਾ ਹੈ ਕਾਰਣ ਇਹ ਹੈ ਕਿ ਪੰਜਾਬ ਦੇ ਇਸ ਪ੍ਰਮੁੱਖ ਸ਼ਹਿਰ ਨੇ ਅਨੇਕਾਂ ਖਿਡਾਰੀ ਪੈਦਾ ਕੀਤੇ ਹਨ ਜਿਹਨਾਂ ਨੇ ਬਾਹਰਲੇ ਮੁਲਕਾਂ ਵਿੱਚ ਖੇਡ ਕੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ ! ਕੁੱਝ ਇਸ ਤਰਾਂ ਦੀ ਗੱਲ ਮਹਿਲਾ ਹਾਕੀ ਦੀ ਹੈ, ਕਈ ਪ੍ਰਤਿਭਾਸ਼ਾਲੀ ਹਾਕੀ ਖਿਡਾਰਨਾਂ ਜਿਹੜੀਆਂ ਕਿ ਇਸ ਸ਼ਹਿਰ ਵਿੱਚੋਂ ਸਨ ਜਾਂ ਹਨ, ਦੇਸ਼-ਵੱਲੋਂ ਖੇਡੀਆਂ ਹਨ.

ਪਰ ਹੁਣ ਇਹੀ ਜਲੰਧਰ ਜਿਮਨਾਸਟਿਕ ਦਾ ਘਰ ਵੀ ਬਣਦਾ ਜਾ ਰਿਹਾ ਹੈ ! ਜੇ ਤੁਸੀਂ ਵਾਕਈ ਖੇਡ ਪ੍ਰੇਮੀ ਹੋ ਤਾਂ ਤੁਸੀਂ ਜ਼ਰੂਰ ਕਿਤੇ ਨਾ ਕਿਤੇ ਸ਼ਹਿਰ ਵਿੱਚ ਕਿਸੇ ਫੰਕਸ਼ਨ 'ਤੇ ਹੀ ਲੜਕੀਆਂ ਜਾਂ ਲੜਕਿਆਂ ਵੱਲੋਂ ਜਿਮਨਾਸਟਿਕ ਦਾ ਪ੍ਰਦਰਸ਼ਨ ਕੀਤਾ ਗਿਆ ਦੇਖਿਆ ਹੋਵੇਗਾ. ਜਲੰਧਰ ਵਿੱਚ ਕਾਫੀ ਸਮੇਂ ਤੋਂ ਸ਼ੌਕ ਨਾਲ ਖੇਡਿਆ ਜਾ ਰਿਹਾ ਹੈ. 'ਤੇ ਅੱਜ ਇਸਦਾ ਨਤੀਜਾ ਇਹ ਨਿਕਲਿਆ ਹੈ ਕਿ ਆਉਣ ਵਾਲੀ ਨਸਲ ਵਿੱਚ ਤਾਂ ਇਹ ਸ਼ੌਕ ਵਧਣਾ ਹੀ ਸੀ, ਨਾਲ ਹੀ ਕਈ ਜਿਮਨਾਸਟ ਰਾਸ਼ਟਰੀ ਪੱਧਰ 'ਤੇ ਉੱਭਰਨੇ ਸ਼ੁਰੂ ਹੋ ਗਏ ਹਨ.

ਕੀ ਤੁਹਾਨੂੰ ਪਤਾ ਹੈ ਕਿ ਜਲੰਧਰ ਦੀਆਂ ਦੋ ਜਿਮਨਾਸਟਾਂ ਨੇ 1966 ਵਿੱਚ ਇੱਕ ਅੰਤਰ-ਰਾਸ਼ਟਰੀ ਪ੍ਰਤੀਯੋਗਤਾ ਵਿੱਚ ਭਾਗ ਲਿਆ ਸੀ. ਇਹ ਜਿਮਨਾਸਟਾਂ ਸਨ ਵਿਜੇ ਆਜ਼ਾਦ 'ਤੇ ਦੂਸਰੀ ਪ੍ਰਭਜੋਤ ਅਟਾਰੀ, ਅੱਜ-ਕਲ ਪ੍ਰਭਜੋਤ ਹਰਿਆਣੇ ਦੇ "ਰਾਇ ਸਕੂਲ" ਵਿੱਚ ਇੱਕ ਜਿਮਨਾਸਟਿਕ ਕੋਚ ਵਜੋਂ ਨਿਯੁਕਤ ਹੈ.

'ਤੇ ਅੱਜ ਜਿਮਨਾਸਟਿਕ ਦੀਆਂ ਹੋਰ ਕਈ ਕੁੜੀਆਂ ਵੀ ਜਲੰਧਰ ਵਿੱਚੋਂ ਉੱਭਰ ਰਹੀਆਂ ਹਨ. ਕੁੱਝ ਸਮਾਂ ਪਹਿਲਾਂ ਮਿਸ ਮਨਮੋਹਨ ਕੌਰ ਨਾਂ ਦੀ ਇੱਕ ਕੋਚ ਜਲੰਧਰ ਵਿੱਚ ਨਿਯੁਕਤ ਸੀ. ਜਿਸਨੇ ਕਾਫੀ ਨਾਲੋਂ ਜ਼ਿਆਦਾ ਮਿਹਨਤ ਕਰਵਾ ਕੇ ਜਿਮਨਾਸਟਿਕ ਨੂੰ ਜਲੰਧਰ ਵਿੱਚ ਕਾਫੀ ਹੱਦ ਤਕ ਉੱਨਤ ਕੀਤਾ. ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ ਕਿ ਮਨਮੋਹਨ ਕੌਰ ਦੀ ਬਦਲੀ ਹੋ ਜਾਣ ਨਾਲ ਜਲੰਧਰ ਵਿੱਚ ਜਿਮਨਾਸਟਿਕ ਨੂੰ ਬਹੁਤ ਫਰਕ ਪਿਆ ਮਗਰ ਫਿਰ ਵੀ ਇਹ ਮੰਨਣਾ ਪਵੇਗਾ ਕਿ ਜਲੰਧਰ, ਵਿੱਚ ਇਹ ਖੇਡ ਛੋਟੇ-ਛੋਟੇ ਬੱਚਿਆਂ ਵਿੱਚ ਬੜੀ ਹਰਮਨ ਪਿਆਰੀ ਹੋ ਚੁੱਕੀ ਹੈ.

ਤੁਸੀਂ ਸ਼ਾਮ ਦੇ ਵਕਤ ਹੰਸ ਰਾਜ ਸਟੇਡੀਅਮ ਦੇ ਪਿਛਲੇ ਪਾਸੇ ਮੈਦਾਨ ਵਿੱਚ ਨਜ਼ਰ ਮਾਰੋ. ਛੋਟੇ-ਛੋਟੇ ਬੱਚਿਆਂ ਤੋਂ ਲੈ ਕੇ ਵੱਡੀਆਂ-ਵੱਡੀਆਂ ਲੜਕੀਆਂ ਤਕ ਤੁਸੀਂ ਜਿਮਨਾਸਟਿਕ ਕਰਦੇ ਦੇਖੋਗੇ. ਹਾਲਾਂ ਕਿ ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਸ਼ਹਿਰ ਵਿੱਚ ਜਿਮਨਾਸਟਿਕ ਦਾ ਹਾਲੇ ਕੋਈ ਵੀ ਕੋਚ ਨਹੀਂ ਹੈ ਪਰ ਫਿਰ ਵੀ ਜਿਮਨਾਸਟਿਕ ਖਿੱਚ-ਧੂਹ ਕੇ ਚੱਲ ਹੀ ਰਹੀ ਹੈ.

ਖੇਡ ਦੇ ਇਸ ਪੱਖ ਨੂੰ ਵੀ ਸਾਨੂੰ ਮੰਨਣਾ ਪਵੇਗਾ ਕਿ ਬਾਕੀ ਕਈ ਖੇਡਾਂ ਵਾਂਗ ਇਹ ਖੇਡ ਬੜੀ ਔਖੀ ਹੈ. ਔਖੀ ਤੋਂ ਮੇਰਾ ਭਾਵ ਸਿਰਫ "ਔਖੀ" ਨਹੀਂ ਕਿਉਂ-ਕਿ ਤੁਸੀਂ ਕਹੋਗੇ ਕਿਹੜੀ ਖੇਡ ਹੈ ਜਿਹੜੀ ਔਖੀ ਨਹੀਂ ਹੈ ? ਤੁਹਾਡਾ ਇਹ ਨੁਕਤਾ ਵੀ ਠੀਕ ਹੈ. ਮੇਰਾ ਔਖੀ ਤੋਂ ਭਾਵ ਇਹ ਹੈ ਕਿ ਇਸ ਖੇਡ ਦੇ ਵਿੱਚ ਕਈ ਵਾਰ ਪੂਰੇ ਸ਼ਰੀਰ ਨੂੰ ਹਵਾ ਦੇ ਵਿੱਚ ਰੱਖ ਕੇ "ਪਰਫੋਰਮ" ਕਰਨਾ ਪੈਂਦਾ ਹੈ. ਇਸ ਨਾਲ ਸੱਟ ਲੱਗਣ ਦਾ ਕਾਫੀ ਖ਼ਤਰਾ ਹੈ ਕਿਉਂਕਿ ਹਵਾ ਵਿੱਚ "ਸਮਰਸਾਲਟ" ਯਾਨਿ "ਉਲਟੀ ਖੜਬਾਜ਼ੀ" ਲੈਣੀ ਏਨੀ ਆਸਾਨ ਖੇਡ ਨਹੀਂ ਹੈ. ਮੈਂ ਖੁਦ ਕਈ ਵਾਰ ਬੱਚਿਆਂ ਨੂੰ ਸਖਤ 'ਤੇ ਪੱਧਰੇ ਮੈਦਾਨ 'ਤੇ ਵੱਟੇ ਵਾਂਗ ਡਿੱਗਦਿਆਂ ਤੱਕਿਆ ਹੈ.

ਕੁੜੀਆਂ ਵਾਂਗ ਹੀ ਜਲੰਧਰ ਦੇ ਮੁੰਡਿਆਂ ਨੇ ਵੀ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ. ਇਨ੍ਹਾਂ ਵਿੱਚੋਂ ਮਨਜੀਤ ਸਿੰਘ, ਕੇਵਲ ਕ੍ਰਿਸ਼ਨ 'ਤੇ ਮਨਜੀਤ ਸਿੰਘ "ਪੰਥਰ" ਦੇ ਨਾਂ ਵਰਨਣ ਯੋਗ ਹਨ. ਹੋਰ ਵੀ ਕਈ ਮੁੰਡੇ ਜੂਨਿਅਰ ਲੇਵਲ 'ਤੇ ਉੱਭਰ ਰਹੇ ਹਨ.

ਸੋ, ਇਸ ਵਕਤ ਜਲੰਧਰ ਵਿੱਚ ਕਿਸੇ ਜਿਮਨਾਸਟਿਕ ਕੋਚ ਦੀ ਲੋੜ ਹੈ, ਤਾਂਕਿ ਜਲੰਧਰ ਵਿੱਚ ਜਿਮਨਾਸਟਿਕ ਨੂੰ ਬਰਕਰਾਰ ਰੱਖਿਆ ਜਾਵੇ. □

ਵੋਟ ਕਿਸਨੂੰ ਤੇ ਕਿਉਂ ?

ਗੁਰਨਾਮ ਸਿੰਘ ਸੰਘੇੜਾ

ਇਸ ਢਾਂਚੇ ਵਿਚ ਵੋਟ ਵੱਡ ਮੁੱਲਾ ਅਧਿਕਾਰ ਅਤੇ ਹਥਿਆਰ ਹੈ ਜਿਸ ਦੀ ਪੂਰੀ ਅਤੇ ਯੋਗ ਵਰਤੋਂ ਕਰਨੀ ਅਤੇ ਅਤੀ ਜ਼ਰੂਰੀ ਹੈ।

5 ਮਈ 1983 ਨੂੰ ਬੀ. ਸੀ. ਦੀ ਸਰਕਾਰ ਬਣਾਉਣ ਲਈ ਵੋਟਾਂ ਪਾਉਣ ਦਾ ਅਹਿਮ ਦਿਨ ਹੈ ਜਿਸ ਦਿਨ ਵੋਟਾਂ ਨੇ ਪੰਜ ਸਾਲ ਲਈ ਬੀ. ਸੀ. ਦੇ ਸਾਰੇ ਸਰਕਾਰੀ ਪ੍ਰਬੰਧ ਅਤੇ ਆਰਥਕ ਸਿਆਸੀ, ਸਮਾਜੀ ਪੱਖਾਂ ਉਤੇ ਲੋਕਾਂ ਦੇ ਜੀਵਨ ਬਾਰੇ ਫੈਸਲੇ ਕਰਨ ਦਾ ਹੱਕ ਬਹੁ ਮਤ ਵਾਲੀ ਪਾਰਟੀ ਨੂੰ ਦੇਣਾ ਹੈ। ਅੱਜ ਬੀ. ਸੀ. ਵਿਚ ਸੋਕਰਡ ਅਤੇ ਐਨ. ਡੀ. ਪੀ. ਵਿਚ ਹੀ ਬਦਲ ਹੈ ਭਾਵੇਂ ਕਿ ਮੈਦਾਨ ਵਿਚ ਕਮਿਊਨਿਸਟ ਪਾਰਟੀ ਆਫ ਕੈਨੇਡਾ ਅਤੇ ਲਿਬਰਲ ਆਦਿ ਹਨ। ਸੋ ਵੋਟਰਾਂ ਨੇ ਵਡਮੁਲੇ ਅਤੇ ਲੰਮੇ ਸਮੇਂ ਦੇ ਘੋਲ ਪਿਛੋਂ ਲਏ ਹੋਏ ਜਮਹੂਰੀ ਹੱਕ ਦੀ ਯੋਗ ਵਰਤੋਂ ਕਰਨੀ ਹੈ। ਇਸ ਵੋਟ ਹੱਕ ਨਾਲ ਵਧਾਇਕ (M.L.A.) ਤੇ ਸਰਕਾਰ ਚੁਣੀ ਜਾਣੀ ਹੈ ਪਰ ਉਸ ਵਧਾਇਕ ਨੂੰ ਜਮਹੂਰੀ ਹੱਕ ਰਾਹੀਂ ਤੁਸੀਂ ਵਾਪਸ ਨਹੀਂ ਬੁਲਾ ਸਕਦੇ ਭਾਵੇਂ ਉਹ ਕੋਈ ਠੀਕ ਕੰਮ ਕਰੇ ਜਾਂ ਨਾ। ਅਸਲੀ ਜਮਹੂਰੀਅਤ ਅਧੀਨ ਤਾਂ ਅਯੋਗ ਨੂੰ ਵਾਪਸ ਬਲਾਉਣ ਦਾ ਹੱਕ ਚਾਹੀਦਾ ਹੈ। ਖੈਰ ਕਿਉਂਕਿ ਵੋਟ ਨੇ ਇਕ ਵਾਰੀ ਫੈਸਲਾ ਕਰਨਾ ਹੈ, ਸੋ ਇਹ ਵੇਖਣਾ ਜ਼ਰੂਰੀ ਹੈ ਕਿ ਕੌਣ ਲੋਕ ਭਲਾਈ, ਵਿਦਿਆ, ਲੋਕ ਸੇਵਾਵਾਂ, ਸਿਹਤ, ਨੌਕਰੀ ਆਦਿ ਲਈ ਠੀਕ ਪੱਖ ਤੋਂ ਭਾਈ ਲਾਲੋਆਂ ਲਈ ਖੜਦਾ ਹੈ।

ਇਥੇ ਗੱਲ ਵਿਅਕਤੀ ਦੀ ਨਹੀਂ ਬਲਕਿ ਸਮੁਚੀ ਪਾਰਟੀ ਦੀ ਹੈ ਕਿ ਉਹ ਪਾਰਟੀ ਕਿਸ ਵਰਗ ਅਤੇ ਜਮਾਤ ਦੇ ਹਿਤ ਪਾਲਦੀ ਹੈ। ਉਸ ਪਾਰਟੀ ਨੇ ਉਸ ਪੱਖ ਤੋਂ ਹੀ ਨੀਤੀਆਂ ਬਨਾਉਣੀਆਂ ਅਤੇ ਉਨ੍ਹਾਂ ਸੈਕਸ਼ਨਾਂ ਤੇ ਜਮਾਤ ਦੇ ਹਿਤ ਪਾਲਣੇ ਹਨ। ਭਾਵੇਂ ਕਿ ਵਿਅਕਤੀ ਦੀ ਭੀ ਆਪਣੀ ਥਾਂ ਹੈ। ਇਸ ਸਰਮਾਏਦਾਰੀ ਜਮਹੂਰੀਅਤ ਅਤੇ ਉਸ ਦੇ ਅਦਾਰਿਆਂ ਨੂੰ ਲੋਕ ਹਿਤਾਂ ਦੇ ਪ੍ਰਚਾਰ ਲਈ ਕੁਝ ਹੱਦ ਤਕ (ਸੀਮਤ ਤੌਰ) ਤੇ ਵਰਤਿਆ ਜਾ ਸਕਦਾ ਹੈ ਅਤੇ ਜਿਵੇਂ ਲੈਨਿਨ ਨੇ ਆਖਿਆ ਹੈ, "ਸਮਾਜਵਾਦ ਰੈਡੀਮੇਡ(ਘੜਿਆ ਘੜਾਇਆ) ਪ੍ਰਬੰਧ ਨਹੀਂ—ਇਹ ਅਜ ਦੇ ਮਜ਼ਦੂਰ ਦੀ ਜਮਾਤੀ ਜਦੋ ਜਹਿਦ ਹੈ ਜੋ ਇਕ ਮੰਤਵ ਤੋਂ ਕਲ ਦੇ ਦੂਜੇ ਮੰਤਵ ਵਲ ਬੁਨਿਆਦੀ ਮੰਤਵ ਦੀ ਪ੍ਰਾਪਤੀ ਲਈ ਵਧਦੀ ਹੈ ਜੋ ਦਿਨ ਬਦਿਨ ਨੇੜੇ ਆ ਰਹੀ ਹੈ '(Collectes works ਜਿਲਦ 19 ਸਫਾ 46)

ਸੋਕਰਡ ਜੋ ਧਨੀਆਂ ਦੇ ਹਿਤਾਂ ਅਤੇ ਲੋਕ ਜਮਹੂਰੀਅਤ ਤੇ ਮਜ਼ਦੂਰ ਯੂਨੀਅਨਾਂ ਦੀ ਵਿਰੋਧੀ ਹੈ। ਇਸ ਸੋਕਰਡ ਸਰਕਾਰ ਨੇ ਤਾਂ ਫਾਰਮ ਵਰਕਰਜ਼ ਦੇ ਵਿਰੋਧ ਵਿਚ ਅਤੇ ਹੁਣ ਯੂਨੀਅਨਾਂ ਦੇ ਖਾਤਮੇ ਲਈ ਚਾਲੀ ਫੀ ਸਦੀ ਗਿਣਤੀ ਦਾ ਢਕੌਂਜ ਰਚਾਇਆ ਹੈ। ਫਿਰ ਅਖੌਤੀ "ਕੰਮ ਦੇ ਹੱਕ" ਦੇ ਅਧੀਨ ਯੂਨੀਅਨ ਤੋੜਨ ਅਤੇ ਮਜ਼ਦੂਰ ਵਿਰੋਧੀ ਕਾਨੂੰਨ ਲਈ ਹੈ। ਸੋਕਰਡ ਦਾ ਧਨੀ ਨੇਤਾ ਸ੍ਰੀ ਬੈਨਿਟ ਤਾਂ ਆਖਦਾ ਸੀ, "ਬੀ. ਸੀ. ਵਿਕਾਊ ਨਹੀਂ।" ਪਰ ਹੁਣ ਬੀ. ਸੀ. ਦਾ ਅਰਬਾਂ ਡਾਲਰ ਦਾ ਕੋਲਾ ਮੁਫਤ ਦੇ ਭਾਅ ਜਾਪਾਨ ਨੂੰ ਦੇ ਦਿਤਾ ਹੈ ਅਤੇ ਇਸ ਸੌਦੇ ਵਿਚ ਬੀ. ਸੀ. ਦੇ ਧਨੀਆਂ ਨੂੰ ਭੀ ਪੈਸਾ ਬਣੇਗਾ ਜਦੋਂ ਸੜਕਾਂ ਤੇ ਰੇਲਾਂ ਬਣਾਈਆਂ ਪਰ ਇਸ ਸੌਦੇ ਵਿਚ ਬੀ. ਸੀ. ਨੂੰ ਕੋਈ ਦੋ ਅਰਬ ਡਾਲਰ ਦਾ ਘਾਟਾ ਹੈ। ਕੋਈ ਢਾਈ ਲੱਖ ਬੰਦਾ ਵੇਹਲਾ ਹੈ। ਫਿਰ ਬੀ. ਸੀ. ਰੀਸੋਰਸਿਜ਼ ਇਨਵੈਸਟਮੈਂਟ ਕਾਰਪੋਰੇਸ਼ਨ(ਉਚਾਰਦੇ ਹਨ—ਬਰਿਕ) ਦੀ ਪੰਜ ਡਾਲਰ ਦੇ ਛੇ ਮੁਫਤ ਹਿੱਸੇ ਅਤੇ ਬਾਕੀਆਂ ਦੀ ਕੀਮਤ ਦਿਉ ਦੇ ਨਾਮ ਉਤੇ ਖੜੀ ਕੀਤੀ। ਜਿਸ ਨੂੰ ਐਨ. ਡੀ. ਪੀ. ਦੇ ਨੇਤਾ ਡੇਵ ਬੈਰਿਟ ਦੇ "ਸਿਆਸੀ ਟਰਿਕ" ਆਖਿਆ। ਜੋ "ਬੀ. ਸੀ. ਵਿਕਾਊ ਨਹੀਂ" ਦੀ ਗੱਲ ਸੀ ਉਹ ਬਦਲ ਗਈ। ਮੈਕਮਿਲਨ ਬਲੋਡਲ ਉਪਰ ਨੌਰਡਾ ਦਾ ਕਬਜ਼ਾ ਅਤੇ "ਬਰਿਕ" ਦੇ ਹਿੱਸੇ (ਮੈਕਮਿਲਨ ਵਾਲੇ) ਉਲਿਮਪੀਆ ਤੇ ਯੌਰਕ ਡੀਵੈਲਪਮੈਂਟ" ਨੂੰ ਵੇਚ ਦਿਤੇ। ਬੀ. ਸੀ. ਟਿਲ ਤੇ ਹਾਈਡਰੋ ਅਥਾਹ ਮੁਨਾਫੇ ਕਮਾਉਂਦੀ ਹੈ। ਸਟੇਟ ਖਜ਼ਾਨਾ ਅਤੇ ਮਾਇਕ ਪ੍ਰਬੰਧ ਦੇ ਇਹ ਜ਼ਮਾ ਅਯੋਗ ਹਨ ਵੈਡਰਜ਼ੇਮ ਨੇ ਕੁਝ ਸਾਲ ਪਹਿਲਾਂ ਹਰ ਤੰਦਰੁਸਤ ਆਦਮੀ ਲਈ ਕੰਮ ਦੇਣ ਦੀ ਗਲ ਕੀਤੀ। ਅਤੇ ਬੈਨਿਟ ਨੇ ਖੁਸ਼ਹਾਲੀ ਬਾਰੇ ਆਖਿਆ ਸੀ। ਪਰ ਹੁਣ ਘਾਟੇ ਵਾਲੇ ਬੱਜਟ ਆਉਂਦੇ ਹਨ ਅਤੇ ਬੱਜਟ ਪੇਸ਼ ਕਰਨ ਦਾ ਹੀਆ ਹੀ ਨਹੀਂ ਕੀਤਾ। ਟੈਕਸ ਵਧਾ ਰਿਹਾ ਹੈ। ਲੋਕ ਭਲਾਈ ਦੇ ਕੰਮ, ਵਿਦਿਆ, ਕੰਮ ਟਰੇਨਿੰਗ, ਮੈਡੀਕਲ ਆਦਿ ਦੀਆਂ ਬੁਨਿਆਦੀ ਗਲਾਂ ਵਿਚ ਅਥਾਹ ਕਟੌਤੀ ਕੀਤੀ ਹੈ। ਪਰ ਧਨੀਆਂ ਦੇ ਮੁਨਾਫਿਆਂ ਅਤੇ ਕੀਮਤਾਂ ਉਪਰ ਪਾਬੰਦੀ ਦੀ ਗੱਲ ਨਹੀਂ ਕਰਦਾ। 1981 ਵਿਚ ਤਾਂ ਇਹ ਸੋਕਰਡ ਸਰਕਾਰ ਆਖਦੀ ਸੀ ਸੂਬੇ ਪਾਸ ਬਹੁਤ ਧਨ ਤੇ ਮਾਇਆ ਹੈ ਅਤੇ ਅਪਰੈਲ 1982 ਵਿਚ ਆਖਦੇ ਹਨ, "ਸੰਕਟ ਲੰਘ ਗਿਆ।" ਪਰ ਨਾਲ ਹੀ ਸ੍ਰੀ ਬੈਨਿਟ ਲੋਕ ਭਲਾਈ ਦੇ ਹਰ ਕੰਮ ਉਤੇਂ "ਰੋਕ" ਅਤੇ ਕਟੌਤੀ ਲਈ ਹੁਕਮ ਦਿੰਦਾ ਹੈ। ਸੋ ਸ੍ਰੀ ਬੈਨਿਟ ਦੀ ਸੋਕਰਡ ਸਰਕਾਰ ਦੇ ਸਾਰੇ ਵਾਅਦੇ ਥੋਥੇ ਅਤੇ ਪੂਰੇ ਨਾ ਹੋਏ ਅਤੇ ਯੋਗ ਹੱਲ ਭੀ ਨਾ ਹੋਇਆ। ਸੋ ਇਸ ਨੇ ਅਗਾਂਹ ਭੀ ਕੁਝ ਨਹੀਂ ਕਰ ਸਕਣਾ।

ਐਨ. ਡੀ. ਪੀ. ਜੋ ਬਰਤਾਨੀਆ ਦੀ ਲੇਬਰ ਪਾਰਟੀ ਦੇ ਤੁਲ ਅਤੇ ਆਮ ਤੌਰ ਤੇ "ਜਮਹੂਰੀ ਸਮਾਜਵਾਦ" ਦੇ ਨਾਮ ਤੇ ਸਿਧਾਂਤ ਨਾਲ ਜਾਣੀ ਜਾਂਦੀ ਹੈ। ਵੈਸੇ ਤਾਂ ਸਿੱਧੇ ਸਾਧੇ ਸ਼ਬਦਾਂ ਵਿਚ ਇਹ "ਜਮਹੂਰੀ ਹੈ ਅਤੇ ਸਮਾਜਵਾਦ ਦੀ ਅਣਹੋਂਦ" ਇਸ ਦੀਆਂ ਜੜਾਂ ਸੁਧਾਰਵਾਦ ਅਤੇ ਨਿੱਕ ਬੁਰਜ਼ੁਆਜ਼ੀ ਮਾਹੌਲ ਵਿਚ ਹਨ। ਇਨਕਲਾਬੀ ਮਾਰਕਸਵਾਦੀ ਸਿਧਾਂਤ ਅਤੇ ਢੰਗ ਨੂੰ ਜਮਹੂਰੀ ਸਮਾਜਵਾਦ ਦੇ ਲਿਬਰਲ ਢੰਗ ਨਾਲ ਰਲ ਗੱਡ ਨਹੀਂ ਕੀਤਾ ਜਾ ਸਕਦਾ। ਇਹ ਤਾਂ ਮਾਰਕਸੀ ਸਿਧਾਂਤ ਤੋਂ ਸਖਣਾ ਅਤੇ ਸਰਮਾਏਦਾਰੀ ਢਾਂਚੇ ਵਿਚ ਰਹਿ ਕੇ ਅਦਲਾ ਬਦਲੀ ਕਰਦਾ ਹੈ। ਸਰਮਾਏਦਾਰੀ ਦੇ ਬਾਹਰਮੁਖੀ ਨਿਯਮਾਂ ਨੂੰ ਅਖੋਂ ਉਹਲੇ ਕਰਦਾ ਹੈ ਅਤੇ ਪੈਦਾਵਾਰੀ ਰਿਸ਼ਤਿਆਂ, ਜਮਾਤੀ ਸੰਬੰਧਾਂ ਤੇ ਟੱਕਰਾਂ, ਸੁਪਰ ਸਟਰੱਕਚਰ ਅਤੇ ਪੈਦਾਵਾਰੀ ਸਾਧਨਾਂ ਦੇ ਕਬਜ਼ੇ ਸਬੰਧੀ ਇਨਕਲਾਬੀ ਬਦਲੀ ਦੇ ਬੁਨਿਆਦੀ ਸਵਾਲਾਂ ਤੋਂ ਪਰ੍ਹੇ ਰਹਿੰਦੀ ਹੈ। ਇਹ ਪਾਰਟੀ ਭੀ ਅਸਲੀ ਅਰਥਾਂ ਵਿਚ ਮਜ਼ਦੂਰ ਦੀ ਹਕੂਮਤ ਨਹੀਂ ਲਿਆ ਸਕਦੀ ਅਤੇ ਨਾ ਹੀ ਸਰਮਾਏਦਾਰੀ ਸੰਕਟ ਦਾ ਹੱਲ ਕਰ ਸਕਦੀ ਹੈ ਕਿਉਂਕਿ ਇਸ ਦਾ ਬੁਨਿਆਦੀ ਸਿਧਾਂਤ ਵਿਗਿਆਨਕ ਨਹੀਂ ਪਰ ਫਿਰ ਭੀ ਇਹ ਪਾਰਟੀ ਮਜ਼ਦੂਰਾਂ ਕਿਸਾਨਾਂ ਤੇ ਆਮ ਲੋਕਾਂ ਦੇ ਜਮਹੂਰੀ ਹੱਕਾਂ ਅਤੇ ਆਮ ਭਲਾਈ ਲਈ ਗੱਲ ਕਰਦੀ ਅਤੇ ਕਦਮ ਉਠਾਉਣ ਲਈ ਕਹਿੰਦੀ ਹੈ। ਟਰੇਡ ਯੂਨੀਅਨ ਲਈ ਭੀ ਆਖਦੀ ਅਤੇ ਹਾਂ ਦਾ ਨਾਅਰਾ ਮਾਰਦੀ ਹੈ। ਵਿਦਿਆ, ਲੋਕ ਸੇਵਾਵਾਂ, ਲੋਕ ਭਲਾਈ ਦੇ ਕੰਮਾਂ ਅਤੇ ਕੰਮ ਚਲਾਉਣ ਅਤੇ ਕੰਮ ਲਈ ਆਖਦੀ ਹੈ। ਸਰਮਾਏਦਾਰੀ ਦੀ ਅੰਨ੍ਹੀ ਲੁੱਟ ਮਾਰ ਵਿਰੁਧ ਘੱਟ ਗਿਣਤੀਆਂ ਦੇ ਹਕ ਵਿਚ ਆਦਿ ਵਾਸੀਆਂ ਲਈ ਅਤੇ ਹੋਰ ਭਲਾਈ ਦੇ ਕੰਮਾਂ ਲਈ ਆਖਦੀ ਹੈ। ਸਰਮਾਏਦਾਰੀ ਪਾਰਟੀ ਦੇ ਕੁਕਰਮਾਂ ਤੇ ਲੋਕ ਵਿਰੋਧੀ ਕੰਮਾਂ ਦੇ ਵਿਰੁਧ ਆਖਦੀ ਅਤੇ ਨੰਗਾ ਕਰਦੀ ਹੈ। ਮੈਡੀਕਲ ਅਤੇ ਗਰੀਬ ਦੀ ਮਦਦ ਦੀ ਗਲ ਕਰਦੀ ਹੈ। ਬਾਕੀ ਇਸ ਚੌਖਟੇ ਵਿਚ ਰਹਿਹ ਕੇ ਜ਼ਿਆਦਾ ਨਹੀਂ ਕਰ ਸਕਦੀ ਪਰ ਧਨੀਆਂ ਦੀ ਅੰਨ੍ਹੀ ਲੁੱਟ ਅਤੇ ਆਪ ਮੁਹਾਰੇ ਵਹਿਨ ਦੇ ਵਿਰੋਧ ਲਈ ਕੁਝ ਹੱਦ ਤਕ ਕੰਮ ਕਰਦੀ ਹੈ।

ਇਸ ਲਈ ਸੋਕਰਡ ਸਰਕਾਰ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ। ਜੇਕਰ ਆਮ ਲੋਕਾਂ ਦੀ ਭਲਾਈ ਦਾ ਸੋਚਣਾ ਹੈ ਤਾਂ ਫਿਰ ਇਸ ਦਾ ਇਸ ਸਮੇਂ ਸੀਮਤ ਬਦਲ ਤਾਂ ਐਨ. ਡੀ. ਪੀ. ਹੀ ਹੈ। ਭਾਵੇਂ ਐਨ. ਡੀ. ਪੀ. ਜ਼ਿਆਦਾ ਕੁਝ ਸੁਆਰ ਨਹੀ ਸਕਦੀ ਅਤੇ ਆਪਣੀ ਹਕੂਮਤ ਸਮੇਂ ਮਜ਼ਦੂਰਾਂ ਨੂੰ ਕਾਨੂੰਨ ਰਾਹੀਂ ਕੰਮ ਤੇ ਜਾਣ ਲਈ ਮਜ਼ਬੂਰ ਕੀਤਾ। ਪਰ ਹੁਣ ਜੇਕਰ ਯੂਨੀਅਨ ਬਚਾਉਣੀ ਹੈ, ਵਿਦਿਆ, ਡਾਕਟਰੀ ਅਤੇ ਲੋਕ ਭਲਾਈ ਕੰਮਾਂ ਨੂੰ ਚੰਗਾ ਕਾਇਮ ਰੱਖਣਾ ਹੈ ਤਾ ਫਿਰ ਅਵੱਸ਼ ਹੀ ਐਨ. ਡੀ. ਪੀ. ਨੂੰ ਵੋਟ ਪਾਉਣੀ ਚਾਹੀਦੀ ਹੈ। ਸੱਜ ਪਿਛਾਖੜ ਤੋਂ ਅਤੇ ਸੱਜੇ ਬੰਨੇ ਦੇ ਝੁਕਾਅ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਜੋ ਭੀ ਥੋੜਾ ਬਹੁਤਾ ਲੋਕ ਭਲਾਈ ਅਤੇ ਮਜ਼ਦੂਰ ਅਤੇ ਗਰੀਬ ਕਿਸਾਨ ਲਈ ਗੱਲ ਕਰਦਾ ਤੇ ਖੜਦਾ ਹੈ, ਉਸ਼ ਨੂੰ ਵੋਟ ਪਾਈਏ। ਨਸਲਵਾਦ ਵਿਰੁਧ ਚੰਗੇ ਕਾਨੂੰਨ ਲਈ ਭੀ ਸੋਕਰਡ ਨੂੰ ਹਰਾਉਣਾ ਜ਼ਰੂਰੀ ਹੈ ਜੋ ਮਜ਼ਦੂਰ ਅਤੇ ਜਮਹੂਰੀ ਲਹਿਰ ਦੇ ਲਈ ਜਦੋ ਜਹਿਦ ਕਰਦਾ ਹੈ ਉਸ ਦੀ ਮਦਦ ਕਰੋ। ਐਨ. ਡੀ. ਪੀ. ਇਸ ਕੰਮ ਲਈ ਆਖਦੀ ਹੈ, ਐਨ. ਡੀ. ਪੀ. ਨੂੰ ਭੀ ਲੋਕ ਭਲਾਈ ਅਤੇ ਅਗਾਂਹ ਵਧੂ ਕੰਮਾਂ ਲਈ ਹਰ ਅਗਾਂਹ ਵਧੂ ਅਨਸਰ ਨੂੰ ਨਾਲ ਲਵੇ। ਇਸ ਧਨੀਆਂ ਦੀ ਸਰਕਾਰ ਨੂੰ ਹਾਰ ਦੇਣ ਲਈ ਐਨ. ਡੀ. ਪੀ. ਨੂੰ ਵੋਟ ਪਾਉ। ਕਿਉਂਕਿ ਇਸ ਸਮੇਂ ਹੋਰ ਕੋਈ ਠੋਸ ਬਦਲ ਨਹੀਂ।

1. ਗੁਰਪਾਲ ਮਾਨ ਹਾਸੇ ਦੇ ਗੋਲ ਗੱਪੇ ਗੋਪਾਲ ਸਹਿਗਲ ਨਾਲ

2. "ਠਨ ਠਨ ਗੋਪਾਲ" ਦੇ ਦੋ ਕਲਾਕਾਰ — ਗੋਪਾਲ ਸਹਿਗਲ ਤੇ ਬਲਦੇਵ ਬਾਂਸਲ





ਦਲ ਦਾ ਡੂੰਘਾ ਹੁੰਦਾ ਸੰਕਟ

ਅੰਮ੍ਰਿਤਸਰ


ਪਤਰ ਪ੍ਰੇਰਕ)—ਜਿਵੇਂ ਜਿਵੇਂ ਅਕਾਲੀ ਦਲ ਦੀ ਪ੍ਰਾਪਤੀ ਦੀ ਘੜੀ ਨੇੜੇ ਆ ਰਹੀ ਹੈ, ਇਸ ਵਿਚਲਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ. ਇਹ ਅਰੰਭੇ ਦੀ ਗੱਲ ਨਹੀਂ ਹੋਵੇਗੀ ਜੇ ਉਸ ਦਿਨ ਅਕਾਲੀ ਦਲ ਦੋਫਾੜ ਹੋ ਜਾਏ ਜਿਸ ਦਿਨ ਇਸ ਦੀਆਂ ਸਾਰੀਆਂ ਮੰਗਾਂ ਪਰਵਾਨ ਹੋ ਜਾਣ.

ਇਸ ਵਿਚ ਹੈਰਾਨੀ ਵਾਲੀ ਗੱਲ ਨਹੀਂ ਕਿ ਜਿਵੇਂ ਜਿਵੇਂ ਕੇਂਦਰ ਅਕਾਲੀ ਦਲ ਵਲੋਂ ਉਠਾਈਆਂ ਗਈਆਂ ਮੰਗਾਂ ਦੇ ਪਰਸੰਗ ਵਿਚ ਐਲਾਨ ਕਰ ਰਿਹਾ ਹੈ ਉਵੇਂ ਉਵੇਂ ਅੱਤਵਾਦੀ ਆਪਣੀਆਂ ਸਰਗਰਮੀਆਂ ਤੇਜ਼ ਕਰ ਰਹੇ ਹਨ. ਇਥੋਂ ਸਪਸ਼ਟ ਹੈ ਕਿ ਅੱਤਵਾਦੀ ਅੰਸ਼ ਨਹੀਂ ਚਾਹੁੰਦੇ ਕਿ ਪੰਜਾਬ ਦੀ ਸਮਸਿਆ ਦਾ ਕੋਈ ਨਿਪਟਾਰਾ ਹੋ ਜਾਏ. ਕੀ ਇਹ ਅੱਤਵਾਦੀ ਸੰਤ ਭਿੰਡਰਾਂਵਾਲੇ ਦੇ ਚੇਲੇ ਹਨ ਜਾਂ ਕੋਈ ਵਖਰਾ ਗਰੁਪ ਹਨ?

ਟੁੱਟੇ ਦਿਲ

ਮਨਜੀਤ ਬਿਨਿੰਗ, ਵੈਨਕੂਵਰ

ਦੁੱਖ ਤੇਨੂੰ ਕੀ ਦੱਸਾਂ, ਨਹੀਂ ਦੱਸ ਹੁੰਦਾ,
ਜ਼ਿੰਦਗੀ ਇਹ ਕਿਵੇਂ ਬਰਬਾਦ ਹੋਈ।
ਸਾਡੇ ਨਾਲ ਬੇਵਫਾਈ ਕਰਕੇ,
ਦੁਨੀਆਂ ਹੁਸੀਨਾਂ ਦਾ ਸਦਾ ਆਬਾਦ ਹੋਈ।
ਵਾਅਦਾ ਕੀਤਾ ਸੀ ਜਿਨ੍ਹਾਂ ਜ਼ਿੰਦਗੀ ਦਾ,
ਲੇਕਿਨ ਅੱਧ ਵਿਚਕਾਰ ਹੀ ਤੋੜ ਦਿਤਾ।
ਪਲੜੇ ਭਰੇ ਦੇਖੇ ਮੋਤੀ ਹੀਰਿਆਂ ਦੇ,
ਸਾਥ ਗਰੀਬ ਦਾ ਓਸ ਨੇ ਛੋੜ ਦਿਤਾ।
ਜਵਾਨੀ ਬਰਬਾਦ ਹੋ ਗਈ ਭਾਅ ਕੌਡੀਆਂ ਦੇ,
ਦੁੱਧ ਮੱਖਣਾਂ ਨਾਲ ਜਿਸਨੂੰ ਪਾਲਿਆ ਸੀ।
ਧੱਕਾ ਦੇ ਕੇ ਓਸ ਨੇ ਸੁੱਟ ਦਿਤਾ,
ਨਾਲ ਕਲੇਜੇ ਦੇ ਜਿਸ ਨੂੰ ਮੈਂ ਲਾ ਲਿਆ ਸੀ।
ਦਿਨ ਆਸਾਂ ਦੇ ਨਾਲ ਸੀ ਲੰਘ ਜਾਂਦਾ,
ਅੱਖ ਰਾਤ ਨੂੰ ਮੂਲ ਨਾ ਲੱਗਦੀ ਸੀ।
ਇਕ ਮਿੰਟ ਵੀ ਯਾਰ ਜੇ ਰੁੱਸ ਜਾਂਦਾ,
ਸੱਟ ਦਿਲ ਤਾਈਂ ਝੱਟ ਵੱਜਦੀ ਸੀ।
ਬਿਨਾਂ ਜਿਸ ਤੋਂ ਇਕ ਮਿੰਟ ਨਾ ਰਹਿ ਹੁੰਦਾ,
ਅੱਜ ਗੁਜ਼ਰੇ ਕਈ ਸਾਲ ਮੇਰੇ।
ਦੁੱਖ ਨਿੱਕਾ ਜਿਹਾ ਜੋ ਨਾ ਦੇਖ ਸਕਦਾ,
ਓਹੀ ਕਰ ਗਿਆ ਬੁਰੇ ਹਾਲ ਮੇਰੇ।



ਲੋਕੀਂ ਆਖਦੇ ਦੇਖਿਆ ਯਾਰ ਤੇਰਾ,
ਅੱਧ ਵਿਚਕਾਰ ਹੀ ਜਿਸਨੇ ਛੋੜ ਦਿਤਾ।
ਸਾਂਝਾਂ ਆਪ ਪਿਆਰ ਦੀਆਂ ਪਾ ਬੈਠਾ,
ਤੈਨੂੰ ਦਰਦ-ਦਰਿਆ ਵਿਚ ਰੋੜ੍ਹ ਦਿਤਾ।
ਬੇਵਫਾ ਯਾਰਾ! ਸੁਣ ਅਰਜ਼ ਮੇਰੀ,
ਇਸ ਦੁਨੀਆਂ ਵਿਚ ਤੂੰ ਵਸਦਾ ਰਹਿ।
ਤੇਰੀ ਖਾਤਰ ਰੋਵਾਂ ਬੇਸ਼ੱਕ ਸੌ ਵਾਰੀ,
ਮੇਰੇ ਦੁੱਖਾਂ ਤੇ ਬੇਸ਼ੱਕ ਹੱਸਦਾ ਰਹਿ।

ਸਿਖ਼ਰ ਦੁਪਹਿਰੇ ਮਾਰੂਥਲ ਨੇ ਮੈਨੂੰ ਇਹ ਸਮਝਾਇਆ
ਤੇਰੇ ਨਾਲ ਤਾਂ ਨਿਭ ਸਕਣਾ ਹੈ ਬਸ ਤੇਰਾ ਹੀ ਸਾਇਆ
ਜਦ ਗੀਤਾਂ ਦੀ ਉਂਗਲੀ ਫੜਕੇ ਮੈਂ ਜੰਗਲ ਵਿਚ ਆਇਆ
ਮੈਨੂੰ ਲੱਗਾ ਹਰ ਇਕ ਰੁੱਖ ਨੇ ਮੇਰਾ ਭੇਸ ਵਟਾਇਆ

ਛੜਿਆਂ ਨੇ ਸੜਕ ਬਣਾਈ
ਨੀ ਭੱਜ ਚਲ ਠਾਕਰੀਏ।

ਬਲਦੇਵ ਬਾਂਸਲ ਪੰਜਾਬੀ ਫਿਲਮ 'ਠਨ ਠਨ ਗੋਪਾਲ' ਵਿਚ

ਇਹ ਫਿਲਮ ਜਲਦੀ ਹੀ ਸੈਟ ਤੇ ਆ ਰਹੀ ਹੈ ਅਤੇ ਇਸ ਦੇ ਛੇ ਗੀਤੀ ਰਿਕਾਰਡ ਹੋ ਚੁਕੇ ਹਨ। ਇਸਦੇ ਕਲਾਕਾਰ ਹਨ ਬਲਦੇਵ ਬਾਂਸਲ, ਗਿਰਜਾ ਮਿਤਰਾ, ਸੰਜੀਵ ਕੁਮਾਰ, ਅਮਜਦ ਖਾਨ, ਅਰੁਨਾ ਇਰਾਨੀ, ਪਦਮਾ ਖੰਨਾ, ਮੇਹਰ ਮਿਤਲ ਅਤੇ ਖੁਦ ਗੋਪਾਲ ਸਹਿਗਲ ਨੇ ਇਸ ਦਾ ਸੰਗੀਤ ਦਿਤਾ ਹੈ ਫਿਲਮ ਮਾਮਾ ਜੀ ਦੇ ਮਸ਼ਹੂਰ ਸੰਗੀਤਕਾਰ ਐਸ ਮਦਨ ਰੇ।

ਚੱਕਰ

ਅਚੇਤ ਖੋਹ
ਨਜ਼ਰਾਂ ਦੀ ਛੋਹ
ਪਛਾਣ
ਖਿੱਚ ਦੇ ਤੁਣਕੇ
ਪਿਆਰ ਦੇ ਕੰਵਲ
ਲਗਨ ਲਾਵਾਂ
ਚੁੰਮਣ
ਦੋ ਬੁੱਤ, ਇਕ ਪਰਛਾਵਾਂ
ਮਹੀਨਾ ਇਕ, ਦੋ,
ਫਿਰ ਨੌਂ।
ਨਿੱਕੇ ਨਿੱਕੇ ਹੱਥ,
ਛੁਹਾਰੇ ਜਿੰਨਾਂ ਮੂੰਹ,
ਤੋਤਲੇ ਬੋਲ,
ਠੁਮਕਦੇ ਪੱਬ,
ਜਵਾਨੀ ਦੀ ਰੱਤ,
ਸਿਰਜਣਾ ਦਾ ਸੇਕ
ਮਿੱਟੀ ਦੀ ਇਕ ਹੋਰ ਢੀਮ
ਧਰਤ ਖਿੱਚ ਦਾ
ਇਕ ਹੋਰ ਨਵਾਂ ਕੇਂਦਰ!

ਅੰਤਰ-ਰਾਸ਼ਟਰੀ ਮਜ਼ਦੂਰ ਦਿਹਾੜਾ ਪਹਿਲੀ ਮਈ ਦੀ ਮਹਾਨਤਾ

ਗੁਰਨਾਮ ਸਿੰਘ ਸੰਘੇੜਾ

ਪਹਿਲੀ ਮਈ ਮਜ਼ਦੂਰ ਵਰਗ ਦੀ ਏਕਤਾ, ਇਕ ਮੁਠਤਾ, ਹੱਕਾਂ ਦੀ ਰਾਖੀ, ਲੋਟੂਆਂ ਵਿਰੁਧ ਲੜਾਈ ਅਤੇ ਹੱਕੀ ਤੇ ਅਗਾਂਹ ਵਧੂ ਜਦੋ ਜਹਿਦ ਦਾ ਅਮਿਟ ਚਿੰਨ੍ਹ ਅਤੇ ਚਾਨਣ ਮੁਨਾਰਾ ਹੈ। ਇਸ ਸਾਲ ਪਹਿਲੀ ਵਾਰ ਬਰਤਾਨੀਆਂ ਵਿਚ ਮਜ਼ਦੂਰ ਦਿਹਾੜੇ ਤੇ ਆਫੀਸ਼ਲ ਛੁੱਟੀ ਹੋਈ। ਦੁਨੀਆਂ ਦੇ ਵਖਰੇ ਵਖਰੇ ਸ਼ਹਿਰਾਂ ਵਿਚ ਮਜ਼ਦੂਰ ਵਿਖਾਵੇ ਅਤੇ ਦੁਨੀਆਂ ਵਿਚ ਅਤਿਆਚਾਰ, ਨਸਲਵਾਦ ਵਿਰੁਧ, ਕੌਮੀ ਆਜ਼ਾਦੀ ਘੋਲਾਂ ਦੇ ਹੱਕ ਵਿਚ ਜਲੂਸ ਅਤੇ ਮਜ਼ਦੂਰਾਂ ਉਪਰ ਹੋ ਰਹੇ ਧਮਾਕਿਆਂ ਵਿਰੁਧ ਜਲਸੇ ਜਲੂਸ ਤੇ ਮੀਟਿੰਗਾਂ ਹੋਈਆਂ। Essential Services Act(Canada) ਅਤੇ ਸੋਕਰਡਾਂ ਦਾ "Right to work" ਤੇ ਨਵਾਂ ਚਾਲ੍ਹੀ ਵੀ ਸਦੀ ਦਾ defectification ਕਰਨ ਦਾ ਉਪਰਾਲਾ। ਇਹ ਗੱਲ ਯੂਨੀਅਨ ਦੇ ਪਿਛਲੇ ਪਚੱਤਰ ਸਾਲਾਂ ਦੀ ਜਦੋ ਜਹਿਦ ਦੇ ਕੀਤੇ ਹਾਸਲ ਹੱਕਾਂ ਨੂੰ ਖੋਹਣ ਦਾ ਉਪਰਾਲਾ ਹੋਵੇਗਾ। (ਇਸ ਕਾਨੂੰਨ ਬਾਰੇ ਜੁਦਾ ਲੇਖ) ਇਸ ਹੀ ਤਰ੍ਹਾਂ ਹਰ ਸਾਲ ਅਤੇ ਮਜ਼ਦੂਰ ਜਮਾਤ ਦੇ ਜਨਮ ਤੋਂ ਹੀ ਇਸ ਉਪਰ ਹਰ ਕਿਸਮ ਦੇ ਸਿੱਧੇ, ਅਸਿੱਧੇ ਅਤੇ ਲੁਕਵੇਂ ਹਮਲੇ ਹੁੰਦੇ ਰਹੇ ਹਨ। ਮਜ਼ਦੂਰਾਂ ਨੂੰ ਕੋਹਿਆ ਗਿਆ ਅਤੇ ਗੋਲੀਆਂ ਨਾਲ ਹਰ ਦੇਸ਼ ਵਿਚ ਭੁੰਨਿਆ ਜਾਂਦਾ ਰਿਹਾ ਹੈ। ਪਰ ਮਜ਼ਦੂਰ ਇਸ ਦਾ ਮੁਕਾਬਲਾ ਕਰਦੇ ਰਹੇ ਅਤੇ ਆਰਜ਼ੀ ਹਾਰਾਂ ਤੋਂ ਪਿਛੋਂ ਅੱਗੇ ਵਧਦੇ ਰਹੇ ਹਨ ਆਖਰ ਜਿੱਤ ਮਜ਼ਦੂਰ ਵਰਗ ਦੀ ਹੋਈ ਅਤੇ ਇਸ ਦੀ ਸਰਦਾਰੀ ਅਧੀਨ ਹਰ ਦੇਸ਼ ਵਿਚ ਹਕੂਮਤ ਅਵੱਛ ਕਾਇਮ ਹੋਈ ਹੈ।

ਸਾਥੀ ਸਟਾਲਿਨ ਨੇ ਲਿਖਿਆ, "ਹਰ ਜਮਾਤ ਦੇ ਮਨ ਪਸੰਦ ਤਿਉਹਾਰ ਹੁੰਦੇ ਹਨ। ਕੁਲੀਨ/ਉਚੇ ਵਰਗ ਨੇ ਆਪਣੇ ਤਿਉਹਾਰ ਸ਼ੁਰੂ ਕੀਤੇ ਅਤੇ ਉਸ ਸਮੇਂ ਕਿਸਾਨਾਂ ਨੂੰ ਲੁੱਟਣ ਦੇ ਹੱਕ ਨੂੰ ਐਲਾਨਿਆ। ਸਰਮਾਏਦਾਰੀ ਦੇ ਆਪਣੇ ਤਿਉਹਾਰ ਹਨ ਅਤੇ ਉਨ੍ਹਾਂ ਸਮਿਆਂ ਉਤੇ ਮਜ਼ਦੂਰਾਂ ਦੀ ਲੁੱਟ ਕਰਨ ਦੇ ਹੱਕ ਨੂੰ ਜਾਇਜ਼ ਠਹਿਰਾਉਂਦੇ ਹਨ। ਪਾਦਰੀ(ਪਰੋਹਿਤਾਂ ਜਾਂ ਭਾਈਆਂ) ਦੇ ਆਪਣੇ ਤਿਉਹਾਰ ਹਨ ਅਤੇ ਉਨ੍ਹਾਂ ਸਮਿਆਂ ਦੇ ਵਰਤਮਾਨ ਪ੍ਰਬੰਧ ਦੇ ਗੀਤ ਗਾਉਂਦੇ ਹਨ ਤੇ ਸਿਫਤਾਂ ਦੇ ਪੁਲ ਬੰਨ੍ਹਦੇ ਹਨ ਜਿਸ ਪ੍ਰਬੰਧ ਵਿਚ ਮਿਹਨਤੀ ਗਰੀਬੀ ਵਿਚ ਮਰਦੇ ਜਦ ਕਿ ਵਿਹਲੜ ਲੋਕ ਅਯਾਸ਼ੀ ਵਿਚ ਆਨੰਦ ਮਾਣਦੇ ਹਨ।

ਮਜ਼ਦੂਰਾਂ ਨੂੰ ਭੀ ਆਪਣੇ ਮੇਲੇ ਚਾਹੀਦੇ ਹਨ ਅਤੇ ਉਸ ਸਮੇਂ ਉਹ ਭੀ ਸਰਵ-ਵਿਆਪੀ ਮਜ਼ਦੂਰੀ, ਸਰਵ-ਵਿਆਪਕ ਆਜ਼ਾਦੀ ਅਤੇ ਸਾਰੀ ਮਨੁਖਤਾ ਦੀ ਸਰਵ-ਵਿਆਪਕ ਬਰਾਬਰੀ ਦਾ ਜ਼ਰੂਰ ਐਲਾਨ ਕਰਨ। ਉਹ "ਤਿਉਹਾਰ ਪਹਿਲੀ ਮਈ ਦਾ ਹੈ।"

ਇਹ ਦਿਹਾੜਾ ਮਜ਼ਦੂਰ ਵਰਗ ਦਾ ਹੱਕੀ ਲੜਾਈ ਦਾ ਅੰਤਰ-ਰਾਸ਼ਟਰੀ ਦਿਹਾੜਾ ਹੈ ਅਤੇ ਇਸ ਦਿਹਾੜੇ ਦਾ ਅਮਰੀਕੀ ਮਜ਼ਦੂਰ ਦੀ ਅੱਠ ਘੰਟੇ ਦੀ ਦਿਹਾੜੀ ਦੀ ਲੜੀ ਗਈ ਜਦੋ ਜਹਿਦ ਅਤੇ ਉਸ ਦਿਨ ਉਤੇ ਮਜ਼ਦੂਰ ਵਰਗ ਦੀ ਇਕ ਮੁੱਠਤਾ ਅਤੇ ਕਲਿਆਣਕਾਰੀ ਡੁਲ੍ਹੇ ਖੂਨ ਨਾਲ ਹੈ ਅਜ ਤੋਂ 92 ਸਾਲ ਪਹਿਲਾਂ ਪਹਿਲੀ ਮਈ 1886 ਨੂੰ ਅਮਰੀਕੀ ਮਜ਼ਦੂਰਾਂ ਨੇ ਅੱਠ ਘੰਟੇ ਦੀ ਦਿਹਾੜੀ ਲਈ ਸਾਰੇ ਅਮਰੀਕਾ ਵਿਚ ਜਨਰਲ ਹੜਤਾਲ ਕੀਤੀ। ਇਸ ਹੜਤਾਲ ਦਾ ਦੁਨੀਆਂ ਦੇ ਇਨਕਲਾਬੀਆਂ ਨੇ ਸਮਰਥਨ ਕੀਤਾ। ਪਜ ਅਮਰੀਕੀ ਸਰਮਾਏਦਾਰੀ ਨੇ ਪਹਿਲੀ ਮਈ 1886 ਨੂੰ ਸ਼ਿਕਾਗੋ ਵਿਚ ਅੱਠ ਮਜ਼ਦੂਰ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਪੰਜ ਦਾ ਕਤਲ ਕੀਤੀ ਅਤੇ ਇਹ ਦਿਨ ਸਰਮਾਏਦਾਰੀ ਜ਼ੁਲਮ ਵਿਰੁਧ ਮਜ਼ਦੂਰ ਵਰਗ ਦੀ ਇਤਿਹਾਸਕ ਜਦੋ ਜਹਿਦ ਦਾ ਚਿੰਨ ਬਣ ਗਿਆ। ਇਹ ਦਿਨ ਅਤੇ ਖੂਨ ਨਾਲ ਖੇਡੀ ਹੋਲੀ ਦਾ ਦਿਨ ਮਜ਼ਦੂਰ ਜਮਾਤ ਦੀ ਅਮਿਟ ਏਕਤਾ ਅਤੇ ਤਾਕਤ ਅਤੇ ਆਜ਼ਾਦੀ ਦਾ ਨਿਸ਼ਾਨ ਹੈ ਜੋ ਸਦਾ ਹੀ ਉਤਸ਼ਾਹ ਦਿੰਦਾ ਰਹੇਗਾ। ਇਸ ਤੋਂ ਉਤਸ਼ਾਹ ਲੈਣਾ ਹੈ ਕਿ ਇਸ ਬਦਕਾਰ, ਹਰਾਮਖੋਰ ਅਤੇ ਲੋਟੂ ਸਰਮਾਏਦਾਰੀ ਸਮਾਜ ਤੋਂ ਕਲਿਆਣ ਇਸ ਨੂੰ ਖਤਮ ਕਰਕੇ ਸਮਾਜਵਾਦ ਵਿਚ ਅਤੇ ਇਸ ਤੋਂ ਅੱਗੇ ਖੜਕਕੇ ਸਾਂਝੀਵਾਲਤਾ-ਕਮਿਊਨਿਜ਼ਮ ਵਿਚ ਹੀ ਹੋਵੇਗਾ।

ਸੋ ਮਈ ਦਿਨ ਸਰਮਾਏਦਾਰੀ ਦੇ ਕਨੇਡਾ, ਅਮਰੀਕਾ ਆਦਿ ਦੇ ਸਤੰਬਰ ਦੇ ਪਹਿਲੇ ਸੋਮਵਾਰ ਦੀ ਛੁੱਟੀ ਵਾਲੇ 'ਮਜ਼ਦੂਰ ਦਿਵਸ" ਤੋਂ ਵੱਖਰਾ ਹੈ।

ਇਸ ਮਈ ਦਿਨ ਦੇ ਪਿਛੋਕੜ ਵਿਚ ਅਮਰੀਕੀ ਇਤਿਹਾਸ ਅਤੇ ਮਜ਼ਦੂਰ ਲਹਿਰ ਦਾ ਇਤਿਹਾਸ ਹੈ। ਅਮਰੀਕਾ ਦੀ ਸਿਵਲ ਵਾਰ(1865) ਤੋਂ ਪਿਛੋਂ ਮਜ਼ਦੂਰ ਕਿਸਾਨ ਦੀ ਲੁੱਟ ਰਾਹੀਂ ਧਨੀਆਂ ਨੇ ਦੌਲਤ ਇਕੱਠੀ ਕੀਤੀ ਪਰ ਨਾਲ ਹੀ ਚੋਰ ਬਜ਼ਾਰੀ ਅਤੇ ਭਰਿਸ਼ਟਾਚਾਰ ਭੀ ਜ਼ੋਰਾਂ ਉਤੇ ਸੀ। ਆਰਥਕ ਅਵਸਥਾ ਡਾਵਾਂ ਡੋਲ ਸੀ। ਫਿਰ 1873 ਤੋਂ 1879 ਅਤੇ 1882 ਤੋਂ 1885 ਵਿਚ ਵੱਡੇ ਆਰਥਕ ਮੰਦਵਾੜਿਆਂ ਦੇ ਕਾਰਨ ਮਜ਼ਦੂਰਾਂ ਉਪਰ ਹਮਲੇ ਹੋਏ ਅਤੇ ਉਨ੍ਹਾਂ ਦੀਆਂ ਤਨਖਾਹਾਂ ਘਟਾਉਣ ਲਈ ਯਤਨ ਕੀਤੇ। ਜਿਸ ਦੇ ਕਾਰਨ ਮਜ਼ਦੂਰਾਂ ਨੇ ਖਾੜਕੂ ਹੜਤਾਲਾਂ ਕੀਤੀਆਂ ਅਤੇ ਫਿਰ ਸਰਮਾਏਦਾਰੀ ਦੀ ਪੁਲਸ ਫੌਜ ਅਤੇ ਗੁੰਡਿਆਂ ਨਾਲ ਮਜ਼ਦੂਰਾਂ ਦੀਆਂ ਖੁਲ੍ਹੀਆਂ ਟੱਕਰਾਂ ਹੋਈਆਂ। ਇਸ ਦੌਰਾਨ ਹੀ ਦਿਹਾੜੀ ਦੇ ਘੰਟੇ ਘਟਾਉਣ ਦੀ ਜਦੋ ਜਹਿਦ ਆਰੰਭ ਹੋਈ। ਜਿਵੇਂ 1872 ਵਿਚ ਬਿਲਡਿੰਗ ਟਰੇਡ ਦੇ ਇਕ ਲੱਖ ਕਾਮਿਆਂ ਨੇ ਅੱਠ ਘੰਟੇ ਦੀ ਦਿਹਾੜੀ ਲਈ ਨਿਊਯਾਰਕ ਵਿਚ ਹੜਤਾਲ ਕੀਤੀ। ਇਸ ਰੈਡੀਕਲ ਮੰਗ ਦੀ ਸਰਮਾਏਦਾਰ ਅੱਡੀ ਚੋਟੀ ਦੇ ਜ਼ੋਰ ਨਾਲ ਵਿਰੋਧਤਾ ਕਰਦੇ ਸਨ। 1886 ਵਿਚ ਅਮਰੀਕਾ ਵਿਚ ਦਸ ਘੰਟੇ ਦੀ ਦਿਹਾੜੀ ਸੀ ਅਤੇ ਹਫਤੇ ਵਿਚ ਛੇ ਦਿਨ ਕੰਮ ਕਰਨਾ ਪੈਂਦਾ ਸੀ। ਨਿਊਯਾਰਕ ਦੇ ਡਬਲ ਰੋਟੀ(ਜਾਂ ਨਾਨ ਬਾਈ-ਬੇਕਰੀ) ਬਿਸਕੁਟ ਆਦਿ ਮਜ਼ਦੂਰ ਹਫਤੇ ਵਿਚ 84 ਤੋਂ 120 ਘੰਟੇ ਹਫਤੇ ਵਿਚ ਕੰਮ ਕਰਦੇ ਸਨ। ਟਰਾਂਸਪੋਰਟ ਵਾਲੇ 84 ਘੰਟੇ ਹਫਤਾ ਆਦਿ।

1880ਵੇਂ ਵਿਚ ਮਜ਼ਦੂਰਾਂ ਨੇ ਸਰਮਾਏਦਾਰੀ ਹਮਲਿਆਂ ਵਿਰੁਧ ਬਗਾਵਤ ਕੀਤੀ। ਅਮਰੀਕਾ ਦੇ ਵੱਡੇ ਟਰੇਡ ਯੂਨੀਅਨ ਕੇਂਦਰ— "ਨਾਈਟਸ ਆਫ ਲੇਬਰ" ਦੀ 1886 ਤਕ ਬਹੁਤ ਮੈਂਬਰਸ਼ਿਪ ਹੋਈ ਅਤੇ 1882 ਵਿਚ 43000 ਤੋਂ 1886 ਵਿਚ ਵਧ ਕੇ 700000 ਹੋ ਗਈ। ਇਸ ਸਮੇਂ ਹੀ 1884 ਵਿਚ ਛੇ ਮਹੀਨੇ ਲੰਮੀ ਕੋਲਾ ਹੜਤਾਲ ਹੋਈ। 1885 ਵਿਚ ਲਕੜੀ ਕਾਮਿਆਂ ਦੀ ਸਫਲ ਪਰ ਬਹੁਤ ਸਾਰੀਆਂ ਤਸ਼ੱਦਦ ਵਿਰੁਧ ਅਸਫਲ ਭੀ ਰਹੀਆਂ। ਸੋ 1885-86 ਵਿਚ ਅੱਠ ਘੰਟੇ ਦੀ ਦਿਹਾੜੀ ਲਈ ਲਹਿਰ ਚੱਲੀ ਅਤੇ ਇਸ ਦੀ ਪ੍ਰਾਪਤੀ ਲਈ ਪਹਿਲੀ ਮਈ 1886 ਦਾ ਦਿਨ ਜਨਰਲ ਹੜਤਾਲ ਦਾ ਦਿਨ ਮਿਥ ਲਿਆ ਗਿਆ।

ਅਮਰੀਕਾ ਦੀ "ਆਰਗੇਨਾਈਜ਼ਡ ਟਰੇਡ ਫੈਡਰੇਸ਼ਨ" ਅਤੇ ਕੈਨੇਡਾ ਤੇ ਅਮਰੀਕਾ ਦੀਆਂ "ਲੇਬਰ ਯੂਨੀਅਨਾਂ" ਨੇ 1884 ਦੀ ਕਨਵੈਨਸ਼ਨ ਵਿਚ ਅੱਠ ਘੰਟੇ ਦਾ ਮਤਾ ਪਾਸ ਕੀਤਾ। ਮਤਾ ਸੀ, "ਪਹਿਲੀ ਮਈ 1886 ਤੋਂ ਪਿਛੋਂ ਕਾਨੂੰਨੀ ਮਜ਼ਦੂਰੀ ਦਿਹਾੜੀ ਅੱਠ ਘੰਟੇ ਦਾ ਦਿਨ ਹੋਵੇਗਾ" ਪਰ ਪ੍ਰਾਪਤ ਕਰਨ ਦੇ ਢੰਗ ਬਾਰੇ ਕੋਈ ਗਲ ਨਹੀਂ ਸੀ। ਭਾਵੇਂ ਅਮਰੀਕਨ ਫੈਡਰੇਸ਼ਨ ਦੀ ਮੈਂਬਰਸ਼ਿਪ ਇਕ ਲੱਖ ਸੀ ਪਰ ਇਸ ਕਨਵੈਨਸ਼ਨ ਵਿਚ ਸਿਰਫ 25 ਡੇਲੀਗੇਟ ਹੀ ਆਏ ਸਨ।

ਪਹਿਲੀ ਮਈ ਦਾ ਦਿਹਾੜਾ ਆ ਪਹੁੰਚਾ ਅਤੇ ਅਮਰੀਕਾ ਵਿਚ ਪੰਜ ਲੱਖ ਮਜ਼ਦੂਰ ਨੇ ਇਸ ਦਿਨ ਹੜਤਾਲ ਕੀਤੀ। ਸ਼ਿਕਾਗੋ ਖਾੜਕੂ ਅਮਲ ਦਾ ਕੇਂਦਰ ਸੀ। ਜਿਵੇਂ ਉਸ ਸਮੇਂ ਦੇ ਅਖਬਾਰ ਨੇ ਲਿਖਿਆ, "ਮਿਲਾਂ ਤੇ ਫੈਕਟਰੀਆਂ ਦੀਆਂ ਚਿਮਨੀਆਂ ਵਿਚੋਂ ਉਸ ਦਿਨ ਧੂੰਆਂ ਨਾ ਨਿਕਲਿਆ।" ਸ਼ਿਕਾਗੋ ਦੀਆਂ ਗਲੀਆਂ ਵਿਚ ਅੱਸੀ ਹਜ਼ਾਰ ਕਾਮੇ ਨੇ ਮਾਰਚ ਕੀਤਾ ਅਤੇ ਦੂਜੇ ਪਾਸੇ ਪੁਲਸ, ਰਜ਼ਾਕਾਰੀ ਫੌਜ(ਮਲਿਸ਼ੀਆ) ਅਤੇ ਪਿੰਕਰਟਨ ਦੀ ਪ੍ਰਾਈਵੇਟ ਪੁਲਸ ਰਫਲਾਂ ਨਾਲ ਲੈਸ ਹਰ ਕੋਨੇ ਉਤੇ ਖੜੀ ਸੀ। ਸਾਰੇ ਸ਼ਹਿਰਾਂ ਵਿਚ ਰੈਲੀਆਂ ਹੋਈਆਂ। ਪੁਲਸ ਵਾਲੇ ਭੜਕਾਉਣ ਤੋਂ ਅਸਫਲ ਰਹੇ ਅਤੇ ਅਮਨ ਅਮਾਨ ਨਾਲ ਦਿਹਾੜਾ ਪੰਜ ਦੇ ਕਤਲ ਨਾਲ ਖਤਮ ਹੋਇਆ। ਕਈ ਕੰਪਨੀਆਂ ਨੇ ਤਾਂ ਹੜਤਾਲ ਦੇ ਸਿੱਟੇ ਵਜੋਂ ਅੱਠ ਘੰਟੇ ਦੀ ਦਿਹਾੜੀ ਮੰਨ ਲਈ। ਪਰ ਵੱਡੇ ਧਨੀਆਂ ਨੇ ਇਸ ਦੀ ਵਿਰੋਧਤਾ ਕੀਤੀ, ਮਜ਼ਦੂਰਾਂ ਨੂੰ ਧਮਕਾਇਆ ਅਤੇ ਤਾਲਾ ਬੰਦੀਆਂ ਕੀਤੀਆਂ। ਸ਼ਿਕਾਗੋ ਵਿਚ 1886 ਦੇ ਆਰੰਭ ਤੋਂ ਹੀ ਮਜ਼ਦੂਰਾਂ ਦੀਆਂ ਸਰਮਾਏਦਾਰ ਕੰਪਨੀਆਂ ਨਾਲ ਝੜਪਾਂ ਹੋ ਰਹੀਆਂ ਸਨ। ਮਾਰਚ ਅਪਰੈਲ 1886 ਵਿਚ ਪੁਲਸ ਦਗੜ ਦਗੜ ਕਰਦੀ ਗਲੀਆਂ ਵਿਚ ਗਸ਼ਤ ਕਰਦੀ ਰਹਿੰਦੀ ਅਤੇ ਮਜ਼ਦੂਰ ਮੀਟਿੰਗਾਂ ਉਪਰ ਹਮਲੇ ਕਰਦੀ। ਮਜ਼ਦੂਰ ਲਹਿਰ ਨੂੰ ਦਬਾਉਣ ਲਈ ਪਿੰਕਰਟਨ ਦੀ ਪ੍ਰਾਈਵੇਟ ਪੁਲਸ ਦੀ ਆਮ ਵਰਤੋਂ ਕੀਤੀ ਗਈ। ਮਜ਼ਦੂਰ ਝੰਡਾ ਖੂਨ ਦੇ ਲਾਲ ਰੰਗ ਨਾਲ ਰੰਗਿਆ ਗਿਆ

ਮਿਕਕਾਰਮਿਕ ਸਰਮਾਏਦਾਰ ਨੇ ਆਪਣੇ ਹਾਰਵੈਸਟਰ ਪਲਾਂਟ ਵਿਚ ਯੂਨੀਅਨ ਮੰਨਣ ਤੋਂ ਨਾਂਹ ਅਤੇ ਮਰਜ਼ੀ ਨਾਲ ਰੱਖਣ ਅਤੇ ਹਟਾਉਣ ਦਾ ਹੱਕ ਜਿਤਾਇਆ। ਫਿਰ ਹੜਤਾਲ ਵਿਰੋਧੀ ਮਜ਼ਦੂਰਾਂ ਨੂੰ ਵਰਤਿਆ ਅਤੇ ਇਨ੍ਹਾਂ ਹੜਤਾਲ ਤੋੜੂ ਮਜ਼ਦੂਰਾਂ ਦੀ ਰਾਖੀ ਲਈ ਸੈਂਕੜੇ ਪੁਲਸੀਏ ਸੱਦੇ। ਪਿਛੋਂ ਤਿੰਨ ਮਈ ਨੂੰ ਮਜ਼ਦੂਰ ਰੈਲੀ ਉਪਰ ਪੁਲਸ ਨੇ ਗੋਲੀ ਚਲਾਈ ਜਿਸ ਵਿਚ ਇਕ ਮਜ਼ਦੂਰ ਮਰਿਆ, ਛੇ ਸਖਤ ਜ਼ਖਮੀ ਅਤੇ ਹੋਰ ਬਹੁਤ ਦੇ ਸੱਟ ਫੇਟ ਲੱਗੀਆਂ। ਇਸ ਵਜੋਂ ਸ਼ਿਕਾਗੋ ਦੇ ਮਜ਼ਦੂਰਾਂ ਨੂੰ ਚਾਰ ਮਈ ਨੂੰ ਫਿਰ ਸ਼ਿਕਾਗੋ ਦੇ "ਹੇ ਮਾਰਕਿਟ ਸੁਕੇਅਰ" ਮਜ਼ਦੂਰ ਪ੍ਰੋਟੈਸਟ ਮੀਟਿੰਗ ਹੋਈ। ਪੁਲਸ ਨੇ ਖਿਲਰਨ ਅਤੇ ਚਲੇ ਜਾਣ ਲਈ ਆਖਿਆ। ਉਸ ਵਿਚ ਸਰਮਾਏਦਾਰਾਂ ਨੇ ਦੱਲੇ ਏਜੰਟ ਰਾਹੀਂ ਖੜੀ ਪੁਲਸ ਵਿਚ ਬੰਬ ਸੁਟਾ ਦਿਤਾ ਤਾਂ ਕਿ ਮਜ਼ਦੂਰਾਂ ਉਪਰ ਹਮਲਾ ਕਰਨ ਦਾ ਬਹਾਨਾ ਮਿਲੇ। ਇਸ ਉਤੇ ਪੁਲਸ ਨੇ ਅੰਨ੍ਹੇਵਾਹ ਗੋਲੀ ਚਲਾਈ ਅਤੇ ਦਰਜਨਾਂ ਹੀ ਮਜ਼ਦੂਰ ਮਾਰ ਦਿਤੇ। ਸਰਮਾਏਦਾਰ ਦੇ ਦੱਲੇ ਏਜੰਟ ਦੇ ਬੰਬ ਨਾਲ ਕੁਝ ਪੁਲਸੀਏ ਮਰੇ ਸਨ - ਇਸ ਸਿੱਟੇ ਵਜੋਂ ਪਰੈਸ ਸਰਮਾਏਦਾਰਾਂ ਧਾਰਮਿਕ ਆਗੂਆਂ ਨੇ ਮਜ਼ਦੂਰ ਵਿਰੋਧੀ ਰੋਹ ਪੈਦਾ ਕਰਨ ਅਤੇ ਪੁਲਸ ਮੌਤਾਂ ਦਾ ਬਦਲਾ ਲੈਣ ਲਈ ਖੂਬ ਪ੍ਰਚਾਰ ਕੀਤਾ ਅਤੇ ਗੁੰਡਾ ਬੰਨ੍ਹਿਆਂ ਪਰ ਦੂਜੇ ਪਾਸੇ ਮਜ਼ਦੂਰਾਂ ਉਤੇ ਅਤਿਆਚਾਰ, ਗੋਲੀ ਕਾਂਡ ਅਤੇ ਉਨ੍ਹਾਂ ਦੇ ਲਹੂ ਦੀਆਂ ਨਦੀਆਂ ਦਾ ਭੋਗ ਨਾ ਪਾਇਆ। ਸ਼ਿਕਾਗੋ ਵਿਚ ਮਜ਼ਦੂਰ ਹਲਕਿਆਂ ਵਿਚ ਨੀਮ ਫਾਸ਼ੀ ਜ਼ਬਰ ਅਤੇ ਡਰ ਦੀ ਮਹਿਮ ਚਲਾਈ। ਅਗਾਂਹ ਵਧੂਆਂ ਨੂੰ ਫੜਿਆ ਅਤੇ ਖੂਬ ਕੁੱਟ ਮਾਰ ਕੀਤੀ ਅਤੇ ਪ੍ਰਾਈਵੇਟ ਘਰ ਤੇ ਉਨ੍ਹਾਂ ਦੇ ਛਾਪੇ ਖਾਨੇ ਤੋੜੇ। ਨਿਯਮ ਇਹ ਬਣ ਗਿਆ ਕਿ "ਪਹਿਲਾਂ ਰੇਡ ਕਰੋ ਅਤੇ ਕਾਨੂੰਨ ਦੀ ਗਲ ਕਰੋ।"

27 ਮਈ 1886 ਨੂੰ ਕਤਲ ਕਰਨ ਦੀ ਸਾਜ਼ਿਸ਼ ਦੇ ਨਾਮ ਉਤੇ 31 ਬੰਦੇ ਫੜੇ ਅਤੇ ਅੱਠ ਉਪਰ ਇਕ ਦਮ ਮੁਕੱਦਮਾ ਚਲਾਇਆ ਅਤੇ ਉਹ ਅੱਠ ਬੰਦੇ ਸਮਾਜਵਾਦੀ ਖਿਆਲਾਂ ਲਈ ਜਾਣੇ ਜਾਂਦੇ ਸਨ। ਮੁਕੱਦਮੇ ਸਮੇਂ ਜਿਊਰੀ

ਗੁਆਚਦੀ 'ਸਭਿਅਤਾ'

ਗੁਰਸ਼ਰਨ ਮਾਨ

ਬੱਸ ਉਡੀਕਦੀ ਦੀਪੀ ਨੂੰ ਖਿਆਲ ਆਇਆ ਕਿ ਅਜ ਚੇਤੇ ਨਾਲ ਖਤ ਜ਼ਰੂਰ ਡਾਕ ਵਿਚ ਸੁੱਟਣਾ ਹੈ, ਅਜ ਪੂਰੇ ਚਾਰ ਦਿਨ ਹੋ ਗਏ ਖਤ ਨਾਲ ਤਾਂ ਲੈ ਜਾਂਦੀ ਸੀ ਪਰ ਡਾਕ ਵਿਚ ਸੁੱਟਣਾ ਭੁਲ ਜਾਂਦੀ ਸੀ। ਖਤ ਦਾ ਸਵਾਲ ਮਨ ਵਿਚ ਉਠਦੇ ਹੀ ਉਸ ਨੂੰ ਤਰਾਂ ਤਰਾਂ ਦੀਆਂ ਸੋਚਾਂ ਨੇ ਘੇਰ ਲਿਆ। ਇਹ ਖਤ ਉਸ ਨੇ ਆਪਣੇ ਪਿੰਡ ਨੂੰ ਲਿਖਿਆ ਸੀ। ਦੀਪੀ ਦੀ ਮਾਂ ਦੀ ਹਰ ਖਤ ਵਿਚ ਸ਼ਕਾਇਤ ਹੁੰਦੀ ਸੀ ਪਈ ਤੂੰ ਜਵਾਬ ਬਹੁਤ ਦੇਰ ਨਾਲ ਦਿੰਦੀ ਏ। ਏਨਾ ਸੋਚ ਕੇ ਦੀਪੀ ਮਨ ਹੀ ਮਨ ਵਿਚ ਮੁਸਕਰਾ ਪਈ। ਫਿਰ ਉਸਨੂੰ ਪਿੰਡ ਦਾ ਇਕ ਇਕ ਦ੍ਰਿਸ਼ ਅੱਖਾਂ ਸਾਹਮਣੇ ਦਿਖਾਈ ਦੇਣ ਲੱਗ ਪਿਆ ਤੇ ਉਸ ਨੂੰ ਇੰਜ ਲੱਗਾ ਜਿਵੇਂ ਕਿਸੀ ਚਿਤਰਕਾਰ ਨੇ ਉਸ ਦੇ ਪਿੰਡ ਦਾ ਚਿਤਰ ਬਣਾ ਕੇ ਉਸ ਦੀਆਂ ਅੱਖਾਂ ਸਾਹਮਣੇ ਕਰ ਦਿਤਾ ਹੋਵੇ।

ਉਹਨਾਂ ਦਾ ਬਾੜਾ, ਬਾੜੇ ਵਿਚ ਬੱਧੇ ਪਸ਼ੂ ਉਸ ਨੂੰ ਆਪਣੀ ਪੰਜ ਕਲਯਾਣੀ ਝੋਟੀ ਸਾਫ ਦਿਖਾਈ ਦੇ ਰਹੀ ਸੀ ਜੋ ਹਮੇਸ਼ਾਂ ਉਸ ਦੇ ਹੱਥੋਂ ਹੀ ਮਿਲਦੀ ਹੁੰਦੀ ਸੀ। ਬਾੜੇ ਦੇ ਨਾਲ ਜਾਂਦੀ ਕਾਲੇਵਾਲ ਨੂੰ ਕੱਚੀ ਸੜਕ, ਸੜਕ ਦੇ ਦੋਨੋਂ ਪਾਸੇ ਲੱਗੇ ਅੰਬ ਤੇ ਜਾਮਨਾਂ ਦੇ ਦਰਖੱਤ। ਕਾਲੇਵਾਲ ਨੂੰ ਜਾਂਦੀ ਸੜਕ ਦਾ ਖਿਆਲ ਆਉਂਦੇ ਹੀ ਉਸ ਨੂੰ ਸ਼ਰਮ ਆ ਗਈ ਤੇ ਆਪਣੇ ਆਪ ਹੱਸ ਪਈ। ਕਾਲਜ ਨੂੰ ਜਾਂਦਾ ਕਾਲੇਵਾਲ ਦਾ ਲੰਬੜਾ ਦਾ ਮੁੰਡਾ ਹਮੇਸ਼ਾਂ ਮੋਟਰਸਾਈਕਲ ਦਾ ਹਾਰਨ ਵਜਾ ਕੇ ਲੰਘਦਾ ਹੁੰਦਾ ਸੀ। ਬਾੜੇ ਤੋਂ ਥੋੜੀ ਦੂਰ ਹੀ ਉਹਨਾਂ ਦਾ ਖੇਤ, ਖੇਤਾਂ ਵਿਚ ਹਰੀਆਂ ਕਣਕਾਂ, ਵਿਚ ਸਰੋਂ ਦਾ ਸਾਗ, ਦੀਪੀ ਸਾਗ ਤੋੜਨ ਜਾਂਦੀ, ਆੜ ਵਿਚ ਵਹਿਦਾ ਠੰਡਾ ਪਾਣੀ ਜਿਸ ਨੂੰ ਪੀ ਕੇ ਸਾਰੁਖਾਂ ਆਪਣੀ ਪਿਆਸ ਬੁਝਾਂਦਿਆਂ, ਉਚੀ ਤੇ ਸੰਘਣੀ ਕਮਾਦੀ, ਮਿਠਾ ਮਿਠਾ ਗੰਨਿਆਂ ਦਾ ਰਸ, ਟਰਾਲੀ ਤੇ ਲੱਦਿਆ ਹਰਾ, ਹਰੇ ਤੇ ਬੈਠੀ ਦੀਪੀ ਰੌਲਾ ਪਾਉਂਦੀ ਹੈ ਪਰ ਉਸਦਾ ਭਰਾ ਉਸ ਨੂੰ ਖਿਜਾਣ ਵਾਸਤੇ ਹੋਰ ਤੇਜ ਕਰ ਦਿੰਦਾ ਹੈ। ਟਰਾਲੀ ਮਗਰ ਉਡਦੀ ਧੂੜ। ਇਹ ਸਭ ਕੁਝ ਸੋਚਦਿਆਂ ਦੀਪੀ ਨੂੰ ਨਸ਼ਾ ਜਿਹਾ ਆ ਗਿਆ। ਕਿੰਨੀ ਸੋਹਣੀ ਲੱਗੀ ਉਸ ਨੂੰ ਪਿੰਡ ਦੀ ਯਾਦ।

ਜੇ ਇਕ ਪਲ ਉਸਦੇ ਖਿਆਲਾਂ ਦੀ ਲੜੀ ਨਾ ਟੁਟਦੀ ਤਾਂ ਸ਼ਾਇਦ ਬੱਸ ਨਿਕਲ ਜਾਂਦੀ। ਬੱਸ ਵਿਚ ਬੈਠਦਿਆਂ ਉਸਦਾ ਮਨ ਫੇਰ ਖੇਤਾਂ ਦੇ ਬੰਨਿਆਂ ਤੇ ਖੇਲਣ ਲੱਗ ਪਿਆ ਕਿੰਨੇ ਚੰਗੇ ਹੁੰਦੇ ਸਨ ਉਹ ਦਿਨ। ਉਸਦੀ ਮਾਂ, ਬਾਪ, ਵੱਡਾ ਭਰਾ ਭਰਜਾਈ ਕਿੰਨਾ ਪਿਆਰ ਕਰਦੇ ਸਨ ਸਾਰੇ ਉਸ ਦੇ ਨਾਲ ਸਾਰਿਆਂ ਦੇ ਨਾਂਹ ਕਰਨ ਤੇ ਵੀ ਉਸਦੇ ਬਾਪੂ ਨੇ ਉਸ ਨੂੰ ਕਾਲਜ ਵਿਚ ਦਾਖਲ ਕੀਤਾ। ਬਾਪੂ ਕਿੰਨਾ ਚੰਗਾ ਹੁੰਦਾ ਸੀ ਜੋ ਮੰਗੇ ਸਭ ਕੁਛ ਲਿਆ ਕੇ ਦਿੰਦਾ ਸੀ। ਦੀਪੀ ਨੂੰ ਘਰ ਵਿਚ ਇੰਜ ਮਹਿਸੂਸ ਹੁੰਦਾ ਜਿਵੇਂ ਉਹ ਰਾਜਕੁਮਾਰੀ ਹੈ ਮਾਂ ਨੇ ਲਾਡ ਵਿਚ ਕੋਈ ਕੰਮ ਨਾ ਕਰਾਉਣਾ। ਭਰਜਾਈ ਏਨੀ ਚੰਗੀ ਜੇ ਕੰਮ ਨੂੰ ਹੱਥ ਵੀ ਲਾਉ ਤਾਂ ਕਹਿਣਾ "ਦੀਪੀ ਤੂੰ ਪੜ੍ਹ ਲੈ ਮੈਂ ਆਪੇ ਸਾਰਾ ਕੰਮ ਸਾਂਭ ਲਵਾਂਗੀ।" ਘਰ ਦੀ ਯਾਦ ਆਉਂਦੇ ਹੀ ਉਸ ਦੀਆਂ ਅੱਖਾਂ ਵਿਚ ਖਾਰਾ ਪਾਣੀ ਵਹਿ ਗਿਆ। ਦੀਪੀ ਨੇ ਝਟ ਆਪਣੇ ਆਪ ਨੂੰ ਸਾਂਭਿਆਂ ਤੇ ਆਪਣੀਆਂ ਅੱਖਾਂ ਸਾਫ ਕੀਤੀਆਂ। ਜਦੋਂ ਦੀ ਉਹ ਪਿੰਡੋਂ ਦੂਰ ਆਈ ਸੀ ਕਈ ਵਾਰ ਰੋ ਹਟੀ ਸੀ। ਅੱਖਾਂ ਸਾਫ ਕਰਦਿਆਂ ਉਸ ਸੋਚਿਆ ਸ਼ਾਇਦ ਹੀ ਬਚਪਨ ਤੋਂ ਲੈ ਕੇ ਵਿਆਹ ਤੱਕ ਕਦੀ ਰੋਈ ਹੋਵੇ ਹਾਂ ਵਿਆਹ ਵੇਲੇ ਤਾਂ ਆਪਣੀ ਮਾਂ ਦੇ ਗਲ ਲੱਗ ਰੱਜ ਕੇ ਰੋਈ ਸੀ।

ਵਿਆਹ ਬਾਰੇ ਸੋਚਦੇ ਹੀ ਉਸ ਨੂੰ ਸਾਰੀ ਕਾਯਨਾਤ ਡੋਲਦੀ ਨਜ਼ਰ ਆਈ। ਜਦ ਵੀ ਕਾਲੇਵਾਲ ਤੋਂ ਬਾਪੂ ਦਾ ਦੋਸਤ ਜ਼ਗੀਰ ਸਿੰਘ ਆਉਂਦਾ ਹੁੰਦਾ ਸੀ ਤਾਂ ਬੱਸ ਇਹ ਹੀ ਕਹਿਣਾ "ਨਾਜਰ ਸਿਆਂ ਤੇਰੀ ਬੇਟੀ ਨੂੰ ਮੈਂ ਆਪਣੀ ਬੇਟੀ ਬਣਾਉਣਾ ਹੈ" ਇਹ ਸੁਣਦੇ ਹੀ ਦੀਪੀ ਅੰਦਰ ਚਲੀ ਜਾਂਦੀ। ਬਾਪੂ ਹਮੇਸ਼ਾਂ ਇਹ ਹੀ ਕਹਿੰਦਾ "ਲੰਬੜਦਾਰਾ ਤੁਹਾਡੀ ਹੀ ਬੇਟੀ ਹੈ ਜਦ ਮਰਜੀ ਲੈ ਜਾਵੋ, ਬਸ ਇਹ ਦੀ ਮਾਂ ਕਹਿੰਦੀ ਹਾਲੇ ਨਿਆਣੀ ਏ ਥੋੜਾ ਚਿਰ ਹੋਰ ਪੜ੍ਹ ਲਵੇ" ਕਿੰਨਾ ਚਿਰ ਗੱਲਾਂ ਹੁੰਦੀਆਂ ਰਹਿੰਦੀਆਂ। ਮੱਖਣ ਵੀ ਹੁਣ ਬੀ. ਏ. ਕਰਕੇ ਖੇਤੀ ਕਰਨ ਲੱਗ ਪਿਆ ਸੀ ਤੇ ਲੰਬੜਦਾਰ ਦਾ ਇਕੋ ਇਕ ਪੁੱਤ ਸੀ ਤੀਹ ਏਕੜ ਜ਼ਮੀਨ, ਹਰ ਸਾਲ ਚੰਗੀ ਫਸਲ ਹੁੰਦੀ, ਟਰੈਕਟਰ ਟਿਊਵੇਲ ਸਭ ਕੁਝ ਸੀ। ਦੀਪੀ ਨੂੰ ਵੀ ਮੱਖਣ ਬਾਰੇ ਗੱਲ ਹੁੰਦੀ ਚੰਗੀ ਲਗਦੀ ਸੀ।

ਫੇਰ ਦੀਪੀ ਨੂੰ ਯਾਦ ਆਈ ਪਤਾ ਨੀ ਅਚਾਨਕ ਮਾਸੀ ਕਿਧਰੋਂ ਆ ਗਈ ਕਹਿਣ ਲੱਗੀ "ਦੀਪੀ ਤੇਰੀ ਬੀਬੀ ਕਿੱਥੇ ਹੈ" ਬੀਬੀ ਖੇਤਾਂ ਨੂੰ ਗਈ ਹੋਈ ਸੀ,ਮਾਸੀ ਚਾਹ ਪੀ ਕੇ ਸਿੱਧੀ ਖੇਤਾਂ ਨੂੰ ਚਲੀ ਗਈ ਜਦੋਂ ਵਾਪਸ ਆਈ ਤਾਂ ਵੱਡਾ ਵੀਰਾ ਤੇ ਬੀਬੀ ਉਸ ਨਾਲ ਪਤਾ ਨੀ ਕਿਹੜੀਆਂ ਗੱਲਾਂ ਵਿਚ ਮਸਤ ਸਨ। ਸਾਰੇ ਬਹੁਤ ਖੁਸ਼ ਸਨ ਘਰ ਆ ਕੇ ਬੈਠਦਿਆਂ ਹੀ ਮਾਸੀ ਨੇ ਆਪਣੇ ਆਪ ਨੂੰ ਵੱਡੀ ਦਿਖਾਉਣ ਵਾਸਤੇ ਫੇਰ ਗੱਲ ਤੋਰੀ "ਦੇਖ ਭੈਣੇ ਕਨੇਡਾ ਵਾਲੇ ਤਾਂ ਕਿਸੀ ਦੀ ਮੰਨਦੇ ਨਹੀਂ ਇਹ ਤਾਂ ਮੇਰੇ ਮੂੰਹ ਨੂੰ ਮੰਨ ਗਏ। ਕੁੜੀ ਸਵਰਗ ਵਿਚ ਚਲੀ ਜਾਊ ਤੁਸੀਂ ਹਾ ਕਰ ਦੇਵੋਂ ਬਸ ਫਿਰ ਦੇਖੋਂ ਕੁੜੀ ਰਾਣੀ ਬਣ ਕੇ ਰਹੂਗੀ" ਕਨੇਡਾ ਦਾ ਨਾਂ ਸੁਣ ਕੇ ਘਰਦਿਆਂ ਦੀ ਅੱਡੀ ਭੁੰਜੇ ਨਹੀਂ ਸੀ ਲੱਗ ਰਹੀ। ਮਾਸੀ ਨੇ ਗੱਲਾਂ ਦੀ ਲੜੀ ਨੂੰ ਫੇਰ ਜੋੜਦਿਆਂ ਕਿਹਾ "ਭੈਣ ਅੱਜ ਤਾਂ ਸਾਡੀ ਕੁੜੀ ਚਲੀ ਜਾਵੇਗੀ ਭਲਕੇ ਕੋਈ ਐਸਾ ਕਾਨੂੰਨ ਵੀ ਬਣ ਸਕਦਾ ਅਸੀਂ ਸਾਰੇ ਜਾ ਸਕਦੇ ਹਾਂ" ਇਹ ਗੱਲ ਸੁਣਦੇ ਹੀ ਸਾਰਿਆਂ ਦੇ ਮੂੰਹ ਤੇ ਖੁਸ਼ੀ ਆ ਗਈ। ਦੀਪੀ ਵੀ ਮਨ ਹੀ ਮਨ ਆਪਣੇ ਆਪ ਨੂੰ ਕੈਨੇਡਾ ਦੀਆਂ ਚੌੜੀਆਂ ਸੜਕਾਂ ਤੇ ਲੰਬੀਆਂ ਲੰਬੀਆਂ ਕਾਰਾਂ ਵਿਚ ਬੈਠੀ ਮਹਿਸੂਸ ਕਰਨ ਲੱਗ ਪਈ।

ਤੇ ਫੇਰ ਉਸ ਰਾਤ ਦੀਪੀ ਕੈਨੇਡਾ ਬਾਰੇ ਕਲਪਨਾ ਕਰਦੀ ਰਹੀ। ਕਦੀ ਉਹ ਆਪਣੇ ਆਪ ਨੂੰ ਵੱਡੇ ਵੱਡੇ ਸੋਫਿਆਂ ਤੇ ਬੈਠੀ ਦੇਖੇ, ਕਦੇ ਟੈਲੀਵਿਜ਼ਨ ਦੇਖੇ, ਕਦੇ ਫਰਿਜ ਖੋਲ੍ਹੇ, ਵੱਡਾ ਸਾਰਾ ਘਰ ਉਸ ਨੂੰ ਲੱਗਾ ਜਿਵੇਂ ਉਹ ਪਰੀਆਂ ਦੇ ਦੇਸ਼ ਆ ਗਈ ਹੋਵੇ।

ਘਰ ਦਿਆਂ ਨੇ ਹਾਂ ਕਰ ਦਿਤੀ ਸੀ, ਮੁੰਡਾ ਆਪਣੇ ਦੋਸਤ ਤੇ ਮਾਂ ਨੂੰ ਨਾਲ ਲੈ ਕੇ ਦੀਪੀ ਨੂੰ ਦੇਖਣ ਆਇਆ ਸੀ। ਮੁੰਡੇ ਦਾ ਨਾਂ ਲੈਬੰਰ ਸੀ। ਪਰ ਬਾਹਰਲੀ ਹਵਾ ਲੱਗਣ ਨਾਲ ਆਪਣਾ ਨਾਂ ਲੱਕੀ ਦਸਦਾ ਸੀ। ਹਿੰਦੁਸਤਾਨ ਵਿਚ ਮਾਸਟਰਾਂ ਦੀ ਕੁਟ ਤੋਂ ਡਰਦਾ ਕਦੇ ਸਕੂਲ ਨਹੀਂ ਸੀ ਵੜਿਆ ਪਰ ਕਹਿੰਦਾ ਮੈਂ ਟਵੈਲਵ ਗਰੇਡ ਕੀਤਾ ਹੈ। ਤੇ ਸਟੀਲ ਦੀ ਫੈਕਟਰੀ ਵਿਚ ਫੋਰਮੈਨ ਲੱਗਾ ਹਾਂ। ਦੀਪੀ ਜਦੋਂ ਚਾਹ ਰੱਖਣ ਆਈ ਤਾਂ ਲੈਬੰਰ ਸਿੰਹੁ ਹੋਣੀ ਆਪਣੇ ਆਪ ਨੂੰ ਅਗਾਂਹ ਵਧੂ ਖਿਆਲਾਂ ਦੇ ਦੱਸਣ ਲਈ ਆਪਣਾ ਹੱਥ ਅਗਾਂਹ ਕਰਕੇ ਦੀਪੀ ਨੂੰ ਕਿਹਾ "I am lucky and please to meet you" ਦੀਪੀ ਨੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾ ਦਿਤੀ ਤੇ ਵਾਪਸ ਚਲੀ ਗਈ ਤੇ ਵਿਚਾਰੇ ਲੱਕੀ ਹੁਣੀ ਪਹਿਲੀ ਵਾਰ ਆਪਣੇ ਆਪ ਨੂੰ ਅਨਲੱਕੀ ਸਮਝਿਆ ਤੇ ਆਪਣਾ ਹੱਥ ਜੇਬ ਵਿਚ ਪਾ ਲਿਆ। ਪਰ ਇਕ ਵਾਰ ਤਾਂ ਦੀਪੀ ਨੂੰ ਦੇਖ ਕੇ ਉਸ ਦੇ ਮੂੰਹ ਵਿਚ ਪਾਣੀ ਆ ਗਿਆ। ਲੈਬੰਰ ਸਿੰਘ ਵੈਸੇ ਦੀਪੀ ਤੋਂ ਤਿੰਨ ਕੁ ਉਂਗਲਾਂ ਛੋਟਾ ਸੀ। ਜੇ ਦੋਹਾਂ ਨੂੰ ਤੁਰਿਆਂ ਜਾਂਦੇ ਦੇਖੋ ਤਾਂ ਇਸ ਤਰਾਂ ਲੱਗਦਾ ਸੀ ਜਿਵੇਂ ਕਿਸੇ ਲੇਡੀ ਡਾਕਟਰ ਨਾਲ ਉਸਦਾ ਕੰਪਾਊਡਰ ਤੁਰਿਆ ਜਾਂਦਾ ਹੋਵੇ। ਪਰ ਕੈਨੇਡਾ ਤੋਂ ਗਿਆ ਕਰਕੇ ਬਿਲਕੁਲ ਠੀਕ ਲੱਗ ਰਿਹਾ ਸੀ। ਸਭ ਕਹਿ ਰਹੇ ਸਨ ਕੁੜੀ ਦੇ ਭਾਗ ਖੁਲ੍ਹ ਗਏ।

ਸਭ ਗੱਲ ਪੱਕੀ ਹੋ ਗਈ ਤੇ ਵਿਆਹ ਵੀ ਵੀਹਾਂ ਦਿਨਾਂ ਦੇ ਵਿਚ ਵਿਚ ਤਹਿ ਕੀਤਾ ਗਿਆ। ਜਦੋਂ ਕਾਲੇਵਾਲੀਏ ਲੰਬੜਦਾਰ ਨੂੰ ਪਤਾ ਲੱਗਾ ਤਾਂ ਉਹ ਭੱਜਾ ਆਇਆ ਉਸ ਕਈ ਵਾਰ ਕਿਹਾ "ਨਾਜ਼ਰ ਤੂੰ ਮੇਰਾ ਭਰਾ ਏਂ ਦੇਖ ਮੇਰਾ ਇਕੋ ਇਕ ਮੁੰਡਾ ਹੈ ਤੀਹ ਕਿਲੇ ਜ਼ਮੀਨ ਦੇ ਨੇ ਤੇਰੀ ਕੁੜੀ ਨੂੰ ਕਿਸ ਚੀਜ਼ ਦਾ ਘਾਟਾ ਤੂੰ ਨਾਂਹ ਕਰਦੇ ਨਾ ਭੇਜ ਆਪਣੀ ਕੁੜੀ ਨੂੰ ਪਰਦੇਸਾਂ ਵਿਚ" ਪਰ ਦੀਪੀ ਦੇ ਬਾਪੂ ਨੂੰ ਹੁਣ ਕੈਨੇਡਾ ਵਾਲੇ ਰਿਸ਼ਤੇ ਤੋਂ ਪਰਾਂ ਕੋਈ ਰਿਸ਼ਤਾ ਹੀ ਨਹੀਂ ਸੀ ਦਿਖਾਈ ਦਿੰਦਾ। ਲੰਬੜਦਾਰ ਵਿਚਾਰਾ ਮੂੰਹ ਲਟਕਾਈ ਵਾਪਸ ਚਲਾ ਗਿਆ ਦੀਪੀ ਵੀ ਦਿਲ ਵਿਚ ਸੋਚ ਰਹੀ ਸੀ ਕਿੱਥੇ ਮੱਖਣ ਤੁਰਿਆ ਜਾਵੇ ਤਾਂ ਵੀ ਠਾਣੇਦਾਰ ਲਗਦਾ ਪਰ ਕਿਥੇ ਆਹ ਛਲਾਰੂ ਜਿਹਾ ਏਦਾਂ ਤੁਰਦਾ ਜਿਵੇਂ ਚਾਬੀ ਦੇ ਕੇ ਛਡਿਆ ਹੋਵੇ।

ਸਭ ਕੁਝ ਹੋਇਆ, ਵਿਆਹ ਵਾਲਾ ਦਿਨ ਵੀ ਆ ਗਿਆ ਜਨੇਤ ਆਈ ਲੱਕੀ ਨੇ ਸ਼ੇਵ ਕੀਤੀ ਹੋਈ ਸੀ ਪਰ ਪੱਗ ਬੰਨੀ ਸੀ। ਪਿੰਡ ਦੇ ਮੁੰਡੇ ਉਸ ਵੱਲ ਦੇਖ ਹੱਸ ਰਹੇ ਸਨ ਪੱਗ ਦੇਖ ਕੇ ਇਸ ਤਰਾਂ ਲਗ ਰਿਹਾ ਸੀ ਜਿਵੇਂ ਕਿਸੀ ਕਾਲਜੀਏਟ ਮੁੰਡੇ ਨੇ ਬੰਨੀ ਹੋਵੇ।

ਪਿੰਡ ਦੀਆਂ ਕੁੜੀਆਂ ਕਹਿ ਰਹੀਆਂ ਸਨ, "ਲਾੜਾ ਤਾਂ ਇਸ ਤਰਾਂ ਲਗਦਾ ਜਿਵੇਂ ਬੁੱਧਵਾਰ ਦਾ ਲੌਂਦਾਂ ਵੇਲਾ ਹੋਵੇ।" ਖੈਰ ਜਿਸ ਤਰਾਂ ਮਰਜੀ ਹੋਵੇ ਲਾੜਾ ਕੈਨੇਡਾ ਤੋਂ ਗਿਆ ਕਰਕੇ ਸਾਰਿਆਂ ਨੇ ਉਸ ਨੂੰ ਸਵੀਕਾਰ ਕਰ ਲਿਆ। ਮਿਲਨੀ ਹੋਈ ਲਾਵਾਂ ਹੋਈਆਂ ਭਾਈ ਜੀ ਨੇ ਉਪਦੇਸ਼ ਦਿੱਤੇ ਜੋ ਆਪ ਵਿਚਾਰੇ ਸਾਰੀ ਉਮਰ ਕੁਆਰੇ ਰਹਿ ਗਏ ਸਨ ਅਤੇ ਚਾਲੀ ਸਾਲ ਦੀ ਉਮਰ ਵਿਚ ਆ ਕੇ ਗੁਰਦੁਆਰੇ ਭਾਈ ਬਣ ਗਏ ਸਨ ਦੁਪਹਿਰ ਦੀ ਰੋਟੀ ਵੇਲੇ ਖੂਬ ਭੰਗੜਾ ਪਿਆ। ਲੱਕੀ ਦੇ ਚਾਚੇ ਦੇ ਮੁੰਡੇ ਇਹ ਸਭ ਕੁਝ ਦੇਖ ਕੇ ਖਿਝ ਰਹੇ ਸਨ। ਇਕ ਨੇ ਕਿਹਾ "ਇਹ ਸਾਲੇ ਦਾ ਮੂੰਹ 9 ਤਾਰੀਖ ਵਰਗਾ ਕੁੜੀ ਏਨੀ ਸੋਹਣੀ ਮਿਲੀ" ਦੂਜਾ ਕਹਿੰਦਾ "ਕੈਨੇਡਾ ਚਲਾ ਗਿਆ ਤਾਂ ਵਿਆਹ ਹੋ ਗਿਆ ਇਥੇ ਸਾਲੇ ਨੂੰ ਕਿਸੇ ਨੇ ਮੱਝ ਨੀ ਸੀ ਅਧਆਰੇ ਤੇ ਦੇਣੀ" ਏਨੀ ਗੱਲ ਕਰਕੇ ਦੋਨੋਂ ਹੱਸ ਪਏ।

ਫੇਰ ਦੀਪੀ ਨੂੰ ਯਾਦ ਆਇਆ ਕਿਸ ਤਰਾਂ ਵਿਆਹ ਤੋਂ ਬਾਅਦ ਇਕ ਮਹੀਨਾ ਗੁਜ਼ਰਿਆ। ਉਸ ਮਹੀਨੇ ਦੌਰਾਨ ਉਹ ਲੱਕੀ ਦੀਆਂ ਗੱਪਾਂ ਸੁਣਦੀ ਰਹੀ ਪਹਿਲਾਂ ਉਸ ਨੂੰ ਸੱਚ ਲਗਦਾ ਸੀ ਪਰ ਹੁਣ ਜਦੋਂ ਦੀਂ ਉਹ ਆਪ ਇਥੇ ਆਈ ਸੀ ਸਭ ਕੁਝ ਪਤਾ ਲੱਗ ਗਿਆ ਸੀ। ਕਹਿੰਦਾ ਹੁੰਦਾ ਸੀ ਫੋਰਮੈਨ ਹਾਂ, ਤੈਨੂੰ ਫਾਇਲ ਸਟਾਰ ਹੋਟਲ ਲੈ ਕੇ ਜਾਇਆਂ ਕਰੂਗਾਂ ਉਥੇ ਦਾ ਮਨੇਜਰ ਗੋਰਾ ਮੇਰਾ ਦੋਸਤ ਹੈ। ਮੇਰੇ ਕੋਲ ਕੋਰਵਿਟ ਕਾਰ ਹੈ, ਸਾਡਾ ਘਰ ਸਮੁੰਦਰ ਦੇ ਕੰਡੇ ਹੈ। ਵਿਚਾਰੀ ਦੀਪੀ ਨੂੰ ਕਿਆ ਪਤਾ ਸੀ ਕੋਰਵਿਟ ਕਾਰ ਤੇ ਫਾਇਲ ਸਟਾਰ ਹੋਟਲ ਕੀ ਹੁੰਦੇ ਨੇ। ਹੁਣ ਜਦੋਂ ਉਹ ਆਪ ਇਥੇ ਆਈ ਤਾਂ ਪਤਾ ਲੱਗਾ ਲੱਕੀ ਨੂੰ ਘਰ ਦਿਆਂ ਨੇ ਜੁਦਾ ਕੀਤਾ ਹੋਇਆ ਹੈ ਟੁਟੀ ਜਿਹੀ ਬੇਸਮਿੰਟ 'ਚ ਰਹਿੰਦਾ ਹੈ ਜਦੋਂ ਉਹ ਆਈ ਸੀ ਤਾਂ ਫੋਰਡ ਵਾਲਿਆਂ ਦੀ ਟੁੱਟੀ ਜਿਹੀ ਕਾਰ ਸੀ ਜੋ ਲਾਲ ਬੱਤੀਆਂ ਤੇ ਮਸਾਂ ਖੜਦੀ ਸੀ ਹੁਣ ਤਾਂ ਵਿਚਾਰੀ ਦਾ ਇਨਸ਼ੋਰੈਂਸ ਮੁਕਾ ਹੈ ਤੇ ਆਰਾਮ ਨਾਲ ਖੜੀ ਹੈ। ਲੈਬੰਰ ਉਰਫ ਲੱਕੀ ਹੁਣੀ ਲੇਏ ਆਫ ਹੋਇਆਂ ਨੂੰ ਛੇ ਮਹੀਨੇ ਹੋ ਗਏ ਸਾਰੀ ਉਮਰ ਵਿਚਾਰਾ ਮਿਲ 'ਚ ਫੱਟੇ ਖਿਚਦਾ ਘਸ ਗਿਆ। ਹੁਣ ਦੀਪੀ ਕਲੀਨਅਪ ਦਾ ਕੰਮ ਕਰਦੀ ਹੈ ਤਾਂ ਘਰ ਦਾ ਕਿਰਾਇਆ ਤੇ ਗਰੋਸਰੀ ਦਾ ਖਰਚ ਤੁਰਦਾ ਹੈ।

ਬਸ ਦੀ ਬਰੇਕ ਲੱਗੀ ਤਾਂ ਦੀਪੀ ਉਤਰ ਗਈ ਤੇ ਜਾਂਦੀ ਨੇ ਪਹਿਲਾਂ ਚਿਠੀ ਪਾਈ। ਵੱਡੀ ਸਾਰੀ ਬਿਲਡਿੰਗ ਵਿਚ ਵੜਦਿਆਂ ਹੀ ਉਸ ਨੇ ਆਪਣਾ ਸਮਾਨ ਚੁਕ ਲਿਆ ਤੇ ਸਫਾਈ ਕਰਨ ਲੱਗ ਪਈ। ਕਵੀ ਨੇ ਕਿਹਾ "ਹੁਸਨ ਪੰਜਾਬਣ ਦਾ ਜਿਵੇਂ ਦਿਨ ਚੜ੍ਹਦੇ ਦੀ ਲਾਲੀ।"

ਅਜ ਪੰਜਾਬ ਦਾ ਹੁਸਨ ਮਾਯੂਸ ਤੇ ਮਜ਼ਬੂਰ ਹੋ ਕੇ ਕਿਉਂ ਬਾਹਰਲਿਆਂ ਮੁਲਖਾਂ 'ਝਾੜੂ ਲੈ ਕੇ ਸਫਾਈਆਂ ਕਰ ਰਿਹਾ ਹੈ। ਦਿਨ ਚੜ੍ਹਦੇ ਦੀ ਲਾਲੀ ਸਾਰੀ ਸਾਰੀ ਰਾਤ ਕੰਮ ਕਰਕੇ ਕਿਉਂ ਪੀਲੀ ਫਿਰ ਰਹੀ ਹੈ? ਇਹ ਇਕ ਦੀਪੀ ਦੀ ਕਹਾਣੀ ਨਹੀਂ ਲੱਖਾਂ ਦੀਪੀਆਂ ਦੀ ਕਹਾਣੀ ਹੈ। ਕਿਉਂ ਮਾਪੇ ਧੀਆਂ ਨੂੰ ਆਪਣੀਆਂ ਅੱਖਾਂ ਤੋ ਪਰੇ ਜ਼ੁਲਮ ਸਹਿਣ ਲਈ ਭੇਜ ਦਿੰਦੇ ਨੇ। ਕਿਉਂ ਸਾਡੀਆਂ ਧੀਆਂ ਲੋਕਾਂ ਦੀਆਂ ਗੁਲਾਮੀਆਂ ਕਰਨ। ਜੇ ਇਹ ਹੀ ਦੀਪੀ ਆਪਣੇ ਮੁਲਖ ਹੁੰਦੀ ਤਾਂ ਕਿਆ ਕਮੀ ਸੀ। ਕੰਮ ਸੇ ਕੰਮ ਉਸ ਨੂੰ ਆਪਣੇ ਹਾਣ ਦਾ ਸਾਥ ਤਾਂ ਮਿਲਦਾ ਦੁਖ ਸੁਖ ਵੇਲੇ ਉਸ ਦੇ ਰਿਸ਼ਤੇਦਾਰ ਉਸ ਦੀ ਖਬਰ ਪੁਛਦੇ।

ਇਹ ਇਕ ਛੂਤ ਦੀ ਬੀਮਾਰੀ ਹੈ ਜੋ ਸਾਡੇ ਸਾਰੇ ਭਾਈਚਾਰੇ 'ਚ ਫੈਲ ਚੁਕੀ ਹੈ। ਸਭ ਇਹ ਹੀ ਕਹਿੰਦੇ ਸਾਡੀ ਕੁੜੀ ਸਾਡਾ ਮੁੰਡਾ ਕੈਨੇਡਾ ਚਲਾ ਜਾਏ ਇਹ ਨਹੀਂ ਪਤਾ ਕਿਆ ਕਿਆ ਕਰਨਾ ਪੈਂਦਾ ਹੈ ਇਥੇ ਆ ਕੇ।

ਪੰਜਾਬ ਦਾ ਜੱਟ ਜੋ ਰੱਬ ਤੋਂ ਨਹੀਂ ਡਰਦਾ ਉਸਨੂੰ ਜਦੋਂ ਕੋਈ ਗੋਰਾ ਫੋਰਮੈਨ ਗੁੱਸੇ ਵਿਚ ਆ ਕੇ ਕਹਿੰਦਾ ਤੂੰ ਫਲਾਨਾ ਕੰਮ ਠੀਕ ਨਹੀਂ ਕੀਤਾ ਇਸ ਤਰਾਂ ਨੀ ਉਸ ਤਰਾਂ ਕਰਨਾ ਸੀ ਅਗਾਂਹ ਵਾਸਤੇ ਕੀਤਾ ਤਾਂ ਕੰਮ ਤੋਂ ਕੱਢ ਦੇਣਾ, ਤਾਂ ਕੀ ਗੁਜ਼ਰਦੀ ਹੋਏਗੀ ਜੱਟ ਦੇ ਦਿਲ ਤੇ, ਪਰ ਫੇਰ ਵੀ ਉਹ ਚੁਪ ਰਹਿੰਦਾ ਹੈ ਕਿਉਂਕਿ ਸਾਡੀ ਜ਼ਮੀਰ ਮਰ ਰਹੀ ਹੈ। ਅਸੀਂ ਆਪਣੀ ਸਭਿਅਤਾ ਤੋਂ ਲੱਖਾਂ ਕੋਹਾਂ ਦੂਰ ਆ ਗਏ ਹਾਂ। ਸਾਡਾ ਆਪਾ, ਸਾਡੀ ਹੋਂਦ ਖਤਮ ਹੋ ਰਹੀ ਹੈ। ਅਸੀਂ ਚਲਦੇ ਤਾਂ ਜਾ ਰਹੇ ਹਾਂ ਪਰ ਸਾਹਮਣੇ ਹਨੇਰਾ ਹੀ

(ਬਾਕੀ ਪੰਨਾ 21 ਤੇ)

(ਪੰਨਾ 23 ਦੀ ਬਾਕੀ)

"ਫਿਰ ਕਹੋ ਫਰੰਗੀਆਂ ਉਹਨੂੰ "ਨਗਰੀ ਬੁਆਂਗ" ਕਰ ਦਿਤਾ।" ਚੰਦਾ ਸਿੰਘ ਦੀ ਗੱਲ ਸੁਣ ਕੇ ਉਹ ਨੌਜਵਾਨ ਕੁਝ ਸਮਝ ਨਾ ਸਕਿਆ। ਉਸਦੀ ਹੈਰਾਨੀ ਵੇਖ ਕੇ ਚੰਦਾ ਸਿੰਘ ਨੇ ਦਸਿਆ—'ਜੀਹਨੂੰ ਦੇਸ ਵਿਚੋਂ ਕੱਢਣਾ ਹੋਵੇ ਉਹਨੂੰ ਮਲਾਈ 'ਚ ਕਹਿੰਦੇ ਐ "ਨਗਰੀ ਬੁਆਂਗੋ" ਕਰ ਦਿਤਾ ਉਸਦੀ ਗੱਲ ਸਾਰੇ ਸੁਣ ਕੇ ਹੱਸ ਪਏ। ਉਨ੍ਹਾਂ ਦੇ ਨਾਲ ਹੀ ਚੰਦਾ ਸਿੰਘ ਵੀ ਹੱਸ ਪਿਆ। ਦੂਜੀ ਖਿਣ ਉਸਦਾ ਚਿਹਰਾ ਗੰਭੀਰ ਹੋ ਗਿਆ। ਉਸ ਨੇ ਪੁਛਿਆ—"ਕਿਸੇ ਨੂੰ ਪਤੈ ਭਾਈ ਹੁਣ ਕਿੱਥੇ ਐ?" ਉਸੇ ਨੌਜਵਾਨ ਨੇ ਉਤਰ ਦਿਤਾ—"ਬੈਂਕੋਕ ਗਿਆ ਸੀ। ਉਥੇ ਲੋਕੀ ਗੱਲਾਂ ਕਰਦੇ ਸੀ ਕਿ ਪਿਲਾਂਗ ਵਾਲਾ ਭਾਈ ਗ਼ਦਰੀ ਹੋ ਗਿਐ। ਕਹਿੰਦੇ ਫਰੰਗੀਆਂ ਨੂੰ ਦੇਸੋਂ ਕੱਢ ਕੇ ਸਾਹ ਲੈਣੈ।" ਉਸ ਨੇ ਆਪਣੇ ਥਾਨਾਂ ਦੀ ਗੰਢ ਹੇਠੋਂ "ਗ਼ਦਰ" ਅਖਬਾਰ ਦਾ ਪਰਚਾ ਕੱਢ ਕੇ ਚੰਦਾ ਸਿੰਘ ਦੇ ਹੱਥ ਫੜਾ ਦਿਤਾ। ਚੰਦਾ ਸਿੰਘ ਤੋਂ ਬਿਨਾਂ ਪੰਜ ਜਣੇ ਹੋਰ ਉਥੇ ਬੈਠੇ ਸਨ। ਉਹ ਸਭ ਉਸ ਨੌਜਵਾਨ ਦੀ ਫੇਰੀ ਵਾਲੀ ਗੰਢ ਵੱਲ ਤੱਕਣ ਲੱਗ ਪਏ। ਉਸਨੇ ਕਿਹਾ—"ਮੈਂ ਇਕੋ ਪਰਚਾ ਲਿਆਂਦਾ ਸੀ। ਹਰ ਰੋਜ਼ ਸਵੇਰੇ ਉਠ ਕੇ ਪੜ੍ਹ ਕੇ ਗੰਢ 'ਚ ਲੁਕਾ ਦੇਂਦਾ।"

ਚੰਦਾ ਸਿੰਘ ਨੇ ਹੈਰਾਨੀ ਨਾਲ ਉਸ ਪਰਚੇ ਦੇ ਵਰਕੇ ਉਥੱਲੇ। ਉਸ ਨੌਜਵਾਨ ਦੇ ਹੱਥ ਦੇ ਕੇ ਕਹਿਣ ਲੱਗਾ —"ਭਾਈ ਸ਼ੇਰ ਸਿਹਾਂ! ਤੂੰ ਈ ਪੜ੍ਹ ਕੇ ਸੁਣਾ, ਤੂੰ ਪਾੜ੍ਹਾ ਜਾਪਦੈਂ।" ਉਸ ਦਿਨ ਤੇ ਉਸ ਦਿਨ ਤੋਂ ਪਿਛੋਂ, ਭਾਈ ਚੰਦਾ ਸਿੰਘ ਦਾ ਡੇਰਾ ਬਾਗੀਆਂ ਦਾ ਡੇਰਾ ਬਣ ਗਿਆ। ਅੰਗਰੇਜ਼ਾਂ ਦੇ ਰਾਜ ਦੇ ਖਿਲਾਫ ਖੁਲ੍ਹੀਆਂ ਗੱਲਾਂ ਹੁੰਦੀਆਂ ਪਰ ਗੱਲਾਂ ਕਰਨ ਤੋਂ ਅੱਗੇ ਕੋਈ ਗੱਲ ਨਾ ਤੁਰਦੀ। ਚੰਦਾ ਸਿੰਘ ਨੂੰ ਭਾਈ ਭਗਵਾਨ ਸਿੰਘ ਦੀ ਗੱਲ ਮੁੜ-ਮੁੜ ਚੇਤੇ ਆਉਂਦੀ ਕਿ ਅੰਗਰੇਜ਼ਾਂ ਨੇ ਸਾਡੇ ਦੇਸ ਉਤੇ ਤੋਪਾਂ ਦੇ ਬੰਦੂਕਾਂ ਨਾਲ ਕਬਜ਼ਾ ਕੀਤਾ ਹੈ ਜਦ ਤੱਕ ਸਾਡੀ ਆਪਣੀ ਫੌਜ ਤੇ ਆਪਣੀਆਂ ਤੋਪਾਂ ਨਹੀਂ, ਅਸੀਂ ਅੰਗਰੇਜ਼ਾਂ ਨੂੰ ਨਹੀਂ ਕੱਢ ਸਕਦੇ। ਉਹ ਰਾਤ ਦਿਨ ਇਹੋ ਸੋਚਣ ਲੱਗ ਪਿਆ ਕਿ ਕੀ ਕਰਨਾ ਚਾਹੀਦਾ ਹੈ। ਉਸ ਨੂੰ ਹੋਰ ਤਾਂ ਕੋਈ ਗੱਲ ਨਾ ਸੁਝੀ ਪਰ ਇਕ ਚੀਨੇ ਕੋਲੋਂ ਇਕ ਰੀਵਾਲਵਰ ਖਰੀਦ ਕੇ ਹਰ ਵੇਲੇ ਆਪਣੇ ਲੰਮੇ ਕੋਟ ਦੇ ਜੇਬ ਵਿਚ ਰੱਖਣ ਲੱਗ ਪਿਆ। ਇਕ ਦਿਨ ਉਸ ਨੇ ਆਪਣੀ ਕੁਭਣ ਦੇ ਪਿਛੇ ਜਾ ਕੇ ਗੋਲੀਆ ਚਲਾ ਕੇ ਵੇਖੀਆਂ। ਉਸਦਾ ਮਨ ਭਾਈ ਭਗਵਾਨ ਸਿੰਘ ਨੂੰ ਮਿਲਣ ਲਈ ਹੁਲਾਰੇ ਖਾਣ ਲੱਗ ਪਿਆ।

ਜੇ ਸ਼ੇਰ ਸਿੰਘ ਕੁਝ ਦਿਨ ਨਾ ਆਉਂਦਾ ਤਾਂ ਉਸਦਾ ਮਨ ਉਸਨੂੰ ਲੱਭਣ ਲਈ ਕਾਹਲਾ ਪੈ ਜਾਂਦਾ। ਜਦ ਵੀ ਉਹ ਉਸਦੇ ਡੇਰੇ ਆਉਂਦਾ ਤਾਂ ਉਹ ਉਸਨੂੰ "ਗ਼ਦਰ" ਦੇ ਪਰਚੇ ਬਾਰੇ ਪੁੱਛਦਾ। ਇਕ ਦਿਨ ਜਦ ਉਸ ਨੇ ਸ਼ੇਰ ਸਿੰਘ ਦੀ ਫੇਰੀ ਵਾਲੀ ਗੰਢ, ਉਸਦੀ ਗੈਰ ਹਾਜ਼ਰੀ ਵਿਚ ਫੋਲੀ ਤਾਂ ਉਸ ਨੂੰ ਆਪਣੇ ਮਨ ਨੇ ਬੜੀਆਂ ਲਾਹਨਤਾਂ ਪਾਈਆਂ। ਉਹ ਸੋਚਣ ਲੱਗਾ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਉਸਦੀ ਗੰਢ ਨਹੀਂ ਸੀ ਫੋਲਣੀ ਚਾਹੀਦੀ। ਦੂਜੀ ਨਿਰਾਸਤਾ ਉਸ ਨੂੰ ਇਹ ਹੋਈ ਕਿ ਉਸਦੀ ਗੰਢ ਵਿਚੋਂ ਉਸਨੂੰ ਇਕ ਮੁਟਿਆਰ ਦੀ ਤਸਵੀਰ ਲੱਭ ਪਈ। ਉਹ ਮਨ ਹੀ ਮਨ ਵਿਚ ਸੋਚਣ ਲੱਗਾ ਕਿ ਸ਼ੇਰ ਸਿੰਘ ਕੁੜੀਆਂ ਦੀਆਂ ਤਸਵੀਰਾਂ ਰੱਖਣ ਲੱਗ ਪਿਆ ਹੈ। ਜਦ ਉਸ ਨੇ ਤਸਵੀਰ ਦਾ ਦੂਜਾ ਪਾਸਾ ਤਕਿਆ ਤਾਂ ਉਸ ਉਤੇ ਕਲਮ ਨਾਲ ਲਿਖਿਆ ਹੋਇਆ ਸੀ—"ਤੇਰੀ ਭੈਣ ਜਵਾਨ ਹੋ ਗਈ ਹੈ। ਰੁਪਏ ਭੇਜ, ਇਹਦਾ ਕਾਰਜ ਕਰ ਦਈਏ।"

ਤਸਵੀਰ ਪਿਛੇ ਲਿਖੀ ਇਹ ਸੱਤਰ ਪੜ੍ਹ ਕੇ ਚੰਦਾ ਸਿੰਘ ਹੋਰ ਵੀ ਸ਼ਰਮਿੰਦਾ ਹੋ ਗਿਆ। ਉਸ ਨੇ ਕੰਬਦੇ ਹੱਥਾਂ ਨਾਲ ਜਿਥੋਂ ਤਸਵੀਰ ਚੁੱਕੀ ਸੀ ਉਥੇ ਹੀ ਰੱਖ ਦਿਤੀ। ਆਪਣੇ ਮੰਜੇ ਦੀ ਪੁਆਂਦੀ ਬੈਠਾ ਸੋਚਣ ਲੱਗਾ ਕਿ ਇਸ ਗਲਤੀ ਦੀ ਸ਼ੇਰ ਸਿੰਘ ਪਾਸੋਂ ਮਾਫ਼ੀ ਕਿਸ ਤਰ੍ਹਾਂ ਮੰਗਾਂ। ਉਹ ਸੋਚ ਹੀ ਰਿਹਾ ਸੀ ਕਿ ਸ਼ੇਰ ਸਿੰਘ ਆ ਗਿਆ। ਪਹਿਲੋਂ ਕੁਝ ਝੱਕ ਕੇ, ਫੇਰ ਚੰਦਾ ਸਿੰਘ ਨੇ ਆਪਣੀ ਸੱਚੀ-ਸੱਚੀ ਗੱਲ ਕਹਿ ਕੇ ਮਾਫ਼ੀ ਮੰਗਣੀ ਸ਼ੁਰੂ ਕਰ ਦਿਤੀ। ਸ਼ੇਰ ਸਿੰਘ ਨੇ ਅੱਗੋਂ, ਹੱਸ ਕੇ ਆਪਣੇ ਕੋਟ ਦੀ ਅੰਦਰਲੀ ਜੇਬ ਵਿਚੋਂ 'ਗ਼ਦਰ' ਦਾ ਇਕ ਹੋਰ ਪਰਚਾ ਕੱਢ ਕੇ ਚੰਦਾ ਸਿੰਘ ਦੇ ਹੱਥ ਫੜਾਂਦਿਆਂ ਕਿਹਾ—"ਇਹ ਪਰਚਾ ਹਟਯਾਈ ਤੋਂ ਅੱਜ ਹੀ ਮਿਲਿਆ ਸੀ। ਮੈਂ ਅਜੇ ਪੜ੍ਹਿਆ ਵੀ ਨਹੀਂ। ਸੋਚਿਆ ਭਾਈ ਹੋਰਾਂ ਦੇ ਡੇਰੇ, "ਕਠੇ ਬਹਿ ਕੇ ਪੜ੍ਹਾਂਗੇ।"

ਚੰਦਾ ਸਿੰਘ ਨੇ ਸ਼ੇਰ ਸਿੰਘ ਨੂੰ ਆਪਣੀ ਜੱਫੀ ਵਿਚ ਘੁੱਟ ਲਿਆ। ਉਹ ਇਕ ਦੂਜੇ ਦੀ ਜੱਫੀ ਵਿਚ ਘੁੱਟੇ ਹੋਏ ਸਨ ਕਿ ਇਕ ਹੋਰ ਫੇਰੀ ਕਰਨ ਵਾਲੇ ਸਿੰਘ ਨੇ ਆ ਬੂਹਾ ਖੜਕਾਇਆ। ਉਸਦੇ ਕੋਲ ਕਪੜੇ ਦੀ ਗੰਢ ਨਾ ਵੇਖ ਕੇ ਚੰਦਾ ਸਿੰਘ ਤੇ ਸ਼ੇਰ ਸਿੰਘ ਉਸ ਵੱਲ ਤੱਕਣ ਲੱਗੇ। ਉਸ ਨੇ ਦੱਸਿਆ—"ਮੈਂ ਹਟਯਾਈ ਜਾ ਰਿਹਾ ਸਾਂ। ਦੋ ਭਾਈ ਗੱਡੀ 'ਚ ਮਿਲ ਪਏ। ਉਹ ਕਹਿਣ ਲੱਗੇ ਕਿ ਭਾਈ ਹੋਰਾਂ ਦੇ ਡੇਰੇ ਜਾਣੈ। ਮੈਂ ਸੋਚਿਆ ਭਟਕਦੇ ਫਿਰਨਗੇ। ਇਹਨਾਂ ਨੂੰ ਛੱਡਕੇ ਆਪ ਦੂਜੀ ਗੱਡੀ ਚੜ੍ਹ ਜਾਂਗਾ। ਅਸੀਂ ਡੇਰੇ ਆਏ। ਡੇਰਾ ਖਾਲੀ ਪਿਆ ਸੀ। ਅਸੀਂ ਪਰਸ਼ਾਦੇ ਛਕੇ ਤੇ ਬਜ਼ਾਰ ਫਿਰਨ ਤੁਰਨ ਚਲੇ ਗਏ। ਉਹ ਦੋਵੇਂ ਸਿੰਘ ਥੱਕੇ ਜਾਪਦੇ ਐ। ਮੈਂ ਉਹਨਾਂ ਨੂੰ ਮੱਲੋ ਮੱਲੀ ਬਜ਼ਾਰ ਲੈ ਗਿਆ ਸਾਂ। ਮੈਂ ਉਹਨਾਂ ਨੂੰ ਪਹਿਲੇ ਕਦੇ ਨਹੀਂ ਵੇਖਿਆ। ਬੈਂਕੋਕ ਜਾਣਗੇ। ਅਹੁ ਤੁਰੇ ਆਉਂਦੇ ਐ ਕਹਿ ਕੇ ਉਸ ਨੇ ਭਾਈ ਬਲਵੰਤ ਸਿੰਘ ਤੇ ਠਾਕਰ ਸਿੰਘ ਵੱਲ ਇਸ਼ਾਰਾ ਕੀਤਾ। (ਚਲਦਾ)

ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ



ਨਿਊ ਵੈਸਟ—ਨਿਊ ਵੈਸਟ ਮਿਨਸਟਰ ਗੁਰੂ ਘਰ ਵਿਚ 17 ਅਪ੍ਰੈਲ ਨੂੰ ਵਿਸਾਖੀ ਦਾ ਦਿਹਾੜਾ ਮਨਾਇਆ ਗਿਆ। ਜਿਸ ਵਿਚ ਸਿਟੀ ਦੇ ਮੇਅਰ ਟੌਮ ਬੇਕਰ ਅਤੇ ਐਨ. ਡੀ. ਪੀ. ਦੇ ਦੋ ਉਮੀਦਵਾਰ ਡੈਨਿਸ ਕੋਕ ਅਤੇ ਹੇਰਲਡ ਸਟੀਵ ਵੀ ਸ਼ਾਮਲ ਹੋਏ। ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਸ਼ਸ਼ਤਰ ਦੇਖਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ ਵੀ ਸੰਗਤਾਂ ਦੀ ਹਾਜ਼ਰੀ ਵਿਚ ਨਿਭਾਈ ਗਈ।

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone.(604) 324-6111

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress:

Name..
Address..
City...
Province..
Postal code..
PHONE.

One Year..............................15 dollars
Two Year..............................25 dollars
Three year............................35 dollars
Life membership..................200 dollars
ASIA.....................................40 dollars(a year)
U.S.A....................................20 dollars(a year)
Europe..................................35 dollars(a year)
Africa...................................35 dollars(a year)

(ਪੰਨਾ 20 ਦੀ ਬਾਕੀ)

ਹਨੇਰਾ ਹੈ ਉਚੀਆਂ ਉਚੀਆਂ ਇਮਾਰਤਾਂ ਥੱਲੇ ਅਸੀਂ ਦੱਬੇ ਗਏ ਹਾਂ ਲੰਬੀਆਂ ਲੰਬੀਆਂ ਕਾਰਾਂ ਦੀ ਚਮਕ ਨੇ ਸਾਡੀਆਂ ਅੱਖਾਂ ਨੂੰ ਧੋਖੇ ਵਿਚ ਰਖਿਆ ਹੋਇਆ ਹੈ। ਅਸੀਂ ਕੱਚੀਆਂ ਕੰਧਾਂ ਦੀ ਤਰਾਂ ਖੁਰ ਖੁਰ ਰਹੇ ਹਾਂ। ਸਿਰਫ ਪੈਸੇ ਦੀ ਖਾਤਰ ਆਪਣੇ ਆਪ ਨੂੰ ਧੋਖਾ ਦੇ ਰਹੇ ਹਾਂ। ਸਾਡੇ ਲੋਕਾਂ ਦੇ ਹਜ਼ਾਰਾਂ ਦੀ ਗਿਣਤੀ ਵਿਚ ਛੋਟੇ ਬੱਚੇ ਹੋਏ ਨੇ ਜੋ ਇਥੇ ਪੈਦਾ ਹੋਏ ਕਿਸੀ ਨੂੰ ਵੀ ਪੁੱਛ ਕੇ ਦੇਖ ਲਵੋ ਸ਼ਹੀਦ ਭਗਤ ਸਿੰਘ ਕੌਣ ਸੀ ਕਿਸੀ ਨੂੰ ਵੀ ਨਹੀਂ ਪਤਾ ਹੋਣਾ। ਕੀ ਭਗਤ ਸਿੰਘ ਦੀ ਕੁਰਬਾਨੀ ਦਾ ਇਹੋ ਮੁੱਲ ਹੈ?

ਫੈਸਲਾ ਤੁਸੀਂ ਖੁਦ ਕਰਨਾ ਹੈ।

The Universal Religion of Guru Nanak



By Harbhajan Singh (Retired Principal)

Guru Nanak, the founder of Sikh religion was born in 1469 A.D. at Rai Bhoe Ki Talwandi, now known, after his name as Nankana Sahib. The Guru, in the real sense of the word, was a man of God, intoxicated with the divine wine of His Name. His childhood was a great and holy as was his later life. He was a staunch believer in the existence, oneness, omnipotence, omni-presence and omniscience of God. Being through and through a practical man, he did what he said and said what he did. He strongly believed and preached that all people are judged before God purely according to their deeds and not for their profession, caste, creed, colour or race.

The Guru gives a very vived, comprehensive, unique but short definition of God, in the form of "Mool Mantra" and puts it at the beginning of this most philosophical composition - the Japji - to be repeated 567 times in the Guru Granth Sahib in short or in long form. It can be translated as under :-

"There is but one God. True is His Name. He creates and pervades all things(visible or invisible). He is fearless, uninimical, beyound the rust of time, unborn and self-existent. He is realised by the grace of a True Guru".

And as for the qualification of a Guru, the spiritual guide, he clearly defines that he is a person who knows God, lives in God and is always in tune with God. "Sat Purkh Jin Janya Satgur Tis Ka Naon" (V Guru). Guru Nanak does not claim anywhere like some other prophets that he is the mediator to take people to God nor does he take the responsibility of the sins of his followers upon his own shoulders. He strongly believes in the uplift of men, based on charactor, i.e. truthfully living. God being one and equa-ly of all, he lays all the emphasis on the Fatherhood of God and Brotherhood of man. Ego (I-amness) being the root cause of all the ills and division of men, he stood firmly for equality of man as man and thought it the panacea of all ills of the Society. It is because of his universality of Message of love, service of humanity, humility and equality that he has been rightly acclaimed as the World-teacher(Jagat-Guru), and his way of life as the world-Religion(Jagat Dharma). He not only verbally pleaded the cause of the lowly and socially backward and downtrodden people, but also felt honoured to be as one of them. He says "Nanak is the lowliest among the lowly

he sides with them and has nothing to do with .hose who are egoist because of their so called worldly greatness. It is there and there, O God, that you look upon so mercifully. Where the lowly are looked after and honoured. His point blank refusal to recognise birth as the basis of caste and division of man, was a great revolutionary step in the social set up of the times. It was, naturally, vehemently opposed by the so called high caste people and other vested interests, but the Guru followed his path indauntedly, quite fearlessly and never comprised his high principles.

The Guru, inspite of the difficult means of transport and communications, was the most widely travelled man of his times. In his four famous tours(Udasis) taken for spreading his divine and universal teachings to the four different directions of the world, he covered over 20,000 miles, mostly on foot, with his companions Bhai Mardana (Brother Mardana), Bhai Shian and Bhai Hassu. Bhai Mardama come of a socalled low muslims caste. He could play on "Rabab" while Guru Nanak sang his divine word (Bhai). The Guru toured the country and went abroad as far as Mecca, Baghdad and beyond the Himalayas.

While giving his message of love, peace and equality, he was very lucid, polite, humble, but logical, clear, convincing, firm and fearless. It was he who could call Babar, the Mughal invader, as Jabar (agressor) at his very face and tell him to be a just king. His way of preaching, sometimes, was very dramatic, just to invite the attention of the people with whom he wanted to have a talk. For instance, the purpose of his throwing water from the Ganges at Hardwar to the west and not to be Sun (East) as the other Hindu pilgrims were doing, was only to show the futility of the whimsical belief and wrong worship of the people. Similarly his act of lying at Mecca, with his feet towards Kaaba, did not mean disrespect to the Holy place of the Muslims but was meant to demonstrate quite unassumingly, that God is everywhere and not confined to any particular place or direction, whatsoever. The ten Gurus in their long line of succession, covering about 239 years, did many a unique deed in pursuance of the mission that they had come to fulfil and one such act was to build a central temple, not of any deity, but of God, in the real sense of the word. The fifth Master, Guru Arjan Dev deliberately planned and designed the building of such an ideal temple to propagate the universal message of Guru Nanak and got its foundation stone laid by a great and worthy Muslim Sufi Sant, Hazrat Mian Mir. The Golden Temple as it is commonly known, has got four doors, one each to the four different directions, indicating that people from all over the world are welcome to it. It was, indeed, a great revolution, then, in the religious belief of man, as hitherto, for the Hindus of this country, the abode of God was considered to be in the East, whereas for Muslims it was in the West, the directions to .which the Holy Kaaba is situated. But with Guru Nanak and his successors, God pervades all things, both, great and small, visible or invisible and being the Creator of all manifests Himself through His entire creation. So, the best way to be in tune with the Infinite, is to be in tune with His creation and see His Holy glimpse through it. They never advocated a life of Sanyas (unattached) from within, while living in the tumult of life. The man who earns his honest living by the seat of his brow and share it with the needy ones, is really the greatest Sanyasi of the world.

(to be continued in the next issue)

ਬੀ. ਸੀ. ਦੀਆਂ ਚੋਣਾਂ

ਸੋਹਣ ਸੁਰਿੰਦਰ ਸੰਘਾ, ਸਕਰੂਲਵੀ

5 ਮਈ 1983 ਦਿਨ ਵੀਰਵਾਰ ਨੂੰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ ਦੇ 8 ਵਜੇ ਤਕ ਬੀ. ਸੀ. ਦੇ ਲੋਕਾਂ ਨੇ ਨਵੀਂ ਸਰਕਾਰ ਦੀ ਚੋਣ ਕਰਨ ਲਈ ਪਰਚੀਆਂ ਪਾਉਣੀਆਂ ਹਨ। ਇਸ ਗੱਲ ਦੀ ਚਰਚਾ ਸਾਰੇ ਪਾਸੇ ਛਿੜੀ ਹੋਈ ਹੈ। 50 ਹਲਕਿਆਂ ਵਿਚੋਂ 57 ਐਮ. ਐਲ. ਏ. ਚੁਣੇ ਜਾਣੇ ਹਨ। 43 ਹਲਕਿਆਂ ਨੂੰ single member Constituencies ਆਖਦੇ ਹਨ। 7 ਹਲਕਿਆਂ ਨੂੰ double member Constituencies ਕਹਿੰਦੇ ਹਨ। ਜੋ ਇਕ ਵਿਕਟੋਰੀਆ ਵਿਚ ਤੇ 6 ਵੈਨਕੂਵਰ ਵਿਚ ਹਨ। ਜਿਸ ਵੇਲੇ ਚੋਣਾਂ ਦਾ ਐਲਾਨ ਹੋਇਆ ਤਾਂ 57 ਮੈਂਬਰਾਂ ਦੀ ਐਸੰਬਲੀ ਵਿਚ 31 ਸੀਟਾਂ ਬੈਨਿਟ ਦੀ ਸੋਕਰਡ ਪਾਰਟੀ ਕੋਲ ਸਨ ਤੇ 26 ਸੀਟਾਂ ਡੇਵ ਬੈਰਿਟ ਦੀ ਐਨ. ਡੀ. ਪੀ. ਪਾਸ ਸਨ। ਭਾਵ ਸੋਕਰਡ ਜੇ 3 ਸੀਟਾਂ ਤੇ ਹਾਰ ਜਾਂਦੇ ਹਨ ਤਾਂ ਸਰਕਾਰ ਬਦਲ ਜਾਏਗੀ।

225 ਉਮੀਦਵਾਰਾਂ ਨੇ ਨਾਮਜਦਗੀ ਦੇ ਕਾਗਜ 22 ਅਪਰੈਲ ਨੂੰ ਭਰੇ ਹਨ। ਸੋਸ਼ਲ ਕਰੈਡਿਟ ਤੇ ਐਨ. ਡੀ. ਪੀ. ਦੋਵੇਂ ਪੂਰੀਆਂ ਸੀਟਾਂ ਤੇ ਚੋਣ ਲੜਨਗੇ। ਲਿਬਰਲਜ 52 ਸੀਟਾਂ ਤੇ ਚੋਣ ਲੜਨਗੇ। 18 ਉਮੀਦਵਾਰ Western Canada Concept ਪਾਰਟੀ ਨੇ ਖੜੇ ਕੀਤੇ ਹਨ। 13 ਉਮੀਦਵਾਰ Conservatives ਦੇ ਹਨ। 16 ਆਜ਼ਾਦ ਹਨ ਖੜੇ ਹਨ। 4 Communists ਹਨ। 4 Green Party ਦੇ ਹਨ।

ਅਸਲ ਟੱਕਰ ਐਨ. ਡੀ. ਪੀ. ਤੇ ਸੋਕਰਡ ਵਿਚ ਹੈ। ਹਰ ਪਾਰਟੀ ਨੇ ਚੋਣਾਂ ਜਿੱਤਣ ਲਈ ਬਹੁਤ ਸਾਰੇ ਵਾਅਦੇ ਕੀਤੇ ਹਨ ਤੇ ਕਰ ਰਹੇ ਹਨ। ਪਰ ਅਸਲ issues ਮੰਦਵਾੜਾ ਹੈ ਤੇ ਨੌਕਰੀਆਂ ਦਾ ਹੈ। ਲੋਕ ਘਰੀਂ ਬੈਠੇ ਹਨ।

ਸੋਕਰਡ ਵੱਡੀਆਂ ਕੰਪਨੀਆਂ ਤੇ ਧਨੀਆਂ ਤੋਂ ਪੈਸੇ ਲੈ ਕੇ ਚੋਣ ਲੜ ਰਹੀ ਹੈ। ਐਨ. ਡੀ. ਪੀ. ਦਾ ਆਸਰਾ ਆਮ ਲੋਕ ਤੇ labour class ਹੈ। ਇਸ ਕਰਕੇ ਚੋਣਾ ਜਿੱਤ ਕੇ ਸੋਕਰਡ ਨੇ ਧਨੀਆਂ ਤੇ ਵੱਡੀਆਂ ਕੰਪਨੀਆਂ ਦਾ ਸਾਹ ਭਰਨਾ ਹੈ ਤੇ ਐਨ. ਡੀ. ਪੀ. ਨੇ ਲੋਕਾਂ ਤੇ ਕਾਮਿਆਂ ਦੇ ਹੱਕ ਦੀ ਗੱਲ ਕਰਨੀ ਹੈ। ਇਸ ਕਰਕੇ ਇਹ ਸਾਫ ਹੋ ਜਾਂਦਾ ਹੈ। ਜਿਸ ਸ਼੍ਰੇਣੀ ਦੇ ਅਸੀਂ ਹਾਂ ਉਸਦਾ ਭਲਾ ਸੋਚਣ ਵਾਲੀ ਪਾਰਟੀ ਨੂੰ ਹੀ ਸਾਨੂੰ ਵੋਟ ਪਾਉਣੇ ਚਾਹੀਦੇ ਹਨ। ਭਾਵ ਐਨ. ਡੀ. ਪੀ. ਨੂੰ।

ਪਹਿਲਾਂ ਸਾਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ ਹੁੰਦਾ। ਇਹ ਹੱਕ 1947 ਵਿਚ C.C.F. ਜੋ NDP ਦੀ ਮਾਂ ਪਾਰਟੀ ਸੀ। ਉਸ ਨੇ ਕਈ ਨਸਲਵਾਦੀਆਂ ਦਾ ਗੁੱਸਾ ਝੱਲਕੇ ਸਾਨੂੰ ਇਹ ਹੱਕ ਲੈ ਕੇ ਦਿਤਾ ਸੀ। ਇਸ ਕਰਕੇ ਭੀ ਐਨ. ਡੀ. ਪੀ. ਸਾਡੀ ਵੋਟ ਦੀ ਹੱਕਦਾਰ ਹੈ। ਐਨ. ਡੀ. ਪੀ. ਘੱਟ ਗਿਣਤੀ ਦੇ ਲੋਕਾਂ ਦਾ (ethnic monorties) ਦਾ ਖਿਆਲ ਰਖਦੀ ਹੈ। ਅਸੀਂ ਬੀ. ਸੀ. ਵਿਚ ਘੱਟ ਗਿਣਤੀ ਵਾਲੇ ਲੋਕਾਂ ਵਿਚੋਂ ਹਾਂ। ਬਹੁਤ ਸਾਰੇ ਸਾਡੇ ਲੋਕ ਕਾਮੇ ਹਨ। ਐਨ. ਡੀ. ਪੀ. ਕਾਮਿਆਂ ਦਾ ਸਾਹ ਭਰਦੀ ਹੈ।

ਗੱਲਾਂ ਤਾਂ ਹੋਰ ਭੀ ਬਹੁਤ ਹਨ ਪਰ ਇਸ਼ਾਰੇ ਮੁਤਾਬਿਕ ਮੈਂ ਜ਼ਿਕਰ ਕੀਤਾ ਹੈ। ਤੁਸੀਂ ਸਿਆਣੇ ਹੋ। ਸਭ ਸਮਝਦੇ ਹੋ। ਕਿਹੜੀ ਪਾਰਟੀ ਸਾਡੇ ਹਿੱਤਾਂ ਵਿਚ ਹੈ।

ਸਾਡੇ ਲੋਕ ਵੋਟਾ ਘੱਟ ਬਣਾਉਂਦੇ ਹਨ। ਜੇ ਬਣਾ ਲੈਂਦੇ ਹਨ ਤਾਂ ਉਸ ਦੀ ਵਰਤੋਂ ਘੱਟ ਕਰਦੇ ਹਨ।

ਜੇ ਵੋਟ ਆਪਦੀ ਹਾਲੇ ਤਕ ਭੀ ਨਹੀਂ ਬਣੀ। ਆਪ 19 ਸਾਲ ਦੀ ਉਮਰ ਦੇ ਹੋ ਗਏ ਹੋ। ਆਪ ਕਨੇਡੀਅਨ ਸਿਟੀਜ਼ਨ ਹੋ। ਜਾਂ 1947 ਤੋਂ ਪਹਿਲਾਂ ਭਾਰਤ ਵਿਚ ਜਨਮ ਲਿਆ ਹੈ ਤੇ ਕੈਨੇਡਾ ਵਿਚ ਤਿੰਨ ਸਾਲ ਤੋਂ ਰਹਿੰਦੇ ਹੋ। ਬੀ. ਸੀ. ਵਿਚ ਭਾਵੇਂ 6 ਮਹੀਨੇ ਤੋਂ ਹੀ ਰਹਿੰਦੇ ਹੋ। ਤਾਂ ਭੀ ਤੁਸੀਂ ਹੁਣ ਵੋਟ ਪਾ ਸਕਦੇ ਹੋ।

ਜੇ ਆਪ ਵੋਟ ਪਾਉਣ ਦੇ ਹੱਕਦਾਰ ਹੋ ਤਾਂ ਵੋਟ ਦੀ ਵਰਤੋਂ ਜ਼ਰੂਰ ਕਰੋ ਇਹ 5 ਸਾਲ ਵਿਚ ਇਕ ਵਾਰ ਮੌਕਾ ਆਉਂਦਾ ਹੈ।

ਵੈਨਕੂਵਰ ਵਿਚ, Vancouver- Little Mountain ਇਕ ਐਸਾ ਹਲਕਾ ਹੈ ਜਿਥੋਂ ਸੋਕਰਡ 1580 ਵੋਟਾਂ ਦੇ ਫਰਕ ਨਾਲ 1979 ਵਿਚ ਜਿਤੇ ਸਨ। ਭਾਵ ਜੇ 800 ਵੋਟ ਆਪਣਾ ਖਿਆਲ ਬਦਲ ਲਵੇ ਤਾਂ ਐਨ. ਡੀ. ਪੀ. ਇਸ ਸੀਟ ਉਤੇ ਜਿਤ ਸਕਦੀ ਹੈ। ਆਮ ਚਰਚਾ ਭੀ ਇਹ ਹੀ ਹੈ ਕਿ ਇਸ ਵਾਰ ਐਨ. ਡੀ. ਪੀ. ਨੇ ਇਥੋਂ ਮੋਰਚਾ ਮਾਰ ਜਾਣਾ ਹੈ। ਸੋ ਜਿਹੜੇ ਲੋਕਾਂ ਦੀਆਂ Votes Vancouver - Little Mountain ਵਿਚ ਹਨ ਉਹ ਜੈਰੀ ਸਕਾਟ ਤੇ ਜੀਨ ਸਵੈਨਸਨ ਨੂੰ ਵੋਟ ਪਾਉਣ ਤਾਂ ਉਹ ਆਪਣੀ ਵੋਟ ਦਾ ਸਹੀ ਇਸਤੇਮਾਲ ਕਰ ਰਹੇ ਹੋਣਗੇ। ਇਹ dual constutuency ਹੈ। ਜਿਥੋਂ 2 M.L.A. ਚੁਣੇ ਜਾਣੇ ਹਨ। ਇਹ ਹਲਕਾ ਐਨ. ਡੀ. ਪੀ. ਦੀ ਸਰਕਾਰ ਬਣਾਉਣ ਵਿਚ ਸਹਾਇਕ ਹੋਵੇਗਾ। ਤੁਸੀਂ ਭੀ ਇਸ ਦੇ ਹਿਸੇਦਾਰ ਹੋਵੋਗੇ।

ਆਪਕੇ ਦਿਲ ਅਗਰ ਨਹੀਂ ਹੋਤੇ
ਹਮ ਫਕੀਰੋਂ ਕੇ ਘਰ ਨਹੀਂ ਹੋਤੇ
ਜਿਨ ਕੋ ਚਾਂਦੀ ਚੁਗਾਈ ਜਾਤੀ ਹੈ,
ਉਨ ਪਰਿੰਦੇ ਕੇ ਪਰ ਨਹੀਂ ਹੋਤੇ
ਕਾਸ਼ ! ਦੁਨੀਆਂ ਮੇਂ ਐਸਾ ਹੋ ਜਾਤਾ
ਗਾਂਵ ਹੋਤੇ ਸ਼ਹਿਰ ਨਹੀਂ ਹੋਤੇ
ਜਿਨਕੋ ਸੁਣ-ਸੁਣ ਕੇ ਨੀਂਦ ਆ ਜਾਏ
ਐਸੇ ਕਿੱਸੇ ਇਧਰ ਨਹੀਂ ਹੋਤੇ
ਉਨਕੀ ਆਖੋਂ ਕੀ ਕਸਮ ਖਾ ਲੇਤੇ
ਬੇਦ-ਕੁਰਾਨ ਅਗਰ ਨਹੀਂ ਹੋਤੇ!!

ਕੇਸਰ ਬਾਂਸਲ

ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨੇਡਾ ਦੀ ਜੀਵਨ ਗਾਥਾ।

(ਲੜੀਵਾਰ)

ਕਿਸ਼ਤ ਬਾਰਵੀਂ

ਕੇਸਰ ਸਿੰਘ ਨਾਵਲਿਸਟ

ਕਾਂਡ 26



ਚੰਦਾ ਸਿੰਘ ਦਾ ਕੱਦ ਦਰਮਿਆਨਾ, ਰੰਗ ਸਾਉਲਾ, ਜਵਾਨ-ਕਾਲੀ ਸ਼ਾਹ ਦਾੜ੍ਹੀ ਤੇ ਉਮਰ ਦਾ ਲਗਭਗ ਸਤਾਈ-ਅਠਾਈ ਸਾਲਾਂ ਦਾ ਲੱਗਦਾ ਸੀ ਸਿਰ ਉਤੇ ਚਿੱਟੀ ਦਸਤਾਰ, ਗਲ ਲੰਮਾ ਕੋਟ, ਲੱਕ ਪਤਲੂਨ, ਪੈਰੀਂ ਕਾਲੇ ਬੂਟ ਤੇ ਹੱਥ ਵਿਚ ਮਾਲਾ ਫੜੀ ਹੁੰਦੀ। ਜੇ ਉਸਨੂੰ ਕੋਈ ਉਸਦਾ ਪਿੰਡ ਥਾਂ ਪੁੱਛਦਾ ਤਾਂ ਉਹ ਆਪਣਾ ਪਿੰਡ ਮੋਹੀਆਂ ਤੇ ਜ਼ਿਲਾ ਗੁਰਦਾਸਪੁਰ ਦੱਸਦਾ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਜਦੋਂ ਪੰਜਾਬੀਆਂ ਤੇ ਖਾਸ ਕਰਕੇ ਪੇਂਡੂ ਸਿੱਖਾਂ ਨੇ ਪੰਜਾਬ ਛਡਕੇ ਪ੍ਰਦੇਸਾਂ ਨੂੰ ਵਹੀਰਾਂ ਘੱਤੀਆਂ, ਉਨ੍ਹਾਂ ਹੀ ਦਿਨਾਂ ਵਿਚ ਚੰਦਾਂ ਸਿੰਘ ਵੀ ਗਰੀਬੀ ਤੇ ਗੁਲਾਮੀ ਤੋਂ ਤੰਗ ਆ ਕੇ ਕਲਕੱਤਿਓਂ ਜਹਾਜ਼ ਲੈ ਕੇ ਪੀਨਾਂਗ ਪਹੁੰਚ ਗਿਆ। ਕੁਝ ਦਿਨ ਉਹ ਪੀਨਾਂਗ ਗੁਰਦੁਆਰੇ ਵਿਚ ਰਿਹਾ। ਭਾਈ ਭਗਵਾਨ ਸਿੰਘ ਗ੍ਰੰਥੀ ਦੀ ਸੰਗਤ ਵਿਚ ਉਸਨੂੰ ਗੁਰਮੁਖੀ ਪੜ੍ਹਨ ਦਾ ਸ਼ੌਕ ਜਾਗਿਆ। ਕੁਝ ਦਿਨਾਂ ਵਿਚ ਹੀ ਉਹ ਗੁਰਮੁਖੀ ਪੜ੍ਹਣ ਲਿਖਣ ਯੋਗ ਹੋ ਗਿਆ। ਉਸ ਨੇ ਪੰਜ ਗ੍ਰੰਥੀ ਪੜ੍ਹਨੀ ਸਿਖੀ ਤੇ ਰਾਤ ਨੂੰ ਜਾਗਾ ਕਰਨ ਦਾ ਕੰਮ ਲੈ ਲਿਆ। ਰਾਤ ਨੂੰ ਜਾਗਾ ਕਰਦਾ। ਅੰਮ੍ਰਿਤ ਵੇਲੇ ਪੰਜ ਗ੍ਰੰਥੀ ਦਾ ਪਾਠ ਕਰਦਾ। ਜਦ ਦੁਪਹਿਰ ਪਿਛੋਂ ਸੁੱਤਾ ਉਠਦਾ ਤਾਂ ਇਸ਼ਨਾਨ ਕਰਕੇ ਭਗਵਾਨ ਸਿੰਘ ਕੋਲ ਜਾ ਬੈਠਦਾ। ਭਾਈ ਭਗਵਾਨ ਸਿੰਘ ਦੀਆਂ ਗੱਲਾਂ ਦਾ ਉਸ ਦੇ ਮਨ ਉਤੇ ਬੜਾ ਅਸਰ ਹੁੰਦਾ।

ਭਾਈ ਭਗਵਾਨ ਸਿੰਘ ਦੀ ਸੰਗਤ ਨਾਲ ਕੁਝ ਗੱਲਾਂ ਚੰਦਾਂ ਸਿੰਘ ਦੇ ਮਨ ਵਿਚ ਘਰ ਕਰ ਗਈਆਂ। ਪਹਿਲੀ ਕਿਰਤ ਕਰਨੀ, ਦੂਜੀ ਆਪਣੀ ਕਿਰਤ-ਕਮਾਈ ਵਿਚੋਂ ਵੰਡ ਕੇ ਛੱਕਣਾ ਤੇ ਤੀਜੀ ਬਾਣੀ ਪੜ੍ਹਨੀ ਨਾਮ ਜਪਣਾ। ਉਸਨੇ ਇਹ ਤਿੰਨੇ ਗੱਲਾਂ ਮਨ ਵਿਚ ਪੱਕੀਆਂ ਕਰ ਲਈਆਂ।

ਕੁਝ ਸਮੇਂ ਮਗਰੋਂ ਚੰਦਾ ਸਿੰਘ ਨੇ ਇਕ ਕਮਰਾ ਕਰਾਏ ਉਤੇ ਲੈ ਲਿਆ ਉਹ ਕੰਮ ਤੋਂ ਹਟਦਾ ਹੀ ਅੰਮ੍ਰਿਤ ਵੇਲੇ ਗੁਰਦੁਆਰੇ ਪੁੱਜਦਾ। ਨਿਤਨੇਮ ਕਰਦਾ। ਭਾਈ ਭਗਵਾਨ ਸਿੰਘ ਨੂੰ ਮਿਲਦਾ ਤੇ ਸੌਣ ਲਈ ਘਰ ਨੂੰ ਤੁਰ ਪੈਂਦਾ ਇਕ ਦਿਨ ਘਰ ਨੂੰ ਤੁਰੇ ਜਾਂਦੇ ਚੰਦਾ ਸਿੰਘ ਨੂੰ ਭਾਈ ਭਗਵਾਨ ਸਿੰਘ ਨੇ ਰੋਕ ਕੇ ਪੁਛਿਆ—"ਤੂੰ ਆਪਣੇ ਚੀਨੇ ਤੋਕੀ ਨਾਲ ਗਲ ਬਾਤ ਕਿਸ ਤਰ੍ਹਾਂ ਕਰਦੈਂ ?"

"ਮੈਨੂੰ ਚੀਨੀ ਮਲਾਈ ਨਹੀਂ ਔਂਦੀ। ਉਹਨੂੰ ਪੰਜਾਬੀ ਨਹੀਂ ਔਂਦੀ। ਬੱਸ ਇਸ਼ਾਰਿਆਂ ਨਾਲ ਈ ਗੱਲ ਸਾਰਦੇ ਆਂ" ਕਦੇ-ਕਦੇ ਮੇਰੇ ਨਾਲ ਦਾ ਜਾਗਾ, ਤੋਕੀ ਨਾਲ ਗੱਲ ਕਰਕੇ ਮੈਨੂੰ ਸਮਝਾ ਦੇਂਦੈ।

"ਚੰਦਾ ਸਿਹਾਂ! ਤੈਨੂੰ ਮਲਾਈ ਸਿਖਣੀ ਪਊ।"

ਭਾਈ ਭਗਵਾਨ ਸਿੰਘ ਦੀ ਗੱਲ ਸੁਣ ਕੇ ਚੰਦਾ ਸਿੰਘ ਗੰਭੀਰ ਹੋ ਗਿਆ

"ਅਜੇ ਤਾਂ ਮੈਂ ਬਾਣੀ ਵੀ ਅੜ-ਅੜ ਕੇ ਪੜ੍ਹਦਾਂ।"

"ਤੂੰ ਇਕ ਦੋ ਲਫਜ਼ ਰੋਜ਼ ਸਿਖਣੇ ਸ਼ੁਰੂ ਕਰ ਦੇਹ ਗੁਰਮੁਖੀ ਵਿਚ ਲਿਖ ਲਿਆ ਕਰ। ਇਕ ਕਾਪੀ ਖ੍ਰੀਦ ਲੈ।"

ਚੰਦਾ ਸਿੰਘ ਨੂੰ ਠਠੰਬਰਿਆ ਖਲੋਤਾ ਵੇਖ ਕੇ ਭਾਈ ਭਗਵਾਨ ਸਿੰਘ ਨੇ ਕਿਹਾ "ਅਗੋਂ ਤੇਰੀ ਮਰਜੀ ਐ। ਜੇ ਸਾਰੀ ਉਮਰ ਗੁੰਗਾ ਰਹਿਣੈ ਤਾਂ ਉਹ ਤੇਰੀ ਮਰਜ਼ੀ।"

ਉਹ ਦੋ ਤਿੰਨ ਸਾਲ ਭਾਈ ਭਗਵਾਨ ਸਿੰਘ ਦੀ ਸੰਗਤ ਵਿਚ ਰਹਿ ਕੇ ਸਰਲ ਬਾਣੀ ਪੜ੍ਹਨ ਲੱਗ ਪਿਆ। ਅਖਬਾਰ ਵੀ ਪੜ੍ਹ ਲੈਂਦਾ। ਮਲਾਈ ਬੋਲੀ ਵਿਚ ਪਰਪੱਕ ਹੋ-ਗਿਆ। ਕਈ ਵਾਰੀ ਦੇਸੋਂ ਆਏ ਨਵਿਆਂ ਬੰਦਿਆਂ ਦਾ ਦੁਭਾਸ਼ੀਆ ਬਣ ਜਾਂਦਾ। ਆਮ ਲੋਕਾਂ ਵਿਚ ਉਸਦਾ ਰਸੂਖ ਪੈਦਾ ਹੋਣ ਲੱਗ ਪਿਆ।

ਇਕ ਦਿਨ ਭਗਵਾਨ ਸਿੰਘ ਤੇ ਚੰਦਾ ਸਿੰਘ ਦੋਵੇਂ ਸਮੁੰਦਰ ਵਿਚ ਨਹਾਉਣ ਲਈ ਤੁਰ ਪਏ। ਉਹ ਥੋੜੀ ਦੇਰ ਤਰ ਕੇ ਮੁੜ ਕੰਢੇ ਉਤੇ ਆ ਬਹਿੰਦੇ ਗੱਲਾਂ ਕਰਨ ਲੱਗ ਪੈਂਦੇ। ਦੇਸ ਵਿਚ ਪਈ ਪਲੇਗ ਦੇ ਕਾਰਨ ਲੱਖਾਂ ਬੰਦੇ ਮਰ ਜਾਣ ਦੀ ਗੱਲ ਚਲ ਪਈ। ਭਗਵਾਨ ਸਿੰਘ ਨੇ ਕਿਹਾ "ਅੰਗਰੇਜ਼ਾਂ ਜਾਣ ਬੁਝ ਕੇ ਪਲੇਗ ਫਲਾਈ ਐ। ਕਾਲ ਵੀ ਅੰਗਰੇਜ਼ ਜਾਣ ਬੁਝ ਕੇ ਪਾਉਂਦੇ ਐ। ਚਾਹੁੰਦੇ ਐ ਕਿ ਹਿੰਦੁਸਤਾਨੀ ਸਦਾ ਭੁਖੇ ਮਰਦੇ ਰਹਿਣ ਤੇ ਸਿਰ ਨਾ ਚੁਕ ਸਕਣ।"

ਭਾਈ ਭਗਵਾਨ ਸਿੰਘ ਦੀ ਗੱਲ ਸੁਣ ਕੇ ਚੰਦਾ ਸਿੰਘ ਸੋਚਣ ਲਗ ਪਿਆ ਕਿ ਸ਼ਾਇਦ ਅੰਗਰੇਜ਼ਾਂ ਨੇ ਪਿੰਡਾਂ ਦੇ ਖੂਹਾਂ ਵਿਚ ਕੋਈ ਦੁਆਈ ਪਾ ਦਿਤੀ ਹੋਵੇ। ਉਹ ਭਗਵਾਨ ਸਿੰਘ ਦੀ ਕਹੀ ਗੱਲ ਉਤੇ ਸ਼ੰਕਾ ਕਰਨ ਲੱਗ ਪਿਆ। ਉਸਨੇ ਪੁਛਿਆ! "ਅੰਗਰੇਜ਼ਾਂ ਨੇ ਜਾਣ ਬੁਝ ਕੇ ਲੋਕਾਂ ਨੂੰ ਕਿਉਂ ਮਾਰਨਾ ਸੀ ?"

ਉਸਦਾ ਸੁਆਲ ਸੁਣ ਕੇ ਭਗਵਾਨ ਸਿੰਘ ਰੋਹ ਵਿਚ ਬੋਲਿਆ—"ਫੇਰ ਤੂੰ ਦੱਸ ਇਸ ਮਹਾਮਾਰੀ ਪਲੇਗ ਨਾਲ ਕੋਈ ਇਕ ਵੀ ਅੰਗੇਰਜ਼ ਕਿਉਂ ਨਹੀਂ ਮਰਿਆ ?"

ਚੰਦਾ ਸਿੰਘ ਉਸਦੇ ਚਿਹਰੇ ਵੱਲ ਤਕਦਾ ਰਹਿ ਗਿਆ। ਭਾਈ ਭਗਵਾਨ ਸਿੰਘ ਨੇ ਪੁਛਿਆ—"ਤੂੰ ਮੇਰੀ ਗੱਲ ਤੇ ਇਤਬਾਰ ਨਹੀਂ ਕਰਦਾ। ਸੁਣ ਜੇ ਸਾਡਾ ਇਹੋ ਹਾਲ ਰਿਹਾ ਤਾਂ ਸਾਡਾ ਦੇਸ ਮੰਗਤਿਆਂ ਦਾ ਦੇਸ ਬਣ ਜਾਊ। ਤੂੰ ਆਪੇ ਦੱਸ ਸਾਨੂੰ ਕੀ ਲੋੜ ਐ ਪਰਦੇਸਾਂ 'ਚ ਰੁਲਣ ਦੀ। ਜੇ ਪਿੰਡ ਰਜਵੀਂ ਰੋਟੀ ਮਿਲੇ ਤਾਂ...।" ਭਾਈ ਭਗਵਾਨ ਸਿੰਘ ਆਪਣੀ ਗੱਲ ਪੂਰੀ ਨਾ ਕਰ ਸਕਿਆ। ਉਸਦਾ ਭਖਿਆ ਚਿਹਰਾ ਵੇਖ ਕੇ ਚੰਦਾ ਸਿੰਘ ਨੇ ਪੁਛਿਆ—"ਫੇਰ ਕੀ ਬਣੂੰ ? ਕੀ ਕਰੀਏ ?"

"ਕਰਨਾ ਕੀ ਐ। ਫਰੰਗੀਆਂ ਤੋਪਾਂ ਨਾਲ ਸਾਡਾ ਦੇਸ ਗੁਲਾਮ ਕਰ ਲਿਐ। ਜਦ ਤੱਕ ਸਾਡੀ ਆਪਣੀ ਫੌਜ ਨਹੀਂ, ਆਪਣੀਆਂ ਤੋਪਾਂ ਨਹੀਂ, ਦੇਸ ਗੁਲਾਮ ਹੀ ਰਹਿਣੈ। ਕਾਲ ਪੈਂਦੇ ਰਹਿਣਗੇ। ਲੋਕ ਮਰਦੇ ਰਹਿਣਗੇ। ਫਰੰਗੀ ਗਲਸ਼ਰ੍ਹੇ ਉਡਾਂਦੇ ਰਹਿਣਗੇ।"

ਜਦ ਚੰਦਾ ਸਿੰਘ ਰਾਤੀਂ ਪਹਿਰੇ ਉਤੇ ਖਲੋਤਾ ਤਾਂ ਭਾਈ ਭਗਵਾਨ ਸਿੰਘ ਦੀਆਂ ਕਹੀਆਂ ਗੱਲਾਂ ਉਸਦੇ ਦਿਮਾਗ ਵਿਚ ਚੱਕਰ ਲਾਉਣ ਲੱਗ ਪਈਆਂ। ਉਹ ਪਹਿਰੇ ਉਤੇ ਖਲੋਤਾ ਊਂਘਣ ਲੱਗ ਪਿਆ। ਜਦ ਤੜਕੇ-ਤੜਕੇ ਗੁਰਦੁਆਰੇ ਪਹੁੰਚ ਕੇ ਇਸ਼ਨਾਨ ਕਰ ਰਿਹਾ ਸੀ ਤਾਂ ਉਸਨੂੰ ਭਾਈ ਭਗਵਾਨ ਸਿੰਘ ਦੇ ਪਾਠ ਕਰਨ ਦੀ ਆਵਾਜ਼ ਆ ਰਹੀ ਸੀ। ਉਹ ਆਪਣਾ ਨਿਤਨੇਮ ਵਿਚੋਂ ਛੱਡ ਕੇ ਉਸਦਾ ਪਾਠ ਸੁਣਨ ਲੱਗ ਪਿਆ। ਜਦ ਉਹ ਗੁਰਦੁਆਰੇ ਦੇ ਹਾਲ ਵਿਚ ਪਹੁੰਚ ਕੇ ਮੱਥਾ ਟੇਕ ਕੇ ਬਾਹਰ ਨਿਕਲਣ ਲੱਗਾ ਤਾਂ ਭਾਈ ਭਗਵਾਨ ਸਿੰਘ, ਮਹਾਰਾਜ ਦੀ ਤਾਬਿਆ ਵਿਚੋਂ ਉਠ ਕੇ ਉਸਦੇ ਪਿਛੇ ਹੋ ਤੁਰਿਆ। ਉਹ ਦੋਵੇਂ ਪੌੜੀਆਂ ਉਤਰ ਰਹੇ ਸਨ। ਭਾਈ ਭਗਵਾਨ ਸਿੰਘ ਨੇ ਕਿਹਾ—"ਚੰਦਾ ਸਿਹਾਂ! ਅੱਜ ਚਾਹ ਪੀ ਕੇ ਜਾਈਂ। ਤੇਰੇ ਨਾਲ ਗੱਲ ਕਰਨੀ ਐ।"

ਚੰਦਾ ਸਿੰਘ ਸੋਚਣ ਲੱਗਾ ਕਿ ਭਾਈ ਨੇ ਕੀ ਗੱਲ ਕਰਨੀ ਹੋਵੇਗੀ। ਭਾਈ ਨੇ ਚਾਹ ਬਣਾਈ। ਦੋਵੇਂ ਲੰਗਰ ਵਿਚ ਹੀ ਬਹਿ ਕੇ ਚਾਹ ਪੀਣ ਲੱਗੇ। ਇਕ ਹੋਰ ਸਿੰਘ ਇਸ਼ਨਾਨ ਕਰ ਰਿਹਾ ਸੀ। ਭਾਈ ਭਗਵਾਨ ਸਿੰਘ ਨੇ ਦੱਸਿਆ—"ਚੰਦਾ ਸਿਹਾਂ! ਮੈਂ ਹਾਂਗਕਾਂਗ ਜਾ ਰਿਹਾਂ। ਉਥੇ ਗ੍ਰੰਥੀ ਦੀ ਸੇਵਾ ਕਰੂੰ ਪਰ ਮੈਂ ਬਹੁਤਾ ਚਿਰ ਉਥੇ ਵੀ ਨਹੀਂ ਰਹਿਣਾ। ਅਮਰੀਕਾ ਨੂੰ ਨਿਕਲ ਜਾਣੈ ਜੇ ਮੇਰਾ ਦਾਅ ਲੱਗਿਆ।"

"ਮੈਂ ਵੀ ਚਲੂੰ।"

"ਨਹੀਂ ਨਹੀਂ! ਤੂੰ ਅਜੇ ਏਥੇ ਈ ਕੰਮ ਕਰ। ਚਾਰ ਡਾਲੇ ਜੋੜ ਲੈ। ਅੰਗਰੇਜ਼ੀ ਸਿਖ। ਅੰਗਰੇਜ਼ੀ ਤੋਂ ਬਿਨਾਂ ਅਮਰੀਕਾ ਜਾਣਾ ਠੀਕ ਨਹੀਂ।"

ਜਦ ਉਹ ਭਾਈ ਭਗਵਾਨ ਸਿੰਘ ਨੂੰ ਹਾਂਗਕਾਂਗ ਵਾਲੇ ਜਹਾਜ਼ ਉਤੇ ਚੜ੍ਹਾ ਕੇ ਆਇਆ ਤਾਂ ਉਹ ਰੋਣਹਾਕਾ ਹੋ ਗਿਆ। ਉਸ ਨੇ ਸਾਰੇ ਜ਼ੋਰ ਨਾਲ ਆਪਣਾ ਰੋਣ ਰੋਕਿਆ। ਉਹ ਆਪਣੇ ਆਪ ਨੂੰ ਇਕੱਲਾ-ਇਕੱਲਾ ਮਹਿਸੂਸ ਕਰਨਲੱਗ ਪਿਆ। ਉਸਨੂੰ ਇਵੇਂ ਜਾਪਣ ਲੱਗਾ ਜਿਵੇਂ ਉਸਨੇ ਆਪਣਾ ਇਕੋ-ਇਕ ਮਿਤਰ ਤੇ ਉਸਤਾਦ ਗੁਵਾ ਲਿਆ ਹੋਵੇ। ਹਰ ਰੋਜ਼ ਮਨ ਹੀ ਮਨ ਵਿਚ ਹਾਂਗਕਾਂਗ ਜਾਣ ਦੀਆਂ ਤਿਆਰੀਆਂ ਕਰਨ ਲੱਗ ਪਿਆ। ਉਹ ਕਿਸੇ ਹੋਰ ਮਿਤਰ ਨਾਲ ਆਪਣਾ ਮਨ ਨਾ ਖੋਲ੍ਹਦਾ। ਉਹ ਕਈ ਦਿਨ ਗੁਰਦੁਆਰੇ ਨਾ ਗਿਆ।

ਇਕ ਦਿਨ ਉਹ ਤੜਕੇ-ਤੜਕੇ ਗੁਰਦੁਆਰੇ ਪਹੁੰਚਾ। ਅਜੇ ਤਕ ਕਿਸੇ ਨੇ ਮਹਾਰਾਜ ਦਾ ਪ੍ਰਕਾਸ਼ ਨਹੀਂ ਸੀ ਕੀਤਾ। ਉਸਨੇ ਮਹਾਰਾਜ ਦਾ ਪ੍ਰਕਾਸ਼ ਕਰਕੇ ਹੁਕਮ ਲਿਆ। ਹੁਕਮ ਆਇਆ—ਧਨਾਸਰੀ ਮਹਲਾ ੫ ॥

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮੁ ਜਿਣੈ ਸਗਲ ਵਸ ਤਾਕੈ ਜਾ ਕਾ ਸਤਿਗੁਰ ਪੂਰਾ ॥੧॥
ਠਾਕਰ ਗਾਈਐ ਆਤਮ ਰੰਗਿ ॥
ਸਰਣੀ ਪਾਵਨ ਨਾਮੁ ਧਿਆਵਨ ਸਹਜਿ ਸਮਾਵਨ ਸੰਗਿ ॥੧॥ਰਹਾਉ॥
ਜਨ ਕਿ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੪॥

ਚੰਦਾ ਸਿੰਘ ਨੇ ਹੁਕਮ ਦਾ ਭਾਵ ਸਮਝਣ ਲਈ ਕਈ ਵਾਰੀ ਮੁੜ-ਮੁੜ ਕੇ ਪੜ੍ਹਿਆ। ਅੱਧ ਪਚੱਧੀ ਗੱਲ ਉਸ ਦੀ ਸਮਝ ਪਈ। ਉਸ ਨੇ ਕਾਪੀ ਕੱਢ ਕੇ ਸਾਰਾ ਹੁਕਮ ਹੂ-ਬ-ਹੂ ਨਕਲ ਕਰ ਲਿਆ। ਸੋਚਣ ਲੱਗਾ ਕਿ ਭਾਈ ਭਗਵਾਨ ਸਿੰਘ ਨੂੰ ਚਿੱਠੀ ਲਿਖ ਕੇ ਸਾਰੇ ਵਾਕ ਦਾ ਮਤਲਬ ਪੁੱਛੇਗਾ।

ਆਪਣੇ ਜਾਗੇ ਉਤੇ ਬੈਠਾ-ਬੈਠਾ ਕਾਪੀ ਖੋਲ੍ਹ ਕੇ ਉਹ ਸ਼ਬਦ ਪੜ੍ਹਦਾ ਰਹਿੰਦਾ। ਉਸ ਨੇ ਉਹ ਸਾਰਾ ਸ਼ਬਦ ਜ਼ਬਾਨੀ ਯਾਦ ਕਰ ਲਿਆ। ਹੌਲੀ ਹੌਲੀ ਉਸ ਨੇ ਭਾਈ ਭਗਵਾਨ ਸਿੰਘ ਨੂੰ ਸ਼ਬਦ ਦਾ ਮਤਲਬ ਸਮਝਣ ਲਈ ਚਿੱਠੀ ਲਿਖਣ ਦਾ ਖਿਆਲ ਛੱਡ ਦਿਤਾ। ਉਸਨੂੰ ਇਉਂ ਜਾਪਣ ਲੱਗ ਪਿਆ ਜਿਵੇਂ ਉਹ ਸ਼ਬਦ ਦੇ ਸਾਰੇ ਅਰਥ ਸਮਝ ਗਿਆ ਹੋਵੇ। ਉਹ ਜਿਸ ਦਿਨ ਗੁਰਦੁਆਰੇ ਨਾ ਜਾਂਦਾ ਮੂੰਹ ਜ਼ਬਾਨੀ ਯਾਦ ਹੁੰਦਿਆਂ ਵੀ ਕਾਪੀ ਕੱਢ ਕੇ ਉਹ ਸ਼ਬਦ ਪੜ੍ਹਦਾ ਰਹਿੰਦਾ। ਭਾਈ ਭਗਵਾਨ ਸਿੰਘ ਨੂੰ ਉਥੇ ਨਾ ਵੇਖ ਕੇ ਉਦਾਸ ਹੋ ਜਾਂਦਾ। ਉਹ ਹਾਂਗਕਾਂਗ ਜਾਣ ਦੀ ਸੋਚਣ ਲੱਗ ਪੈਂਦਾ।

ਇਕ ਦਿਨ ਕੁਝ ਬੰਦੇ ਸਿਆਮ ਤੋਂ ਪੀਨਾਂਗ ਆਏ। ਉਹ ਉਨ੍ਹਾਂ ਦੀਆਂ ਗੱਲਾਂ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦੇ ਨਾਲ ਸਿਆਮ ਨੂੰ ਤੁਰ ਪਿਆ। ਉਨ੍ਹਾਂ ਵਿਚੋਂ ਉਸਦਾ ਇਕ ਸਾਥੀ ਉਸ ਨੂੰ ਯਾਲੇ, ਤੰਜੰਮਾਸ ਤੇ ਸੁੰਗੇ ਗੋਲਕ ਤੱਕ ਲੈ ਗਿਆ। ਖੁਲ੍ਹੀਆਂ ਜ਼ਮੀਨਾਂ ਵੇਖ ਕੇ ਚੰਦਾ ਸਿੰਘ ਦਾ ਮਨ ਖਿੜ ਗਿਆ। ਉਸਦੇ ਮਨ ਵਿਚ ਜ਼ਮੀਨ ਖਰੀਦ ਕੇ ਵਾਹੀ ਕਰਨ ਦੀ ਲਾਲਸਾ ਪੈਦਾ ਹੋ ਆਈ। ਰਬੜ ਦੇ ਵੱਡੇ ਵੱਡੇ ਰੁੱਖ ਤੇ ਵੱਡੇ ਵੱਡੇ ਬਗੀਚੇ ਵੇਖ ਕੇ ਉਸਦਾ ਮਨ ਲਲਚਾ ਆਇਆ। ਦੱਖਣੀ ਸਿਆਮ ਵਿਚ ਵਸਦੇ ਆਪਣੇ ਲੋਕਾਂ ਦੇ ਕਾਰ ਵਿਹਾਰ ਵੇਖ ਕੇ ਉਸਦਾ ਮਨ ਕੀਤਾ ਕਿ ਉਹ ਵੀ ਪੀਨਾਂਗ ਛੱਡ ਕੇ ਓਧਰ ਆ ਜਾਏ। ਉਸਨੇ ਬਖਸ਼ੀਸ਼ ਸਿੰਘ ਨਾਲ ਗੱਲ ਕੀਤੀ। ਬਖਸ਼ੀਸ਼ ਸਿੰਘ ਪਹਿਲੋਂ ਹੀ ਉਸਨੂੰ ਆਪਣੇ ਲਾਗੇ ਵਸਾਉਣ ਦੀ ਸੋਚਣੀ ਸੋਚ ਚੁਕਾ ਸੀ।

ਚੰਦਾ ਸਿੰਘ ਨੇ ਪੀਨਾਂਗ ਵਾਪਸ ਆ ਕੇ ਆਪਣਾ ਲੱਤ ਪੱਤਾ ਇਕੱਠਾ ਕੀਤਾ ਤੇ ਬਖਸ਼ੀਸ਼ ਸਿੰਘ ਪਾਸ ਤੰਜੰਮਾਸ ਆ ਟਿਕਿਆ। ਹੁਣ ਉਸਨੂੰ ਯਾਲੇ ਰਹਿੰਦਿਆਂ ਚਾਰ ਸਾਲ ਹੋ ਚੁਕੇ ਸਨ। ਉਹ ਨਿੱਕੇ-ਨਿੱਕੇ ਠੇਕੇ ਲੈਂਦਾ। ਲੋਕੀਂ ਉਸਨੂੰ ਠੇਕੇਦਾਰ ਕਹਿਣ ਲੱਗ ਪਏ। ਉਹ ਇਸ ਕੰਮ ਵਿਚ ਪੈ ਕੇ ਸਿਆਮੀ ਬੋਲੀ ਬਹੁਤ ਚੰਗੀ ਬੋਲਣ ਲਗ ਪਿਆ। ਚੀਨੀ ਤੇ ਅੰਗਰੇਜ਼ੀ ਨੂੰ ਮੂੰਹ ਮਾਰ ਲੈਂਦਾ। ਮਲਾਈ ਭਾਸ਼ਾ ਤਾਂ ਉਹ ਜਾਣਦਾ ਹੀ ਸੀ।

ਯਾਲੇ ਤੋਂ ਬਾਹਰ ਵਾਰ ਉਸਦੀ ਆਪਣੀ ਰਬੜ ਦੀ ਕੁਭਣ(ਬਗੀਚਾ) ਸੀ। ਉਸ ਕੁਭਣ ਦੇ ਅਗਲੇ ਹਿਸੇ ਵਿਚ ਉਸ ਦਾ ਆਪਣਾ ਘਰ ਸੀ। ਘਰ ਦੇ ਦੋ ਕਮਰੇ ਸਨ। ਇਕ ਕਾਫੀ ਵੱਡਾ ਜਿਸ ਵਿਚ ਛੇ ਸੱਤ ਮੰਜੇ ਵਿਛੇ ਰਹਿੰਦੇ ਸਨ। ਇਕ ਬਹੁਤ ਛੋਟਾ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਵਾਸ ਸੀ।

ਉਹ ਸਵੇਰੇ ਉਠ ਕੇ ਇਸ਼ਨਾਨ ਕਰਦਾ। ਬਾਣੀ ਪੜ੍ਹਦਾ, ਮਹਾਰਾਜ ਦਾ ਪ੍ਰਕਾਸ਼ ਕਰਦਾ, ਹੁਕਮ ਲੈਂਦਾ, ਫਿਰ ਆਪਣੇ ਕੰਮ ਕਾਜ ਲੱਗ ਜਾਂਦਾ। ਉਸ ਦਾ ਸਿਮਰਨਾ ਜੇ ਉਸ ਦੇ ਹੱਥ ਵਿਚ ਨਾ ਹੁੰਦਾ ਤਾਂ ਉਸ ਦੀ ਜੇਬ ਵਿਚ ਜ਼ਰੂਰ ਹੁੰਦਾ। ਇਲਾਕੇ ਦੇ ਲੋਕ ਉਸਨੂੰ ਗੁਰਸਿਖ ਸਮਝ ਕੇ ਉਸਦਾ ਸਤਿਕਾਰ ਕਰਨ ਲੱਗ ਪਏ। ਰਾਹ ਗੁਜ਼ਰੂ ਲੋਕ, ਖਾਸ ਕਰਕੇ ਕਪੜੇ ਦੀ ਫੇਰ ਕਰਨ ਵਾਲੇ ਲੰਘਦੇ ਪਲੰਘਦੇ ਉਸ ਪਾਸ ਆ ਟਿਕਦੇ। ਉਥੇ ਗੁਰੂ ਦਾ ਲੰਗਰ ਸਦਾ ਤਿਆਰ ਰਹਿੰਦਾ। ਚੰਦਾ ਸਿੰਘ ਨੇ ਢੇਰ ਸਾਰੇ ਬਿਸਤਰੇ ਬਣਵਾ ਕੇ ਰੱਖੇ ਹੋਏ ਸਨ। ਜੇ ਸੰਗਤ ਬਹੁਤ ਹੋ ਜਾਂਦੀ ਤਾਂ ਭੁੰਜੇ ਬਿਸਤਰੇ ਕਰ ਲੈਂਦੇ।

ਜਦ ਅੰਗਰੇਜ਼ਾਂ ਤੇ ਜਰਮਨਾਂ ਦੀ ਜੰਗ ਛਿੜ ਪਈ ਤਾਂ ਚੰਦਾ ਸਿੰਘ ਦੇ ਡੇਰੇ ਆ ਕੇ ਰੁਕਣ ਵਾਲੇ ਲੋਕ, ਅੰਗਰੇਜ਼ਾਂ ਦੇ ਖਿਲਾਫ ਗੱਲਾਂ ਕਰਨ ਲੱਗ ਪਏ ਉਸ ਸਮੇਂ ਉਸਨੂੰ ਆਪਣਾ ਮਿਤਰ ਭਾਈ ਭਗਵਾਨ ਸਿੰਘ ਯਾਦ ਆਉਣ ਲੱਗ ਪੈਂਦਾ। ਉਹ ਸੋਚਦਾ ਕਿ ਉਹ ਉਡ ਕੇ ਉਸਨੂੰ ਜਾ ਮਿਲੇ ਪਰ ਉਸ ਨੇ ਉਡਦੀ-ਉਡਦੀ ਅਵਾਈ ਸੁਣੀ ਸੀ ਕਿ ਉਹ ਹਾਂਗਕਾਂਗ ਤੋਂ ਕਿਧਰੇ ਹੋਰ ਅੱਗੇ ਚਲਾ ਗਿਆ ਸੀ।

ਇਕ ਦਿਨ ਉਹ ਆਪਣੇ ਕੁਝ ਪ੍ਰਾਹੁਣਿਆਂ ਨਾਲ ਬੈਠਾ-ਬੈਠਾ ਉਠ ਖਲੋਤਾ ਤੇ ਉਸਦੇ ਮੂੰਹੋਂ ਨਿਕਲ ਗਿਆ—"ਅੱਜ ਭਾਈ ਭਗਵਾਨ ਸਿਹੁੰ ਹੋਂਦਾ ਤਾਂ ਉਹ ਸਾਰੀਆਂ ਗੱਲਾਂ ਦਸਦਾ।" ਉਸਦੇ ਪ੍ਰਾਹੁਣਿਆਂ ਵਿਚੋਂ ਇਕ ਨੇ ਪੁਛਿਆ—"ਤੁਸੀਂ ਪਿਲਾਂਗ ਵਾਲੇ ਗ੍ਰੰਥੀ ਦੀ ਗੱਲ ਕਰਦੇ ਓ ਜਿਹੜਾ ਹਾਂਗਕਾਂਗ ਤੁਰ ਗਿਆ ਸੀ ?"

ਚੰਦਾ ਸਿੰਘ ਨੇ ਉਸ ਨੌਜਵਾਨ ਸਿਖ ਵੱਲ ਭਰਵੀਂ ਨਜ਼ਰ ਸੁੱਟ ਕੇ ਹਾਂ ਵਿਚ ਸਿਰ ਹਿਲਾ ਦਿਤਾ। "ਉਹ ਤਾਂ ਕਨੇਡਾ ਪਹੁੰਚ ਗਿਆ ਸੀ। ਉਹਨੂੰ ਮੁਸਕਾਂ ਬੰਨ੍ਹ ਕੇ ਉਹਨਾਂ ਮੋੜ ਦਿਤਾ।"

"ਉਹਨਾਂ ਕਿਨ੍ਹਾਂ ?"

"ਉਥੇ ਵੀ ਫਰੰਗੀਆਂ ਦਾ ਰਾਜ ਐ। ਫਰੰਗੀਆਂ ਬੰਨ੍ਹ ਕੇ ਜਹਾਜ਼ੇ ਚਾੜ੍ਹ ਦਿਤਾ।"

(ਬਾਕੀ ਪੰਨਾ 21)

ਬਲੱਡ ਬੈਂਕ

(ਪੀ. ਟੀ. ਆਈ.) ਰਾਜਿਸਥਾਨ ਦੇ ਹਸਪਤਾਲਾਂ ਵਿਚ ਜਿੰਨਾ ਲਹੂ ਪਿੱਸੂ ਪੀ ਜਾਂਦੇ ਹਨ, ਓਨਾ ਬਲੱਡ ਬੈਂਕਾਂ ਵੱਲੋਂ ਮੁਸ਼ਕਲ ਨਾਲ ਹੀ ਇਕੱਠਾ ਹੁੰਦਾ ਹੈ.

ਇਹ ਗੱਲ ਮੈਡੀਕਲ ਕਾਲਜ ਹਸਪਤਾਲ ਦੀਹਾਲਤ ਦੀ ਘੋਖ-ਪਰਖ ਦੇ ਸਿੱਟੇ ਵਜੋਂ ਸਾਹਮਣੇ ਆਈ.

ਘੋਖ ਪਰਖ ਕਰਨ ਵਾਲਿਆਂ ਨੇ ਵੇਖਿਆ ਕਿ ਇਕ ਮਰੀਜ਼ ਦੇ ਬਿਸਤਰੇ ਉਤੇ 25 ਪਿੱਸੂ ਤੁਰੇ ਫਿਰਦੇ ਸਨ, ਜੇ ਇਹ ਪਿੱਸੂ ਇਕ ਮਰੀਜ਼ ਦਾ ਇਕ ਦਿਨ ਵਿਚ 0.05 ਮਿਲੀਲਿਟਰ ਲਹੂ ਵੀ ਪੀਂਦੇ ਹੋਣ ਤਾਂ ਉਹ ਸਾਰ ਹਸਪਤਾਲ ਵਿਚ ਦਿਨ ਵਿਚ 5 ਬੋਤਲਾਂ ਤੇ ਸਾਰੇ ਸਾਲ ਵਿਚ 1800 ਬੋਤਲਾਂ ਲਹੂ ਪੀ ਜਾਂਦੇ ਹਨ.

ਪਰ ਹਸਪਤਾਲ ਦੇ ਬਲੱਡ ਬੈਂਕ ਵਿਚ ਹਰ ਸਾਲ 2000 ਬੋਤਲਾਂ ਲਹੂ ਇਕੱਠਾ ਹੁੰਦਾ ਹੈ.

ਰਾਜ ਦੇ 190 ਹਸਪਤਾਲਾਂ ਵਿਚ ਕੁਲ 14500 ਬਿਸਤਰਿਆਂ ਦਾ ਪ੍ਰਬੰਧ ਹੈ ਤੇ ਇਹਨਾਂ ਵਿਚ 15000 ਬੋਤਲਾਂ ਲਹੂ ਪਿੱਸੂਆਂ ਦੀ ਭੇਂਟ ਹੋ ਜਾਂਦਾ ਹੈ.

ਸਮਾਜੀ-ਆਰਥਕ ਤਬਦੀਲੀਆਂ ਦਾ ਪ੍ਰਭਾਵ

ਭੀਸ਼ਮ ਸਾਹਨੀ

ਮੈਂ ਸਮਾਜੀ-ਆਰਥਕ ਮਾਮਲਿਆਂ ਦਾ ਮਾਹਰ ਨਹੀਂ, ਪਰ ਆਪਣੇ ਰੋਜ਼ਾਨਾ ਤਜਰਬੇ ਅਤੇ ਨਿਰੀਖਣ ਸਦਕਾ ਮੈਂ ਇਹ ਜਾਣਦਾ ਹਾਂ ਕਿ ਸਮਾਜੀ-ਆਰਥਕ ਪਿੜ ਵਿਚ ਕਈ ਵਡੀਆਂ ਤਬਦੀਲੀਆਂ ਹੋਈਆਂ ਹਨ, ਅਤੇ ਇਨ੍ਹਾਂ ਤਬਦੀਲੀਆਂ ਨੇ, ਆਪਣੀ ਵਾਰੀ, ਸਾਡੇ ਸਮਾਜਕ ਜੀਵਨ ਨੂੰ ਅਤੇ ਸਾਡੀਆਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਵੀ ਪ੍ਰਭਾਵਤ ਕੀਤਾ ਹੈ।

ਕੀਮਤਾਂ ਅਸਮਾਨੇ ਚੜ੍ਹ ਗਈਆਂ ਹਨ। ਨੰਬਰ ਦੋ ਧਨ — ਕਾਲੇ ਧਨ ਨੂੰ ਇਹ ਸਤਿਕਾਰ ਯੋਗ ਨਾਂ ਦਿਤਾ ਗਿਆ ਹੈ — ਤੇਜ਼ੀ ਨਾਲ, ਸਾਡੇ ਸਮਾਜੀ-ਆਰਥਕ ਜੀਵਨ ਦੇ ਤਲ ਹੇਠਾਂ, ਇਕ ਵਿਸ਼ਾਲ ਸਾਗਰ ਦਾ ਰੂਪ ਧਾਰਨ ਕਰ ਰਿਹਾ ਹੈ, ਅਤੇ ਹਰ ਕਾਰੋਬਾਰ, ਹਰ ਲੈਣ ਦੇਣ, ਹਰ ਸੌਦੇ ਤੇ ਹਰ ਕਾਰਜ ਉਤੇ ਆਪਣਾ ਅਸਰ ਪਾ ਰਿਹਾ ਹੈ। ਇਹਦੇ ਨਾਲ ਨਾਲ ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਨੇ ਸਿਰ ਚੁਕ ਰਖਿਆ ਹੈ। ਵੀਹ ਸਾਲ ਪਹਿਲਾਂ, ਰਿਸ਼ਵਤ ਦਿਤੇ ਬਿਨਾਂ ਕਈ ਕੰਮ ਕਰਵਾਏ ਜਾ ਸਕਦੇ ਸਨ; ਪਰ ਹੁਣ ਕਿਸੇ ਨਾ ਕਿਸੇ ਨੂੰ ਕੁਝ ਦਿਤੇ ਬਿਨਾਂ, ਅਸੀਂ ਆਪਣੇ ਬੱਚੇ ਨੂੰ ਵੀ ਸਕੂਲ ਦਾਖਲ ਨਹੀਂ ਕਰਵਾ ਸਕਦੇ। ਗੈਰ-ਕਾਨੂੰਨੀ ਹੇਰਾ-ਫੇਰੀ ਇਸ ਹੱਦ ਤਕ ਵਧ ਚੁਕੀ ਹੋਈ ਹੈ ਕਿ ਜੇ ਤੁਹਾਡੇ ਬੋਝੇ ਵਿਚ ਪੈਸਾ ਹੈ, ਤੁਸੀਂ ਸਭ ਕੁਝ ਕਰਵਾ ਸਕਦੇ ਹੋ, ਜੀਹਨੂੰ ਚਾਹੋ ਖ਼ਰੀਦ ਸਕਦੇ ਹੋ। ਸਾਡੇ ਸਮਾਜ ਵਿਚ, ਖ਼ਾਸ ਤੌਰ ਤੇ ਉਪਰਲੀ ਪਰਤ ਵਿਚ, ਇਕ ਤਰ੍ਹਾਂ ਦਾ ਧਨ-ਸਭਿਆਚਾਰ (ਮਨੀ-ਕਲਚਰ) ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਸਾਡੇ ਸਮਾਜ ਦੇ ਉਪਰਲੇ ਹਲਕਿਆਂ ਵਿਚ ਸਾਨੂੰ ਹਰ ਸਮੇਂ ਦੂਜੇ ਦੇਸਾਂ ਦੇ ਸੈਲ-ਸਪਾਟੇ, ਹੀਰੇ ਜਵਾਹਰਾਤ, ਫ਼ਾਈਵ-ਸਟਾਰ, ਹੋਟਲਾਂ ਵੀਡੀਓ-ਫ਼ਿਲਮਾਂ, ਨਵੇਂ ਤੋਂ ਨਵੇਂ ਗੈਜਟਾਂ ਦੀਆਂ ਗੱਲਾਂ ਸੁਣੀਂਦੀਆਂ ਹਨ — ਉਪਭੋਗਤਾ ਤੇਜ਼ੀ ਨਾਲ ਫੈਲ ਰਹੀ ਹੈ ਅਤੇ ਇਹਦੇ ਨਾਲ ਹੀ ਅਸੀਂ ਇਹ ਵੀ ਸੁਣਦੇ ਹਾਂ ਕਿ ਕਾਨੂੰਨ ਦਾ ਜਾਂ ਲੋਕ-ਰਾਏ ਦਾ ਰੋਕ ਪਾਉਣ ਵਾਲਾ, ਅਰਥਾਤ, ਨਿਯੰਤਰਣ ਵਿਚ ਰਖਣ ਵਾਲਾ ਹੱਥ ਸਦਾ-ਵਧੇਰੇ ਕਮਜ਼ੋਰ ਤੇ ਨਿਰਬਲ ਹੁੰਦਾ ਜਾ ਰਿਹਾ ਹੈ।

ਇਕ ਬੇਕਿਰਕ, ਬੇਰਹਿਮੀ, ਨਿਰਦਈ, ਅ-ਨਿੱਜੀ ਤੇ ਸਵਾਰਥੀ ਵਾਤਾਵਰਨ ਪੈਦਾ ਕੀਤਾ ਜਾ ਚੁਕਿਆ ਹੈ ਜਿਸ ਵਿਚ ਜਨਤਕ ਜੀਵਨ ਤੇ ਸਮਾਜਕ ਵਰਤਾਉ ਦੇ ਪੁਰਾਣੇ ਮਾਪ ਤੇ ਕਸਵਟੀਆਂ ਕਿਤੇ ਖੰਭ ਲਾ ਕੇ ਉਡ ਗਏ ਹਨ। ਇਕ ਤਰ੍ਹਾਂ ਦੇ ਬੇਬਾਕ ਤੇ ਸਿਰਲਥ ਕਿਸਮ ਦੇ ਵਾ-ਮੰਡਲ ਦੀ ਰਚਨਾ ਹੋ ਚੁਕੀ ਹੈ ਜਿਸ ਵਿਚ ਕਾਨੂੰਨ ਦੀ ਵੀ ਤੇ ਲੋਕ-ਰਾਏ ਦੀ ਵੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ ਅਤੇ ਸਜ਼ਾ ਮਿਲਣ ਦੇ ਕਿਸੇ ਵੀ ਡਰ ਬਿਨਾਂ ਇਨ੍ਹਾਂ ਦੀ ਮਿੱਟੀ ਪਲੀਤ ਕੀਤੀ ਜਾਂਦੀ ਹੈ। ਇਹ ਸਬੱਬੀ ਗੱਲ ਨਹੀਂ ਕਿ ਇਨ੍ਹੀਂ ਦਿਨੀਂ ਹੁੰਦੇ ਜੁਰਮਾਂ ਵਿਚੋਂ ਅਨੇਕਾਂ ਅਪਰਾਧ, ਜਿਵੇਂ ਕਿ ਬੈਂਕ ਲੁਟਣਾ ਅਤੇ ਸੜਕਾਂ ਉਤੇ ਧਾੜੇ, ਰੱਜੇ-ਪੁੱਜੇ ਪਰਵਾਰਾਂ ਦੇ ਨੌਜਵਾਨਾਂ ਦੇ ਕਾਰੇ ਹਨ। ਬਲਾਤਕਾਰ ਅਤੇ ਹਿੰਸਕ ਉਪਦਰਾਂ ਵਿਚ ਵਾਧਾ ਵੀ ਸਬੱਬੀ ਨਹੀਂ। ਉਹ ਵੀ ਵੇਲੇ ਸਨ ਜਦੋਂ ਸਾਡੇ ਸਮਾਜ ਵਿਚ ਆਦਰਸ਼ਵਾਦੀ ਰੁਚੀਆਂ ਪਾਈਆਂ ਜਾਂਦੀਆਂ ਸਨ, ਇਖ਼ਲਾਕੀ ਕਦਰਾਂ ਨੂੰ ਨਿਵਾਜਿਆ ਜਾਂਦਾ ਸੀ, ਮਨੋਰਥਾਂ ਤੇ ਇਨ੍ਹਾਂ ਦੀ ਪ੍ਰਾਪਤੀ ਲਈ ਸਾਧਨਾਂ, ਸੱਚ ਅਤੇ ਅਹਿੰਸਾ ਵਰਗੇ ਅਸੂਲਾਂ ਨੂੰ ਉਚੇਰੀ ਮਹੱਤਾ ਦਿਤੀ ਜਾਂਦੀ ਸੀ। ਪਰ ਉਹ ਵੇਲੇ ਕਿਤੇ ਉਡ-ਪੁਡ ਗਏ ਹਨ; ਇਥੋਂ ਤਕ ਕਿ ਇਨ੍ਹਾਂ ਦੇ ਜ਼ਿਕਰ ਤਕ ਨੂੰ ਵੀ ਵਾਧੂ ਅਤੇ ਬਿਅਰਥ ਸਮਝਿਆ ਜਾਣ ਲਗ ਪਿਆ ਹੈ।

ਇਹ ਦਲੀਲ ਅਕਸਰ ਦਿਤੀ ਜਾਂਦੀ ਹੈ ਕਿ ਸਮਾਜ ਖਲੋਤਾ ਨਹੀਂ ਰਹਿ ਸਕਦਾ ਜਿਸ ਕਰ ਕੇ ਕੁਝ ਤਬਦੀਲੀਆਂ ਤਾਂ ਹੋਣੀਆਂ ਹੀ ਸਨ, ਅਤੇ ਇਹ ਗੱਲ ਭੁਲਣੀ ਨਹੀਂ ਚਾਹੀਦੀ ਕਿ ਅਸਾਂ ਅਧ-ਜਾਗੀਰੂ ਬੀਤੇ ਤੋਂ ਚੱਲ ਕੇ ਸਨਅਤ ਅਤੇ ਟੈਕਨਾਲੋਜੀ ਦੇ ਨਵੇਂ ਜੁਗ ਵਿਚ ਪ੍ਰਵੇਸ਼ ਕਰਨਾ ਸੀ, ਅਤੇ ਇਸ ਤਰ੍ਹਾਂ ਦਾ ਪਰੀਵਰਤਨ ਕਦੇ ਵੀ ਸਵਾਹਰਾ ਨਹੀਂ ਹੁੰਦਾ। ਪਰ ਤਬਦੀਲੀ ਦੇ ਇਸ ਕਿਸਮ ਦੇ ਅਮਲ ਵਿਚ ਤੁਸੀਂ ਗਲਤ ਦਿਸ਼ਾ ਵਿਚ ਚੱਲਣ ਲਗ ਪਵੋ ਅਤੇ ਸਮਾਜਕ ਜੀਵਨ ਉਤੇ ਮਨਫ਼ੀ ਪਰਭਾਵ ਪੈਣ ਲਗੇ ਅਤੇ ਦੁੱਖ ਕਲੇਸ਼ ਵਧ ਜਾਣ, ਤਾਂ ਏਸ ਅਮਲ ਬਾਰੇ ਹੀ ਸੋਚਣ ਉਤੇ ਮਜਬੂਰ ਹੋਣਾ ਪੈਂਦਾ ਹੈ। ਜੇ ਦਾਜ ਕਾਰਨ ਨਵੀਂ-ਵਿਆਹੀ ਲਾੜੀ ਨੂੰ ਸੜ ਮਰਨ ਉਤੇ ਮਜਬੂਰ ਹੋਣਾ ਪੈਂਦਾ ਹੈ, ਜੇ ਰਾਜਸੀ ਆਗੂਆਂ ਦੇ ਪੁੱਤਰ ਜਿਥੇ ਤੇ ਜਦੋਂ ਮਰਜ਼ੀ ਪਸਤੌਲ ਚਲਾ ਦਿੰਦੇ ਹਨ, ਧਾੜੇ ਮਾਰਨ ਲੱਗਦੇ ਹਨ, ਤਾਂ ਇਹ ਨਹੀਂ ਮੰਨਿਆਂ ਜਾ ਸਕਦਾ ਕਿ ਇਹ ਸਭ ਕੁਝ ਪਰੀਵਰਤਨ ਤੇ ਤਬਦੀਲੀ ਦੀ ਕੀਮਤ ਹੈ ਜਿਸ ਤੋਂ ਬਚਿਆ ਨਹੀਂ ਜਾ ਸਕਦਾ!

ਭਾਵੇਂ ਦਾਜ ਲੈਣ ਦੇ ਸਿਲਸਿਲੇ ਵਿਚ ਦਬਾਉ ਦਾ ਮਾਮਲਾ ਹੈ ਭਾਵੇਂ ਹਰੀਜਨਾਂ ਨੂੰ ਤਾਕਤ ਦੇ ਜ਼ੋਰ ਆਪਣੀ ਆਗਿਆ ਵਿਚ ਰਖਣ ਦਾ, ਜਿੰਨਾ ਜਬਰ ਤੇ ਧਿੰਙਾਣਾ ਅੱਜ ਪਾਇਆ ਜਾਂਦਾ ਹੈ, ਓਡਾ ਪਹਿਲਾਂ ਕਦੇ ਨਹੀਂ ਸੀ ਪਾਇਆ ਜਾਂਦਾ। ਅੱਜ ਉਸ ਲੋਕ-ਰਾਏ ਨੂੰ ਉੱਕਾ ਹੀ ਗੌਲਿਆ ਨਹੀਂ ਜਾਂਦਾ ਜਿਹੜੀ ਬੀਤੇ ਵਿਚ ਰੋਕ ਪਾਉਣ ਦਾ ਕੰਮ ਕਰਦੀ ਸੀ। ਕੋਈ ਕੀ ਆਖੇਗਾ, ਲੋਕ ਕੀ ਸੋਚਣਗੇ, ਇਸ ਨੂੰ ਟਿਚ ਜਾਣਿਆਂ ਜਾਂਦਾ ਹੈ। ਮੇਰਾ ਇਕ ਦੂਰ ਦੇ ਨਾਤਿਉਂ ਰਿਸ਼ਤੇਦਾਰ ਹੈ ਜੀਹਨੇ ਆਪਣੀ ਬੀਮਾਰ ਤੇ ਬੁੱਢੀ ਮਾਂ ਤੋਂ ਛੁਟਕਾਰਾ ਪਾਉਣ ਲਈ ਉਹਨੂੰ ਕਿਹਾ ਕਿ ਡਾਕਟਰ ਕੋਲ ਜਾਣ ਲਈ ਤਿਆਰ ਹੋ ਜਾਵੇ। ਪਰ ਉਹ ਮਾਂ ਨੂੰ ਡਾਕਟਰ ਕੋਲ ਲਿਜਾਣ ਦੀ ਥਾਂ ਆਪਣੇ ਭਰਾ ਦੇ ਘਰ ਲੈ ਗਿਆ ਤੇ ਇਹ ਆਖ ਉਹਨੂੰ ਦਲ੍ਹੀਜ਼ਾਂ ਉਤੇ ਹੀ ਛਡ ਆਇਆ, "ਵੇਖ ਮਾਂ, ਮੈਂ ਤੇਰੀ ਬੜਾ ਚਿਰ ਦੇਖਭਾਲ ਕੀਤੀ ਹੈ, ਸੋ ਹੁਣ ਤੇਰੇ ਦੂਜੇ ਪੁੱਤ ਨੂੰ ਤੇਰੀ ਦੇਖਭਾਲ ਕਰਨੀ ਚਾਹੀਦੀ ਹੈ।" ਇਹ ਆਖ ਉਹ ਆਪਣੇ ਭਰਾ ਦੇ ਮਕਾਨ ਦੇ ਬੂਹੇ ਉਤੇ ਲਗੀ ਘੰਟੀ ਵਜਾਏ ਬਿਨਾਂ ਹੀ ਵਾਪਸ ਚਲਿਆ ਗਿਆ। ਇਸ ਤਰ੍ਹਾਂ ਦੀਆਂ ਘਟਨਾਵਾਂ, ਸ਼ਾਇਦ, ਬੀਤੇ ਵਿਚ ਵੀ ਹੁੰਦਿਆਂ ਹੋਣਗੀਆਂ, ਪਰ ਅੱਜ ਇਹ ਬਹੁਤ ਵਡੇਰੇ ਪੈਮਾਨੇ ਉਤੇ ਹੋ ਰਹੀਆਂ ਹਨ ਅਤੇ ਦੁੱਖ ਦੀ ਗੱਲ ਹੈ ਕਿ ਇਹ ਸਾਡੇ ਜੀਵਨ-ਢੰਗ ਦਾ ਅੰਗ ਬਣ ਰਹੀਆਂ ਹਨ।

ਸਮਾਜੀ-ਆਰਥਕ ਤਬਦੀਲੀਆਂ ਨੇ ਸਾਡੇ ਸਭਿਆ-ਚਾਰਕ ਕਾਰਜਾਂ ਨੂੰ, ਸਾਡੀਆਂ ਰਚਣੇਈ ਸਰਗਰਮੀਆਂ ਦੇ ਪਿੜ ਨੂੰ, ਸਾਡੀ ਫ਼ਿਲਮਸਾਜ਼ੀ, ਸਾਡੇ ਸਾਹਿਤ, ਸਾਡੇ ਸੰਗੀਤ ਤੇ ਚਿਤਰਕਲਾ, ਆਦਿ, ਨੂੰ ਕਿਵੇਂ ਪ੍ਰਭਾਵਤ ਕੀਤਾ ਹੈ? ਇਸ ਖੇਤਰ ਵਿਚ ਵੀ ਧਨ (Big money) ਆਪਣਾ ਜਲਵਾ ਵਿਖਾ ਰਿਹਾ ਹੈ, ਆਪਣੇ ਨਾਲ ਨਵੇਂ ਸੰਕਲਪਾਂ, ਨਵੇਂ ਦ੍ਰਿਸ਼ਟੀਕੋਣਾਂ ਅਤੇ ਨਵੇਂ ਵਤੀਰਿਆਂ ਨੂੰ ਜਨਮ ਦੇ ਰਿਹਾ ਹੈ। ਪਹਿਲੀਆਂ ਵਿਚ ਕਲਾ ਤੇ ਸਭਿਆਚਾਰ ਪੈਸੇ ਦੇ ਗ਼ਲਬੇ ਤੋਂ ਕਿਸੇ ਹਦ ਤਕ ਜ਼ਰੂਰ ਆਜ਼ਾਦ ਸਨ, ਪਰ ਅੱਜ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ।

ਫ਼ਿਲਮਾਂ ਨੂੰ ਹੀ ਵੇਖੋ। ਫ਼ਿਲਮਾਂ ਸਾਡੇ ਸਭਿਆਚਾਰਕ ਦਿਲ-ਪਰਚਾਵੇ ਦਾ ਅੱਤ ਲੋਕ-ਪ੍ਰਿਆ ਸਾਧਨ ਹਨ। ਪਰ ਹੁਣ ਸਾਡੀਆਂ ਫ਼ਿਲਮਾਂ, ਪਹਿਲਾਂ ਦੇ ਟਾਕਰੇ ਉਤੇ, ਕਿਤੇ ਵਧੇਰੇ ਠਾਠਦਾਰ ਤੇ ਨਜ਼ਰ-ਫ਼ਰੇਬ ਬਣ ਗਈਆਂ ਹੋਈਆਂ ਹਨ। ਅੱਜ ਇਕ ਔਸਤ ਤਿਜਾਰਤੀ ਫ਼ਿਲਮ ਬਣਾਉਣ ਉਤੇ ਕਰੋੜਾਂ ਰੁਪਏ ਖ਼ਰਚ ਆਉਂਦੇ ਹਨ, ਅਤੇ ਲਗੇ ਹੋਏ ਧਨ ਦੀ ਯਕੀਨੀ ਵਾਪਸੀ ਲਈ ਫ਼ਿਲਮ ਵਿਚ ਦਿਲਪਰਚਾਵੇ ਲਈ ਬਹੁਤ ਕੁਝ ਭਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ — ਸ਼ਾਨਦਾਰ ਤੇ ਧੜਵੈਲ ਸੈੱਟ, ਠਾਠਦਾਰ ਦ੍ਰਿਸ਼, ਸਮੂਹ ਨਾਚ ਜਿਨ੍ਹਾਂ ਵਿਚ ਕਈ ਕਈ ਸੌ ਨ੍ਰਿਤਕਾਰ ਸ਼ਾਮਿਲ ਹੁੰਦੇ ਹਨ, ਬੜਾ ਹੀ ਵਡਾ ਆਰਕੈਸਟਰਾ, ਪਹਾੜੀ ਸਥਾਨਾਂ ਤੇ ਜਾਂ ਪਰਦੇਸਾਂ ਵਿਚ ਜਾ ਕੇ ਫ਼ਿਲਮਾਏ ਵਿਚਿਤਰ ਧਰਤ-ਦ੍ਰਿਸ਼, ਝੁਣਝੁਣੀ ਛੇੜਨ ਤੇ ਗੁਦਗੁਦਾਉਣ ਵਾਲਾ ਮਸਾਲਾ — ਨਾ-ਹੋਣ ਬਰਾਬਰ ਬਰੀਕ ਲਿਬਾਸ ਵਿਚ ਮਲਬੂਸ ਤੀਵੀਆਂ ਦੇ ਭੜਕਾਊ ਅੰਦਾਜ਼ ਤੇ ਉਕਸਾਊ ਅਦਾਵਾਂ — ਅਤੇ ਸਨਸਨੀ-ਖੇਜ਼ ਵਾਕਿਆਤ, ਮੁਕਾਬਾਜ਼ੀ, ਸਿਪਰਲੀ ਰਫ਼ਤਾਰ ਨਾਲ ਦੌੜਦੀਆਂ ਕਾਰਾਂ, ਆਦਿ, ਅਤੇ ਮਾਰਕੁਟਾਈ ਤੇ ਅਪਰਾਧ, ਆਦਿ। ਪਰ ਸਭ ਤੋਂ ਵਡੀ ਤੇ ਧਿਆਨ-ਯੋਗ ਤਬਦੀਲੀ ਨਵੇਂ ਹੀਰੋ ਦੇ ਰੂਪ ਵਿਚ ਹੋਈ ਹੈ। ਪਹਿਲੀਆਂ ਫ਼ਿਲਮਾਂ ਵਿਚ ਹੀਰੋ ਨੂੰ ਰੋਮਾਂਟਿਕ ਤੇ ਆਦਰਸ਼ ਰੂਪ ਵਿਚ ਪੇਸ਼ ਕੀਤਾ ਜਾਂਦਾ ਸੀ ਪਰ ਬੁਨਿਆਦੀ ਤੌਰ ਉਤੇ ਉਹ ਰਵਾਇਤੀ ਨੇਕ ਬੰਦਾ ਹੁੰਦਾ ਸੀ। ਪਰ ਹੁਣ ਵਾਲਾ ਹੀਰੋ ਚਲਦਾ ਪੁਰਜ਼ਾ ਅਤੇ ਮਾੜੀ ਕਿਸਮ ਦਾ ਮਨੁੱਖ ਹੈ ਜਿਸ ਦਾ ਕੋਈ ਧਰਮ ਈਮਾਨ ਨਹੀਂ, ਉਹ ਭਾੜੇ ਦੇ ਬਦਮਾਸ਼ ਵਰਗਾ ਹੈ ਜਿਹੜਾ ਆਪਣਾ ਨਿਸ਼ਾਨਾ ਫੁੰਡਣ ਲਈ ਸਭ ਕੁਝ ਕਰ ਗੁਜ਼ਰਨ ਲਈ ਤਿਆਰ ਹੈ। ਸਾਡੀਆਂ ਫ਼ਿਲਮਾਂ ਵਿਚ ਇਸ ਕਿਸਮ ਦਾ ਹੀਰੋ ਪ੍ਰਗਟਿਆ ਹੈ, ਉਂਜ ਭਾਵੇਂ ਸਾਡੀਆਂ ਫ਼ਿਲਮੀ ਕਹਾਣੀਆਂ ਦਾ ਚੌਖਠਾ ਆਮ ਤੌਰ ਤੇ ਪਹਿਲਾਂ ਵਾਲਾ ਹੀ ਹੈ।

ਪੁਸਤਕਾਂ ਦੇ ਖੇਤਰ ਵਿਚ ਵੀ ਸਮਾਜੀ-ਆਰਥਕ ਤਬਦੀਲੀਆਂ ਨੇ ਆਪਣਾ ਰੰਗ ਵਿਖਾਇਆ ਹੈ। ਇਥੇ ਇਹ ਵੀ ਦੱਸ ਦੇਈਏ ਕਿ ਸਾਡੀ ਸਿਰਫ਼ ਦੋ ਫ਼ੀ ਸਦੀ ਵਸੋਂ ਇਸ ਖੇਤਰ ਨਾਲ ਸੰਬੰਧਤ ਹੈ, ਅਤੇ ਇਸ ਦੋ ਫ਼ੀ ਸਦੀ ਵਿਚ ਲੇਖਕ ਤੇ ਪਾਠਕ ਅਤੇ ਬੁਧੀਜੀਵੀ ਸ਼ਾਮਿਲ ਹਨ। ਸਾਡੇ ਲੋਕ ਬਹੁਤਾ ਰਸਾਲੇ ਤੇ ਅਖ਼ਬਾਰਾਂ ਹੀ ਪੜ੍ਹਦੇ ਹਨ। ਕਿਤਾਬਾਂ ਪੜ੍ਹਨ ਵਾਲਿਆਂ ਦੀ ਗਿਣਤੀ ਬਹੁਤ ਹੀ ਘਟ ਹੈ, ਤੇ ਇਨ੍ਹਾਂ ਵਿਚੋਂ ਵੀ ਬਹੁਤੇ ਹਲਕਾ ਫੁਲਕਾ ਸਾਹਿਤ ਪੜ੍ਹਦੇ ਹਨ ਜਿਵੇਂ ਕਿ ਜਾਸੂਸੀ ਨਾਵਲ। ਅਸੀਂ ਵੇਖਦੇ ਹਾਂ ਪੁਸਤਕ-ਮੰਡੀਆਂ ਜੁਰਮ ਅਤੇ ਖ਼ਤਰਾ ਸਹੇੜਨ ਵਾਲੇ ਕਥਾ-ਸਾਹਿਤ ਨਾਲ ਭਰੀਆਂ ਪਈਆਂ ਹਨ। ਗੰਭੀਰ ਸਾਹਿਤ ਵਿਚ ਦਿਲਚਸਪੀ ਮਮੂਲੀ ਜੇਹੀ ਹੀ ਵਧੀ ਹੈ, ਕਿਉਂਜੁ ਅਸੀਂ ਵੇਖਦੇ ਹਾਂ, ਹਿੰਦੀ ਵਿਚ 2,000 ਕਾਪੀਆਂ ਦੀ ਐਡੀਸ਼ਨ ਕਈ ਸਾਲਾਂ ਵਿਚ ਵਿਕਦੀ ਹੈ। ਪੁਸਤਕ ਤੇਜ਼ੀ ਨਾਲ ਜਿਨਸ ਬਣਦੀ ਜਾ ਰਹੀ ਹੈ ਅਤੇ ਪੁਸਤਕ-ਕਾਰੋਬਾਰ ਦਾ ਟੀਚਾ ਮੁਨਾਫ਼ਾ ਹੀ ਰਹਿ ਗਿਆ ਹੈ। ਸਾਹਿਤਕ ਪੁਸਤਕਾਂ ਦੀਆਂ ਕੀਮਤਾਂ ਵੀ ਟੀਸੀ ਛੋਹ ਰਹੀਆਂ ਹਨ — ਹਿੰਦੀ ਨਾਵਲ ਪੰਜਾਹ ਸੱਠ ਰੁਪਏ ਵਿਚ ਮਿਲਦਾ ਹੈ, ਅਤੇ ਪ੍ਰਕਾਸ਼ਕ ਨੇ ਯੂਨੀਵਰਸਿਟੀ ਲਾਇਬਰੇਰੀਆਂ, ਅਕਾਦਮੀਆਂ, ਆਦਿ, ਨੂੰ ਹੀ ਆਪਣੇ ਮੁਖ ਗਾਹਕਾਂ ਵਜੋਂ ਸਾਹਮਣੇ ਰਖਿਆ ਹੋਇਆ ਹੈ, ਅਤੇ ਇਸੇ ਕਾਰਨ ਉਹਨੂੰ ਸਾਧਾਰਨ ਖ਼ਰੀਦਾਰ ਦੀ ਕੋਈ ਪਰਵਾਹ ਨਹੀਂ।

ਨਾਲੇ, ਮੁਦਰਾ-ਮੰਡੀ ਦਾ ਸਾਹਿਤਕ ਰੁਚੀ ਉਤੇ ਅਤੇ ਪ੍ਰਕਾਸ਼ਤ ਹੋਣ ਵਾਲੇ ਸਾਹਿਤ ਉਤੇ ਖ਼ੁਦ ਆਪਣਾ ਪ੍ਰਭਾਵ ਪੈਂਦਾ ਹੈ। ਕਿਸੇ ਲੇਖਕ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਉਹਦੀ ਆਜ਼ਾਦੀ ਖ਼ਤਰੇ ਵਿਚ ਹੈ, ਜਾਂ ਇਹ ਕਿ ਮੁਦਰਾ-ਮੰਡੀ ਦੇ ਆਦੇਸ਼ ਉਹਦੀ ਰਚਣੇਈ ਘਾਲਣਾ ਵਿਚ ਦਖ਼ਲ ਦੇ ਰਹੇ ਹਨ, ਪਰ ਇਕ ਖ਼ਾਸ ਤਰ੍ਹਾਂ ਦੀ ਲਿਖਤ ਵਧੇਰੇ ਕਮਾਈ ਵਾਲੀ ਹੈ, ਜਿਸ ਕਰਕੇ ਲੇਖਕ ਉਸ ਤਰ੍ਹਾਂ ਦੀ ਲਿਖਤ ਲਈ ਪ੍ਰੇਰਿਆ ਜਾਂਦਾ ਹੈ। ਪਿਛੇ ਜਿਹੇ ਤੋਂ ਲੇਖਕਾਂ ਵਿਚ ਇਕਬਾਲੀ ਸਾਹਿਤ ਲਿਖਣ ਦੀ ਰੁਚੀ ਵਧਦੀ ਵੇਖੀ ਗਈ ਹੈ। ਸਾਹਿਤ ਦੀ ਇਸ ਵੰਨਗੀ ਵਿਚ ਸਾਹਿਤਕਾਰ ਆਪਣੇ ਜੀਵਨ ਤਜਰਬੇ ਬਿਨਾਂ ਲਗ-ਲਬੇੜ ਦੇ, ਨਿਝੱਕ ਹੋ ਕੇ, ਕਿਸੇ ਕਿਸਮ ਦੇ ਬੰਧੇਜ ਤੇ ਰੋਕ ਦੀ ਪਰਵਾਹ ਕੀਤੇ ਬਿਨਾਂ, ਖੁਲ੍ਹਮ-ਖੁਲ੍ਹਾ ਬਿਆਨ ਕਰਦਾ ਹੈ ਤੇ ਇਸ ਤਜਰਬੇ ਵਿਚ ਉਹਦਾ ਲਿੰਗ-ਤਜਰਬਾ ਵੀ ਸ਼ਾਮਿਲ ਹੁੰਦਾ ਹੈ।

ਸਾਡੇ ਸਾਹਿਤ ਵਿਚ ਅਜੇ ਤਕ ਬਹੁਤਾ ਲਿੰਗ-ਸਾਹਿਤ ਨਹੀਂ ਰਚਿਆ ਗਿਆ, ਜਿਸ ਦਾ ਕਾਰਨ ਵਡੀ ਹਦ ਤਕ ਸਾਡੇ ਮਧ-ਵਰਗ ਦਾ ਬਣਾਉਟੀ ਲੱਜਾ ਵਾਲਾ ਵਤੀਰਾ, ਅਤੇ ਇਕ ਹਦ ਤਕ ਇਹ ਯਕੀਨ ਵੀ ਹੈ ਕਿ ਲਿੰਗ-ਸੰਬੰਧ ਹੀ ਸਭ ਕੁਝ ਨਹੀਂ ਹਨ, ਕਿ ਸਾਹਿਤ ਦੀ ਵਿਸ਼ਾਲਤਾ ਕਿਤੇ ਵਧੇਰੀ ਕਿਤੇ ਉਚੇਰੀ ਹੈ। ਪਰ ਪਿਛੇ ਜਿਹੇ ਤੋਂ ਪੁਰਾਣੀਆਂ ਬੰਦਸ਼ਾਂ ਟੁੱਟੀਆਂ ਹਨ ਅਤੇ ਕੁਝ ਹਲਕਿਆਂ ਵਿਚ ਇਨ੍ਹਾਂ ਨੂੰ ਬਦਲੇ ਦੀ ਭਾਵਨਾ ਨਾਲ ਤੋੜਿਆ ਗਿਆ ਹੈ। ਇਸ ਕਿਸਮ ਦੀ ਸਾਹਿਤਕ ਰਚਨਾ ਬਾਰੇ ਇਕ ਸਿਧਾਂਤ ਹੀ ਨਹੀਂ ਸਗੋਂ ਇਕ ਫ਼ਲਸਫ਼ਾ ਘੜ ਲਿਆ ਗਿਆ ਹੈ, ਅਤੇ ਇਹਨੂੰ ਆਧੁਨਿਕ ਸੰਵੇਦਨਸ਼ੀਲਤਾ ਦਾ ਸੂਚਕ ਦਸਿਆ ਗਿਆ ਹੈ ਜਿਹੜੀ, ਇਕ ਪਾਸੇ, ਲਿੰਗ-ਸਮਸਿਆ ਵੱਲ ਨਮੋਸ਼ੀ ਵਾਲੀ ਪਹੁੰਚ ਤੋਂ ਮੁਕਤ ਹੁੰਦੀ ਹੈ ਅਤੇ, ਦੂਜੇ ਪਾਸੇ, ਨਿਝੱਕ ਤਰ੍ਹਾਂ ਬੇਫ਼ਿਕਰ ਤੌਰ ਤੇ ਸਾਫ਼-ਗੋਈ ਵਾਲੀ ਤੇ ਯਥਾਰਥਕ, ਆਦਿ, ਹੁੰਦੀ ਹੈ। ਤੇ ਹਾਂ, ਇਹ ਗੱਲ ਜ਼ਰੂਰ ਪੱਕੀ ਹੈ ਕਿ ਇਸ ਕਿਸਮ ਦਾ ਸਾਹਿਤ ਖੱਟੀ ਜ਼ਰੂਰ ਕਰਵਾਂਦਾ ਹੈ। ਇਸ ਦੀ ਇਕ ਐਡੀਸ਼ਨ ਮੁਕਦੀ ਹੈ ਤੇ ਦੂਜੀ ਛਪ ਜਾਂਦੀ ਹੈ, ਤੇ ਇਸ ਤਰ੍ਹਾਂ ਪ੍ਰਕਾਸ਼ਕ ਨੂੰ ਤਕੜਾ ਮੁਨਾਫ਼ਾ ਹੁੰਦਾ ਹੈ। ਇਸ ਤਰ੍ਹਾਂ ਦੀ ਇਕ ਕਿਤਾਬ ਦਾ ਲੇਖਕ ਜੀਹਨੇ ਪਿਛੇ ਜਿਹੇ ਅੰਗਰੇਜ਼ੀ ਵਿਚ ਲਿਖਣ ਦਾ ਕਦਮ ਪੁਟਿਆ ਹੈ, ਇਹ ਵੇਖ ਕੇ ਖ਼ੁਸ਼ ਸੀ ਕਿ ਉਹਦੀ ਪੁਸਤਕ ਚਰਚਾ ਦਾ ਵਿਸ਼ਾ ਬਣੀ ਹੋਈ ਹੈ, ਅਤੇ ਇਕ ਸਾਲ ਦੇ ਅੰਦਰ-ਅੰਦਰ ਦੋ ਐਡੀਸ਼ਨਾਂ ਵਿਕ ਚੁਕੀਆਂ ਹਨ ਅਤੇ ਤੀਜੀ ਛਪ ਰਹੀ ਹੈ। ਉਹਨੇ ਇਕ ਆਧੁਨਿਕ ਲੇਖਕ ਵਜੋਂ ਜ਼ਿੰਦਗੀ ਬਾਰੇ ਆਪਣੇ ਦ੍ਰਿਸ਼ਟੀਕੋਣ ਤੇ ਆਪਣੀ ਸੰਵੇਦਨਸ਼ੀਲਤਾ ਉਤੇ ਰੋਸ਼ਨੀ ਪਾਉਣ ਲਈ ਕੁਝ ਇੰਟਰਵਿਊ ਵੀ ਦਿਤੇ ਹਨ। ਉਹਨੂੰ ਇਹ ਸ਼ਿਕਾਇਤ ਜ਼ਰੂਰ ਸੀ ਕਿ ਪਾਠਕਾਂ ਨੇ ਉਹਦੀ ਪੁਸਤਕ ਦੇ ਲਿੰਗ-ਸੰਬੰਧਾਂ ਬਾਰੇ ਕਾਂਡਾਂ ਵੱਲ ਦੂਜੇ ਕਾਂਡਾਂ ਨਾਲੋਂ ਵੱਧ ਧਿਆਨ ਦਿਤਾ ਹੈ, ਖ਼ਾਸ ਤੌਰ ਤੇ ਇਸ ਕਰਕੇ ਕਿਉਂਜੁ ਉਹਨੇ ਆਪਣੀਆਂ ਮਿੱਤਰ ਕੁੜੀਆਂ ਦੇ ਅਸਲੀ ਨਾਂ ਦਿਤੇ ਹਨ, ਕੁੜੀਆਂ ਜਿਨ੍ਹਾਂ ਨਾਲ ਉਹਦੇ ਲਿੰਗ-ਸੰਬੰਧ ਰਹੇ। ਇਸ ਪ੍ਰਕਾਰ ਦੀ ਨਵੀਂ ਲੇਖਣੀ ਨੇ ਜਿਥੇ ਆਮ ਪਾਠਕਾਂ ਦੀ ਉਤਸੁਕਤਾ ਵਧਾਈ ਹੈ, ਉਥੇ ਵਿਕਰੀ ਵਿਚ ਵੀ ਵਾਧਾ ਕੀਤਾ ਹੈ।

ਪਿਛੇ ਜਿਹੇ, ਸਿਰਫ਼ ਇਕ ਭਾਰਤੀ ਭਾਸ਼ਾ ਵਿਚ ਹੀ ਛੇ ਇਕਬਾਲੀ ਸਵੈ-ਜੀਵਨੀਆਂ ਪ੍ਰਕਾਸ਼ਤ ਹੋਈਆਂ ਹਨ। ਇਹਨੂੰ ਆਧੁਨਿਕ ਯਥਾਰਥਵਾਦੀ ਲੇਖਣੀ ਦੀ ਨਵੀਨਤਮ ਰੁਚੀ ਦਸਿਆ ਗਿਆ ਹੈ ਜਿਸ ਨੇ ਸਾਹਿਤਕਾਰਾਂ ਲਈ ਨਵੇਂ ਪੂਰਨੇ ਪਾਏ ਹਨ। ਇਸ ਕਿਸਮ ਦੇ ਸਾਹਿਤ ਦੀ ਰਚਨਾ ਕਰਨ ਵਾਲੇ ਲੇਖਕ ਸਮਾਜਕ ਪ੍ਰਸ਼ਨਾਂ ਨਾਲ ਸੰਬੰਧਤ ਜਾਂ ਸਮਾਜਕ ਸ਼ਮੂਲੀ ਤੇ ਵਚਨਬੱਧਤਾ ਵਾਲੇ ਸਾਹਿਤ ਨੂੰ ਅਜਿਹਾ ਸਾਹਿਤ ਦਸਦੇ ਹਨ ਜਿਸ ਦਾ ਸਮਾਂ ਵਿਹਾ ਚੁਕਿਆ ਹੋਇਆ ਹੈ।

ਨੀਲੀਆਂ ਫ਼ਿਲਮਾਂ (ਬਲਿਊ ਫ਼ਿਲਮਾਂ), ਲਿੰਗ-ਸਾਹਿਤ ਜਿਹੜਾ ਪਟੜੀਆਂ ਉਤੇ ਵਿਕਦਾ ਹੈ, ਅਤੇ ਲਲਚਾਉਣ ਵਾਲੇ ਰਸਾਲੇ — ਬੀਤੇ ਦੇ ਟਾਕਰੇ ਤੇ ਹੁਣ ਇਨ੍ਹਾਂ ਦੀ ਵਿਕਰੀ ਕਿਤੇ ਵਧੇਰੇ ਤੇਜ਼ੀ ਨਾਲ ਵਧੀ ਹੈ। ਅਸੀਂ ਹਰ ਵਕਤ ਪੱਛਮ ਨਾਲ ਜਾ ਰਲਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ, ਸਭਿਆਚਾਰਕ ਖੇਤਰ ਵਿਚ ਵੀ ਉਵੇਂ ਹੀ ਜਿਵੇਂ ਟੈਕਨਾਲੋਜੀਕਲ ਖੇਤਰ ਵਿਚ। ਜੇ ਪੱਛਮ ਵਿਚ ਵੀਡੀਓ ਨੂੰ ਪਰਧਾਨਗੀ ਪ੍ਰਾਪਤ ਹੋ ਰਹੀ ਹੈ, ਤਾਂ ਸਾਡੇ ਵੀ ਇਵੇਂ ਹੋਣਾ ਚਾਹੀਦਾ ਹੈ। ਜਿਥੋਂ ਤਕ ਪੁਸਤਕਾਂ ਦਾ ਸੰਬੰਧ ਹੈ, ਪੱਛਮ ਵਿਚ ਪ੍ਰਚਲਤ ਸ਼ੈਲੀ ਸਾਨੂੰ ਵੀ ਪ੍ਰੇਰਤ ਕਰਦੀ ਹੈ — ਲਿੰਗ-ਸੰਬੰਧਾਂ ਨਾਲ ਸੰਯੁਕਤ ਸ਼ੈਲੀ — ਅਤੇ ਕਿਉਂਜੁ ਪੱਛਮ ਵਿਚ ਇਸ ਤਰ੍ਹਾਂ ਦੀ ਕਿਤਾਬ ਦੀਆਂ ਲਖ੍ਹ-ਖਾ ਕਾਪੀਆਂ ਵਿਕ ਜਾਂਦੀਆਂ ਹਨ, ਸੋ ਇਹ ਲੇਖਣੀ ਸਾਡੇ ਲਈ ਵੀ ਪੂਰਨੇ ਪਾਉਂਦੀ ਹੈ, ਅਤੇ ਅਸੀਂ ਇਸ ਤਰ੍ਹਾਂ ਦੀ ਲੇਖਣੀ ਦਾ ਬੀੜਾ ਧਰਮ ਯੁਧ ਲੜਨ ਵਾਲਿਆਂ ਵਾਂਗ ਚੁਕਦੇ ਹਾਂ।

ਅਜ ਕਿੱਦਾਂ ਸੰਭਾਲੀਏ ਦਿਲ ਨੂੰ,
ਖੁਲ੍ਹਦੇ ਜਾਂਦੇ ਨੇ ਰਾਜ਼, ਕੀ ਕਰੀਏ।
ਜੇ ਨਾ ਮਾਰੀਏ ਠੇਡੇ ਤਖ਼ਤਾਂ ਨੂੰ,
ਤੇ ਉਡਾਈਏ ਨਾ ਤਾਜ, ਕੀ ਕਰੀਏ।

ਕਵਿਤਾ

ਵਤਨ ਫ਼ੇਰੀ

ਮਿੱਤਰ ਰਾਸ਼ਾ

ਅਸੀਂ ਯਾਦਾਂ ਦੇ ਸਮੁੰਦਰ ਚੋਂ
'ਇਕ ਬੂੰਦ ਪੀਣ ਆਏ
ਬੂੰਦ ਪੀਣ ਦਈਂ ਨੀ ਮਾਏ
ਅਸੀਂ ਬੜੇ ਤਿਰਹਾਏ।

ਅਸੀਂ ਹੰਸ ਨਹੀਂ
ਜੋ ਲਾ ਉਡਾਰੀ
ਚੁਗਣ ਆਏ
ਮੋਤੀਆਂ ਦੀ ਕਿਆਰੀ
ਵਿਮਾਨ ਦੇ ਪਰਾਂ ਨਾਲ ਉੱਡ
ਦਾਣਾ ਕੁਣਕਾ ਚੁਗਣ ਆਏ

ਬੀਤੇ ਦੇ ਬਲੌਰੀ ਰੰਗਾਂ 'ਚ
ਲਿਸ਼ਕੇ ਯਾਦਾਂ ਦਾ
ਸਤ ਰੰਗੀ ਸ਼ੀਸ਼ਾ
ਕਿਤੇ ਤਿੜਕ ਨਾ ਜਾਏ
ਇਹ ਸ਼ੀਸ਼ਾ ਤੱਕਿਆਂ
ਨੈਣੀਂ ਸਾਡੇ
ਬਹਿਸ਼ਤ ਫੇਰਾ ਪਾਏ

ਸਰਘੀ ਦਾ ਅਸਾਂ
ਸੂਰਜ ਤੱਕਣਾਂ
ਰਾਤ ਦੇ ਤੱਕਣੇ ਤਾਰੇ
ਉਹਨਾਂ ਗਲੀਆਂ ਦੀ
ਜ਼ਿਆਰਤ ਕਰਨੀ
ਜਿਨਾਂ ਗਲੀਆਂ ਦੀ
ਗਲਾਂ ਸਨ ਕਰਦੇ
ਸਾਡੇ ਮਾਸੂਮ ਇਸ਼ਾਰੇ
ਜਿਨਾਂ ਗਲੀਆਂ ਨੂੰ
ਚੇਤੇ ਕਰ
ਸਾਡਾ ਚਿੱਤ ਚੰਗੀ ਹੋ ਜਾਏ

ਜਿਸ ਫ਼ਿਜ਼ਾਂ 'ਚ
ਸਾਡੇ ਬੋਲ ਗੁਆਚੇ
ਦੱਬੇ ਪਏ ਸੁੱਚੇ ਹਾਸੇ
ਉਸ ਫ਼ਿਜ਼ਾਂ 'ਚ ਘੁੰਮਦਿਆਂ
ਨੈਣਾਂ ਹੰਝੂ ਡਲਕਾਏ

ਅਸੀਂ ਯਾਦਾਂ ਦੇ ਸਮੁੰਦਰ ਚੋਂ
ਇਕ ਬੂੰਦ ਪੀਣ ਆਏ
ਬੂੰਦ ਪੀਣ ਦਈਂ ਨੀ ਮਾਏ
ਅਸੀਂ ਬੜੇ ਤਿਰਹਾਏ।

ਮੈਂ ਬੋਲੀ ਸੱਪਨੀਆਂ ਦੀ
ਬੋਲ ਰਿਹਾਂ
ਮੈਂ ਨੰਗਾ ਚਿਹਰਿਆਂ 'ਚ
ਦੌੜ ਰਿਹਾਂ
ਕਿਸੇ ਵੀ ਚਿਹਰੇ 'ਚ
ਸ਼ਬਦ ਨਹੀਂ ਬਾਕੀ
ਕਿਸੇ ਵੀ ਚਿਹਰੇ 'ਚ
ਗੀਤ ਨਹੀਂ ਬਾਕੀ
ਸਿਰਫ਼ ਜਿਸਮਾਂ 'ਚ
ਅੰਗ ਬਾਕੀ ਨੇ
ਸਿਰਫ਼ ਅੰਗਾਂ 'ਚ
ਅੱਗ ਬਲਦੀ ਹੈ
ਅਸ਼ਬਦਾ ਮਾਸ,
ਬੱਸ ਸੁਲਗਦਾ ਹੈ
ਜੋ ਪਲ ਭਰ ਸੁਲਗ ਕੇ
ਤੇ ਬੁੱਝਦਾ ਹੈ
ਮੈਂ ਨੰਗਾ ਚਿਹਰਿਆਂ 'ਚ
ਦੌੜ ਰਿਹਾਂ
ਮੈਂ ਬੋਲੀ ਸੱਪਨੀਆਂ ਦੀ
ਬੋਲ ਰਿਹਾਂ
ਇਹ ਬੋਲੀ ਸ਼ਬਦ ਦੀ
ਸਰਾਪੀ ਹੈ
ਇਹ ਮੇਰੀ ਚੁੱਪ ਦੀ ਹੀ
ਬਾਕੀ ਹੈ!

ਸ਼ਿਵ ਕੁਮਾਰ

ਤੀਜੇ ਵਿਸ਼ਵ ਪੰਜਾਬੀ ਸੰਮੇਲਨ ਸਬੰਧੀ

ਬ੍ਰਤਾਨਵੀ ਪੰਜਾਬੀ ਲੇਖਕ ਕਿਥੇ ਖੜ੍ਹੇ ਹਨ ?

ਪਿਛਲੇ ਦਿਨੀਂ ਦਿੱਲੀ ਵਿਚ ਹੋਣ ਵਾਲੇ ਵਿਸ਼ਵ ਪੰਜਾਬੀ ਸੰਮੇਲਨ ਅਤੇ ਇਸ ਦੀ ਮੁਢਲੀ ਰੂਪ ਰੇਖਾ ਬਾਰੇ ਕੁਝ ਜਾਣਕਾਰੀ ਪ੍ਰੈਸ ਵਿਚ ਛਪੀ ਹੈ। ਜਿਥੇ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਵਿਸ਼ਵ ਪੰਜਾਬੀ ਭਾਈਚਾਰੇ ਦੀ ਲਹਿਰ ਨੇ ਇਕ ਹੋਰ ਕਦਮ ਅਗਾਂਹ ਪੁੱਟਿਆ ਹੈ, ਉਥੇ ਇਸ ਬਾਰੇ ਸਾਡੇ ਬ੍ਰਤਾਨੀਆਂ ਦੇ ਸਾਹਿਤਕਾਰਾਂ ਦੇ ਕੁਝ ਮੁਢਲੇ ਕਿੰਤੂ ਹਨ, ਜਿਹਨਾਂ ਨੂੰ ਸਪਸ਼ਟ ਕਰਨਾ ਅਤੇ ਕਰਵਾਉਣਾ ਅਸੀਂ ਆਪਣਾ ਫਰਜ਼ ਸਮਝਦੇ ਹਾਂ।

ਛਪੇ ਹੋਏ ਐਲਾਨਨਾਮੇ ਤੋਂ ਇਉਂ ਲੱਗਦਾ ਹੈ ਕਿ ਹੁਣ ਤੱਕ ਦੱਸੀ ਗਈ ਰੂਪ ਰੇਖਾ ਸਮੂਹ ਬ੍ਰਤਾਨਵੀ ਸਾਹਿਤਕਾਰਾਂ ਜਾਂ ਘੱਟੋ ਘੱਟ ਉਹਨਾਂ ਸਾਹਿਤਕਾਰਾਂ ਦੀ ਪੂਰੀ ਪੂਰੀ ਸਲਾਹ ਨਾਲ ਘੜੀ ਗਈ ਹੈ, ਜਿਹਨਾਂ ਨੇ ਇਸ ਲਹਿਰ ਦਾ ਮੁਢ ਬੰਨ੍ਹਿਆਂ ਸੀ। ਪਰ ਇਹ ਹਕੀਕਤ ਨਹੀਂ। ਇਥੋਂ ਤੱਕ ਕਿ ਵਿਸ਼ਵ ਕਮੇਟੀ ਦੀ ਇੰਗਲੈਂਡ ਬ੍ਰਾਂਚ ਦਾ ਇਕ ਮੈਂਬਰ ਵੀ ਉਹਨਾਂ ਦੇ ਆਪਣੇ ਚੁਣੇ ਹੋਏ ਅਸਲੀ ਕੁਆਰਡੀਨੇਟਰ ਨੂੰ ਲਾਂਭੇ ਕਰਕੇ ਇੰਟਰਨੈਸ਼ਨਲ ਕੁਆਰਡੀਨੇਟਰ ਕਿੰਨੇ ਭੁਲੇਖੇ ਅਧੀਨ ਥਾਪ ਦਿੱਤਾ ਗਿਆ ਹੈ।

ਜਿਥੇ ਅਸੀਂ ਇਸ ਸੰਕਲਪ ਨੂੰ ਪੂਰਨਤਾ ਵੱਲ ਵਧਦਾ ਦੇਖ ਕੇ ਖੁਸ਼ ਹਾਂ ਉਥੇ ਇਸ ਗੱਲ ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹਾਂ ਕਿ ਜੇਕਰ ਹੋਣ ਵਾਲੇ ਸਮਾਗਮ ਦੇ ਅਗਲੇ ਫੈਸਲੇ ਵੀ ਬਿਨਾਂ ਸਮੂਹ ਪੰਜਾਬੀ ਭਾਈਚਾਰੇ ਵਿਚ ਬਹਿਸ ਕਰਨ ਤੋਂ ਲੈ ਲਏ ਗਏ ਤਾਂ ਇਹ ਸਮਾਗਮ ਆਪਣਾ ਅਸਲੀ ਮੰਤਵ ਗੁਆ ਲਵੇਗਾ। ਕੈਨੇਡਾ ਵਿਚ ਹੋਇਆ ਦੂਜਾ ਸਮਾਗਮ ਇਸ ਗੱਲ ਦੀ ਵੱਡੀ ਗਵਾਹੀ ਹੈ, ਕਿ ਸਿਰਫ ਨਿੱਜੀ ਮੁਫਾਦਾਂ ਨਾਲ ਬੱਝੇ ਹੋਏ ਤੇ ਜ਼ਿੱਦੀ ਲੋਕ ਚੰਗੇ ਤੋਂ ਚੰਗੇ ਕੰਮ ਦਾ ਕੀ ਬਣਾ ਦਿੰਦੇ ਹਨ।

ਅਸੀਂ ਚਾਹੁੰਦੇ ਹਾਂ ਕਿ ਸਮਾਗਮ ਦੇ ਸੁੱਚੇ ਸੰਕਲਪ ਨੂੰ ਕੁਝ ਗ਼ਲਤ ਤਾਕਤਾਂ ਜਾਂ ਵਿਅਕਤੀ ਆਪਣੇ ਮੁਫਾਦਾਂ ਲਈ ਨਾ ਵਰਤ ਜਾਣ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਇਸਦੀ ਸੇਧ ਪਹਿਲਾਂ ਤੋਂ ਹੀ ਠੀਕ ਰੱਖੀ ਜਾਵੇ।

ਇੰਗਲੈਂਡ ਦੇ ਪੰਜਾਬੀ ਲੇਖਕ ਬੜੀ ਸੰਜੀਦਗੀ ਨਾਲ ਇਹ ਮਹਿਸੂਸ ਕਰਦੇ ਹਨ ਕਿ ਸੰਮੇਲਨ ਦੀ ਰੂਪ ਰੇਖਾ ਘੜਨ ਅਤੇ ਇਸ ਸਾਹਿਤਕ ਅੰਦੋਲਨ ਨੂੰ ਚਲਾਉਣ ਵਿਚ ਉਹਨਾਂ ਨੂੰ ਅਣਗੌਲੇ ਕੀਤਾ ਜਾ ਰਿਹਾ ਹੈ। ਇਹ ਸ਼ਾਇਦ ਕਿਸੇ ਭੁਲੇਖੇ ਅਧੀਨ ਹੀ ਹੋਵੇ, ਪਰ ਅਸੀਂ ਸਪਸ਼ਟ ਤੌਰ ਤੇ ਸਮਾਗਮ ਨੂੰ ਹਰ ਵਿਚਾਰਧਾਰਾ ਨਾਲ ਬੱਝੇ ਲੇਖਕਾਂ ਦੀ ਭਰਪੂਰ ਬਹਿਸ ਅਤੇ ਸਾਂਝੇ ਫੈਸਲਿਆਂ ਨਾਲ ਚਲਾਉਣ ਦੇ ਯਕੀਨ ਨਾਲ ਬੱਝੇ ਹੋਏ ਹਾਂ।

ਇਹਨਾਂ ਸ਼ੰਕਿਆਂ ਦਾ ਇਕ ਜੀਉਂਦਾ ਜਾਗਦਾ ਸਬੂਤ ਇਹ ਵੀ ਹੈ, ਜਿਥੇ ਭਾਰਤ ਦੇ ਵੱਖ ਵੱਖ ਹਿਸਿਆਂ ਵਿਚ ਸੰਮੇਲਨ ਦੀ ਸਫਲਤਾ ਵਾਸਤੇ ਸਥਾਨਕ ਕਨਵੈਨਸ਼ਨਾਂ ਕਰਾਉਣ ਦੀ ਲੋੜ ਸਮਝੀ ਗਈ ਹੈ, ਉਥੇ ਬ੍ਰਤਾਨੀਆਂ ਵਿਚ ਕਿਸੇ ਕਨਵੈਨਸ਼ਨ ਤਾਂ ਕੀ ਮੀਟਿੰਗ ਦਾ ਨਾਮ ਵੀ ਨਹੀਂ ਲਿਆ ਗਿਆ। ਅਸੀਂ ਬ੍ਰਤਾਨੀਆਂ ਦੇ ਸੱਮੁਚੇ ਲੇਖਕ ਵਰਗ ਨੂੰ ਲਾਮਬੰਦ ਕਰਨ ਲਈ ਅਜਿਹੇ ਵਿਚਾਰ ਵਟਾਂਦਰੇ ਦੀ ਲੋੜ ਨੂੰ ਬਹੁਤ ਮਹੱਤਤਾ ਦਿੰਦੇ ਹਾਂ ਅਤੇ ਚਾਹੁੰਦੇ ਹਾਂ ਕਿ ਇਹ ਵਿਚਾਰ ਵਟਾਂਦਰਾ ਸਗੋਂ ਭਾਰਤ ਤੋਂ ਆਏ ਕਿਸੇ ਲੇਖਕ ਦੀ ਹਾਜ਼ਰੀ ਵਿਚ ਹੀ ਹੋਵੇ।

1980 ਵਿਚ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਦੇ ਨਾਂ ਨਾਲ ਸ਼ੁਰੂ ਹੋਏ ਸੰਮੇਲਨ ਨੂੰ ਅੱਜ ਕਿਉਂ "ਵਿਸ਼ਵ ਪੰਜਾਬੀ ਸੰਮੇਲਨ" ਕਰ ਲਿਆ ਗਿਆ ਹੈ ? ਹੁਣ ਵੀ ਮੂਲ ਵਿਚ ਲੇਖਕਾਂ ਵਲੋਂ ਤੇ ਲੇਖਕਾਂ ਲਈ ਹੋ ਰਿਹਾ ਇਹ ਸੰਮੇਲਨ ਸਾਹਿਤ-ਮੁਖੀ ਹੀ ਰਹਿਣਾ ਚਾਹੀਦਾ ਹੈ, ਤੇ ਇਸ ਵਿਚ ਪੰਜਾਬੀ ਬੋਲੀ ਅਤੇ ਸਭਿਆਚਾਰ ਦੇ ਵਿਦਵਾਨਾਂ ਦਾ ਹੀ ਭਾਗ ਹੋਣਾ ਚਾਹੀਦਾ ਹੈ। ਇਸ ਖੇਤਰ ਵਿਚੋਂ ਹੀ ਪੰਜਾਬੀ ਸਤਿਕਾਰੇ ਜਾਣੇ ਚਾਹੀਦੇ ਹਨ।

ਬ੍ਰਤਾਨੀਆਂ ਬਾਰੇ ਜਾਂ ਇਸ ਵਿਚੋਂ ਲਿਖੇ ਜਾਣ ਵਾਲੇ ਕਿਸੇ ਬਹਿਸ-ਪੱਤਰ ਜਾਂ ਪਰਚੇ ਦਾ ਫੈਸਲਾ ਬ੍ਰਤਾਨਵੀ ਲੇਖਕਾਂ ਨੂੰ ਆਪ ਇਹ ਖਿਆਲ ਰੱਖ ਕੇ ਕਰਨ ਦੇਣਾ ਚਾਹੀਦਾ ਹੈ ਕਿ ਲਿਖਣ ਵਾਲੇ ਵਿਅਕਤੀ ਵਿਚ ਆਲੋਚਨਾ ਦੀ ਯੋਗਤਾ ਵੀ ਹੋਵੇ। ਇਹ ਨਹੀਂ ਹੋਣਾ ਚਾਹੀਦਾ ਕਿ ਕਿਸੇ ਅਲੇਖਕ ਨੂੰ ਰੌਲ ਘਚੋਲਾ ਪਾ ਕੇ ਸਗੋਂ ਬ੍ਰਤਾਨਵੀ ਸਾਹਿਤਕਾਰਾਂ ਦਾ Image ਵਿਗਾੜਨ ਦੇ ਕੰਮ ਲਾ ਦਿੱਤਾ ਜਾਵੇ।

ਅਸੀਂ ਸਮੂਹ ਪੰਜਾਬੀ ਸਾਹਿਤਕ ਸੰਸਾਰ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਬਿਨਾਂ ਕਿਸੇ ਸੌੜੀ ਗੁਟਬੰਦੀ ਦੇ ਸਮਾਗਮ ਬਾਰੇ ਆਪਣੇ ਵਿਚਾਰ ਖੁੱਲ੍ਹ ਕੇ ਦੱਸਣ ਅਤੇ ਸਮਾਗਮ ਦੇ ਪ੍ਰਬੰਧਕਾਂ ਦਾ ਇਹ ਫਰਜ਼ ਬਣਦਾ ਹੈ ਕਿ ਸਮਾਗਮ ਸਹੀ ਅਰਥਾਂ ਵਿਚ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਦੇ ਤੌਰ ਤੇ ਸਿਰੇ ਚੜ੍ਹੇ ਅਤੇ ਇਸ ਗੱਲ ਲਈ ਉਹ ਹਰ ਪਾਸਿਉਂ ਆ ਰਹੀ ਆਵਾਜ਼ ਨੂੰ ਸੁਣਨ ਅਤੇ ਮਿਲ ਰਹੇ ਬੇਲਾਗ ਤੇ ਈਮਾਨਦਾਰ ਸੁਝਾਵਾਂ ਦੀ ਰੋਸ਼ਨੀ ਵਿਚ ਹੀ ਇਹਦੀ ਰੂਪ ਰੇਖਾ ਘੜਨ।

ਅਸੀਂ ਹਾਂ

(ਸਵਰਨ ਚੰਦਨ)
ਪ੍ਰਧਾਨ ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰੇਟ ਬ੍ਰਿਟਿਨ)
ਸਾਊਥਾਲ ਬ੍ਰਾਂਚ
ਮੈਂਬਰ ਪੰਜਾਬੀ ਲਿਟਰੇਰੀ ਟਰਸਟ ਯੂ. ਕੇ.

(ਸ਼ਿਵਚਰਨ ਗਿੱਲ)
ਮੈਂਬਰ ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰੇਟ ਬ੍ਰਿਟਿਨ, ਸਾਊਥਾਲ
ਕੋਆਰਡੀਨੇਟਰ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਯੂ. ਕੇ.

(ਤਰਸੇਮ ਨੀਲਗਿਰੀ)
ਮੈਂਬਰ ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰੇਟ ਬ੍ਰਿਟਿਨ)
ਸਾਊਥਾਲ ਬ੍ਰਾਂਚ
ਸਕੱਤਰ, ਪੰਜਾਬੀ ਲਿਟਰੇਰੀ ਟਰਸਟ ਯੂ. ਕੇ.
ਮੈਂਬਰ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਕਮੇਟੀ

(ਪ੍ਰੀਤਮ ਸਿਧੂ)
ਮੈਂਬਰ ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰੇਟ ਬ੍ਰਿਟਿਨ)

(ਸਾਥੀ ਲੁਧਿਆਣਵੀ)
ਮੈਂਬਰ ਪ੍ਰਗਤੀਸ਼ੀਲ ਲਿਖਾਰੀ ਸਭਾ
(ਗ੍ਰੇਟ ਬ੍ਰਿਟਿਨ) ਸਾਊਥਾਲ ਬ੍ਰਾਂਚ
ਮੈਂਬਰ ਪੰਜਾਬੀ ਲਿਟਰੇਰੀ ਟਰਸਟ ਯੂ. ਕੇ.

(ਅਵਤਾਰ ਜੰਡਿਆਲਵੀ)
ਮੈਂਬਰ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਕਮੇਟੀ
ਮੈਂਬਰ ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰੇਟ ਬ੍ਰਿਟਿਨ) ਸਾਊਥਾਲ ਬ੍ਰਾਂਚ
ਮੈਂਬਰ ਪੰਜਾਬੀ ਲਿਟਰੇਰੀ ਟਰਸਟ ਯੂ. ਕੇ.

ਕਵਿਤਾਵਾਂ

ਰੋਗੀ ਪਿੰਡ

ਬਲਦੇਵ ਬਾਵਾ
(ਸਾਊਥਾਲ)

ਪਿੰਡ ਦੇ ਰਾਹੀਂ ਤੁਰਦੇ ਕਾਫਲੇ
ਮਾਂਏਂ ਰੋਗੀ ਉਮਰਾਂ ਵਾਂਗ
ਜਿਥੇ ਧੀਆਂ ਵਾਂਗੂੰ ਪੋਹਲੀਆਂ
ਤੇ ਪੁੱਤਰ ਬਾਥੂ ਵਾਂਗ
ਜਿਥੇ ਰੁੱਖ ਸੱਧਰਾਂ ਦੇ ਚੁੱਪ ਜਿਹੇ
ਨੀ ਰਹਿੰਦੇ ਰੁੰਡ ਮਰੁੰਡ
ਜਿਥੇ ਬਾਪੂ ਜਿਉਂ ਨੀ ਅਕੜਾ
ਤੇ ਬਾਬਾ ਵਾਂਗ ਕਰੁੰਡ
ਜਿਥੇ ਭੈਣਾਂ ਕਾਹੀ ਵਰਗੀਆਂ
ਤੇ ਵੀਰਾਂ ਜਿਉਂ ਨੀ ਜੰਡ
ਜਿਥੇ ਬੋਰੀ ਦਾਦੀ ਹੂੰਗਦੀ
ਪਈ ਖੇਤੀਂ ਚੁਗਦੀ ਛੰਡ
ਕੋਈ ਸੂਤ ਪਰਾਇਆ ਕੱਤ ਕੇ
ਪਈ ਦੇਖ ਹੰਢਾਉਂਦੀ ਰੰਡ
ਜਿਥੇ ਕੁੱਬਾ ਲਾਗੀ ਚੁਕਦਾ
ਨੀ ਤਕੜੀ ਡਾਢੀ ਪੰਡ
ਕੋਈ ਅੰਨ੍ਹੀ ਬੈਠੀ ਛੱਤ ਤੇ
ਰੋ ਰੋ ਕੇ ਲੈਂਦੀ ਖੰਘ
ਡੁਸਕਦੀ ਕੋਈ ਮੁਟਿਆਰ ਜਾਂ
ਜਿਹਦੀ ਸੱਜਰੀ ਟੁਟ ਗਈ ਮੰਗ
ਇਹਦੇ ਨੇੜੇ ਰੋਹੀਆਂ ਰੋਂਦੀਆਂ
ਤੇ ਕੋਹਾਂ ਦੂਰ ਨੀ ਮੰਡ
ਜਿਥੇ ਅੰਬਰ ਧਾਹਾਂ ਮਾਰਦਾ
ਤੇ ਧਰਤੀ ਕੇਰੇ ਹੰਝ
ਇਸ ਪਿੰਡ ਦਾ ਸੂਰਜ ਸੀਤ ਹੈ
ਤੇ ਮਰ ਗਿਆ ਇਹਦਾ ਚੰਦ।
ਇਸ ਪਿੰਡ ਦੇ ਬਿੱਫਰੇ ਚੌਧਰੀ
ਰੱਤ ਪੀ ਪੀ ਲਾਹੁੰਦੇ ਡੰਝ
ਜਾਂ ਖੱਦਰਪੋਸ਼ ਸਰਪੰਚੀਆ
ਜਿਹਦਾ ਤਾਨਾਸ਼ਾਹ ਘੁਮੰਡ
ਜਿਥੇ ਤੀਵੀਂ ਕਿਸੇ ਅਮੀਰ ਦੀ
ਨੀ ਏਡੀ ਵਿਗੜੀ ਰੰਨ
ਜਿਉਂ ਲੇਰੀ ਫਸਲ 'ਚ ਬੋਲ੍ਹਦੀ
ਮਾਏਂ ਭੂਤਰ ਗਈ ਕੋਈ ਸੰਢ
ਇਸ ਪਿੰਡ ਦਾ ਜੀਣਾ ਨਰਕ ਹੈ
ਇਹਦੇ ਮਿਟਦੇ ਜਾ ਰਹੇ ਰੰਗ
ਇਹਦੇ ਰਾਹੀਂ ਸਾਹ ਵਰੋਲਦੀ
ਹਰ ਉਮਰਾ ਜਾਂਦੀ ਹੰਢ
ਐਪਰ ਦੁਖਿਆਰੀ ਲੋਕਤਾ
ਜਦ ਸੁੱਟ ਦੇਣੇ ਨੀ ਸੰਦ
ਤੇ ਹੱਥਾਂ ਵਿਚ ਹਥਿਆਰ ਚੁਕ
ਜਦ ਛੇੜ ਦੇਣੀ ਨੀ ਜੰਗ
ਉਨ੍ਹਾਂ ਕੋਕੜੂ ਖਾਣੇ ਬਾਜ਼ ਦੇ
ਰੱਖ ਮੁਢੋਂ ਵੱਢਣੇ ਖੰਭ
ਤਦ ਪਿੰਡ ਨੇ ਪਾਸਾ ਪਰਤਣਾ
ਤੇ ਨਿੱਖਰੂ ਇਹਦਾ ਰੰਗ
ਜਦ ਹਰ ਅੱਖ ਅੱਥਰੂ ਲੈ ਕੇ
ਪਾਊ ਜੱਫੀ ਇਹਦੇ ਸੰਗ।

ਇਕ ਲੰਮੀ ਨਜ਼ਮ ਦਾ ਭਾਗ

'ਜਸ਼ਨ'

ਬਲਦੇਵ ਬਾਵਾ
(ਸਾਊਥਾਲ)

ਹੁਣ ਰਾਤਾਂ ਦੇ ਸਨਾਟੇ ਵਿਚ
ਵਤਨ ਤੋਂ ਦੂਰ ਮੈਂ ਬੈਠਾਂ
ਸੁਹਣੀਆਂ ਸਾਫ਼ ਸੜਕਾਂ ਤੇ
ਮੈਂ ਉੱਜੜੇ ਲੋਕ ਜਦ ਦੇਖਾਂ
ਬੜਾ ਹੀ ਡਰ ਜਾਨਾਂ ਮੈਂ
ਕਿ ਆਪਾ ਭੁੱਲ ਰਹੇ ਲੋਕਾਂ ਦਾ
ਆਖ਼ਰ ਹਸ਼ਰ ਕੀ ਹੋਊ
ਤੇ ਮੇਰੇ ਵਤਨ ਦੀ ਹਿੱਕ ਤੇ
ਕਰਾਹੇ ਚੁੱਪ ਪਿੰਡਾਂ ਦਾ
ਆਖ਼ਰ ਜਸ਼ਨ ਕਦ ਹੋਊ
ਤੇ ਮੈਂ ਉਹ ਜਸ਼ਨ ਨਹੀਂ ਕਹਿੰਦਾ
ਕਿ ਤੇਰੇ ਬੂਹਿਉਂ ਉੱਠ ਧੀਆਂ
ਜਾ ਬੁੱਢ ਸੁਹਾਗਣ ਹੋਣ
ਜਾਂ ਤੇਰੇ ਸਾਹੀਂ ਵਸਦੀ ਬਹੂ ਦੀ
ਸਾੜ੍ਹੀ ਤੇ, ਰੰਗਲੇ ਸਿਤਾਰੇ ਲਾਉਣ
ਮੈਂ ਕਹਿਨਾਂ ਜਸ਼ਨ ਕਿ ਹੋਠਾਂ ਚਾਰਿਆਂ ਦੇ
ਸਾਂਝੇ ਰਿਸ਼ਤਿਆਂ ਦਾ ਵਾਸ ਹੋਵੇ
ਨਾ ਰੁੱਤਾਂ ਦਾ ਮੁੱਲ ਪਾਵੇ ਕੋਈ
ਨਾ ਰੋਂਦੀ ਪ੍ਰਭਾਤ ਹੋਵੇ
ਨਾ ਰਾਤ ਦੇ ਮੋੜਾਂ ਤੇ
ਕਿਸੇ ਕੰਨਿਆਂ ਦਾ ਮੁੱਲ ਹੋਵੇ
ਨਾ ਧਰਮੀ ਬਾਬਲੇ ਦਾ ਮੁੜ੍ਹਕਾ
ਸ਼ਾਹਾਂ ਦੀ ਤੱਕੜੀ 'ਚ' ਤੁੱਲ ਹੋਵੇ
ਮੈਂ ਕਹਿਨਾਂ ਜਸ਼ਨ ਕਿ ਰੂਹਾਂ ਤੇ
ਬੱਸ ਕੋਈ ਬੋਝ ਨਾ ਹੋਣ
ਤੇ ਚੜ੍ਹਦੀ ਉਮਰ ਦੇ ਨਸ਼ਿਆਏ ਗੀਤ
ਅੱਧ ਬੁੱਢ ਨਾ ਹੋਣ
ਮੈਂ ਕਹਿਨਾਂ ਜਸ਼ਨ ਕਿ ਸੋਚਾਂ ਤੇ ਚੜ੍ਹੀ
ਗ਼ਰਦ ਲੱਥ ਜਾਵੇ
ਤੇ ਅਣਭੋਲ ਪਿੰਡੀਂ ਰੋਹ ਦੀ
ਇਕ ਲਾਟ ਮਚ ਜਾਵੇ
ਅਜਿਹਾ ਜਸ਼ਨ ਰੁਲਦੀ ਕਬਰ 'ਚੋਂ
ਉੱਗਿਆ ਲਾਲ ਫੁੱਲ ਹੋਊ
ਜਾਂ ਡੋਲੀ ਚੜ ਰਹੀ ਮੁਟਿਆਰ ਦੀ
ਪੰਜੇਬ ਦੀ ਛਣਕਾਰ
ਜਾਂ ਹੱਸਦੀ ਸਰ੍ਹੋਂ ਦੀਆਂ ਬੂਲੀਆਂ ਤੇ
ਘੁੱਟਵਾਂ ਚੁੰਮਣ
ਜਾਂ ਮਾਸ਼ੂਕ ਦੇ ਚਿਹਰੇ ਦਾ
ਸੱਜਰਾ ਜਿਹਾ ਨਿਖ਼ਾਰ
ਤੇ ਅਜ਼ਿਹਾ ਜਸ਼ਨ ਦੁਨੀਆਂ ਵਿਚ
ਜਿਥੇ ਕਿਤੇ ਵੀ ਸਜਿਆ
ਉਹਦਾ ਮੁੱਲ ਬੜਾ ਲਗਿਆ
ਦਿਲ ਧਰਤੀ ਦਾ ਕੰਬਿਆ
ਹਰ ਤਾਰਾ ਅਰਸ਼ ਦਾ ਡਰਿਆ
ਗ਼ਰੀਬਾਂ ਦੇ ਲਹੂ ਵਿਚ ਜ਼ੁਲਮ ਨੇ
ਜਦ ਤਾਰੀਆਂ ਲਾਈਆਂ
ਤਾਂ ਹਰ ਸੁਬ੍ਹਾ ਦੀ ਬੁੱਕਲ 'ਚੋਂ
ਸੂਰਜ ਲੇਟ ਹੈ ਚੜ੍ਹਿਆ।

ਇਕ ਲੰਮੀ ਕਵਿਤਾ "ਇਕ ਖ਼ਤ" ਵਿਚੋਂ

ਮੇਰੀ ਮਾਸੂਮ ਜੇਹੀ ਪੁੰਨਿਆਂ
ਜਦੋਂ ਕੋਈ ਗੱਲ ਕਰਦੀ ਹੈ
ਮੇਰੇ ਪਿੰਡੇ ਦੀ ਲੂਈਂ ਵਿਚ
ਸੱਪਣੀ ਆਣ ਵੜਦੀ ਹੈ
ਤੇ ਇਕ ਮਹਿਕੀ ਹੋਈ ਕੰਬਣੀ
ਮੇਰੇ ਪੈਰਾਂ ਨੂੰ ਚੜ੍ਹਦੀ ਹੈ
ਤੇ ਅਕੜੇਵੇਂ ਜਿਹੇ ਦੀ ਪੀੜ
ਆ ਅੰਗਾਂ 'ਚ ਖੜਦੀ ਹੈ !

ਇਕ ਆਦਮੀ ਬੱਕਰੇ ਨੂੰ ਬੰਨ੍ਹ ਕੇ ਲਿਜਾ ਰਿਹਾ ਸੀ ਤਾਂ ਲੜਕੇ ਨੇ ਆਪਣੇ ਪਿਤਾ ਨੂੰ ਪੁਛਿਆ—

ਪਿਤਾ ਜੀ ਇਸ ਨੂੰ ਕਿਥੇ ਲਿਜਾ ਰਹੇ ਹਨ ?

ਪਿਤਾ—ਇਸ ਨੂੰ ਮੰਡੀ ਲਿਜਾਇਆ ਜਾ ਰਿਹਾ ਹੈ।

ਲੜਕਾ—ਅੱਛਾ ! ਮੈਂ ਕਿਹਾ ਪਤਾ ਨਹੀਂ ਸਕੂਲੇ ਲਿਜਾਇਆ ਜਾ ਰਿਹਾ ਹੈ।

—0—



ਜਤਿੰਦਰ ਤੇ ਪ੍ਰਵੀਨ ਬਾਬੀ ਫਿਲਮ 'ਅਰਪਨ'

ਫ਼ਿਲਮ ਰੀਵਿਊ

"ਅਰਪਣ"

ਸਿਲਵਰ ਜੁਬਲੀ ਫ਼ਿਲਮਾਂ ਦੇ ਨਿਰਮਾਤਾ ਨਿਰਦੇਸ਼ਕ ਜੇ ਓਮ ਪ੍ਰਕਾਸ਼ ਦੀ ਨਵੀਂ ਹਿੰਦੀ ਫਿਲਮ 'ਅਰਪਣ' ਤਿਆਗ, ਕੁਰਬਾਨੀ ਤੇ ਪ੍ਰੇਮ ਦੀ ਇਕ ਸੰਗੀਤਮਈ ਦਿਲਕਸ਼ ਡਰਾਮਾਟਿਕ ਸਸਪੈਂਸਿਵ ਦੇ ਸੁਮੇਲਾਂ ਤੋਂ ਤਿਆਰ ਹੋਈ ਹੈ. ਇਕ ਸਧਾਰਣ ਕੁੜੀ ਸ਼ੋਭਾ ਦਾ ਪਿਆਰ ਦੌਲਤਮੰਦ ਅਨਿਲ ਨਾਲ ਹੋ ਜਾਂਦਾ ਹੈ ਜਿਹਾ ਕਿ ਸਾਡੀਆਂ ਸਾਰੀਆਂ ਹੀ ਫ਼ਿਲਮਾਂ ਵਿਚ ਹੁੰਦਾ ਹੈ. ਅਨਿਲ ਜਰਮਨੀ ਨੂੰ ਤਿਆਰ ਹੈ ਤੇ ਉਹ ਆਪਣੇ ਘਰ ਦੀ ਜ਼ਿੰਮੇਵਾਰੀ ਆਪਣੀ ਪ੍ਰੇਮਿਕਾ ਸ਼ੋਭਾ ਤੇ ਛਡ ਜਾਂਦਾ ਹੈ. ਅਨਿਲ ਦੀ ਭੈਣ ਵਿਨੀ ਰਰੇਸ਼ ਨਾਂ ਦੇ ਲੜਕੇ ਨੂੰ ਪਿਆਰ ਕਰਦੀ ਹੈ ਤੇ ਉਹ ਦੋਵੇਂ ਸ਼ਾਦੀ ਤੋਂ ਪਹਿਲਾਂ ਸੈਕਸ ਸਬੰਧ ਕਾਇਮ ਕਰ ਲੈਂਦੇ ਹਨ ਤੇ ਫਿਰ ਫਿਲਮ ਅਜੀਬ ਹੀ ਤਰ੍ਹਾਂ ਦੀ ਕਹਾਣੀ ਲੈ ਕੇ ਤੁਰ ਪੈਂਦੀ ਹੈ. ਹੁੰਦਾ ਇਹ ਹੈ ਕਿ ਰਾਕੇਸ਼ ਦਾ ਮਾਲਿਕ ਬਾਸ ਜੇ ਕੇ. ਫਿਰ ਭੇੜੀਆ ਬਣ ਕੇ ਸਾਹਮਣੇ ਆਉਂਦਾ ਹੈ. ਅਨਿਲ ਦੀ ਪ੍ਰੇਮਿਕਾ ਸ਼ੋਭਾ ਨੂੰ ਬਲੈਕ ਮੇਲ ਕਰਕੇ ਉਸ ਨਾਲ ਸ਼ਾਦੀ ਕਰ ਲੈਂਦਾ ਹੈ, ਵਿਕੀ ਤੇ ਰਾਕੇਸ਼ ਦੀ ਸ਼ਾਦੀ ਹੋ ਜਾਂਦੀ ਹੈ ਪਰ ਇਹ ਭੇਦ ਕਿਸੇ ਨੂੰ ਵੀ ਨਹੀਂ ਹੁੰਦਾ ਕਿ ਸ਼ੋਭਾ ਕਿੰਨ੍ਹਾਂ ਮਜਬੂਰੀਆਂ ਦੀ ਬਲੀ ਚੜ੍ਹੀ ਹੈ. ਅਨਿਲ ਨੂੰ ਗਲਤ ਫਹਿਮੀ ਹੋਣੀ ਉਸਦਾ ਹੋਰ ਕੁੜੀ ਸੋਨਾ ਨਾਲ ਪਿਆਰ. ਸ਼ੋਭਾ ਅਨਿਲ ਮਿਲਣੀ ਆਦਿ ਮੋੜਾਂ ਨੂੰ ਤਹਿ ਕਰਦੀ ਫਿਲਮ ਪੰਜ ਸੰਗੀਤਮਈ ਅਕਰਸਕਗੀਤਾਂ ਤੇ ਅਧਾਰਿਤ ਦਰਸ਼ਕਾਂ ਨੂੰ ਪੂਰਾ ਪੂਰਾ ਮਨੋਰੰਜਨ ਦੇਣ ਵਿਚ ਕਾਮਯਾਬ ਰਹੀ ਹੈ. ਜਤਿੰਦਰ ਐਕਟਰ ਤਕੜਾ ਹੈ, ਪ੍ਰਵੀਨ ਬਾਬੀ ਹੈ ਹੁਣ ਸ਼ਰੀਰ ਦਿਖਾਵੇ ਤੋਂ ਇਲਾਵਾ ਐਕਟਿੰਗ ਦਾਵੀਨਹਾਰਾ ਲੈ ਰਹੀ ਹੈ. ਰੀਨਾ ਰਾਏ ਖਾਸ ਨਹੀਂ ਰਹੀ. ਰਾਜ ਬੱਬਰ ਤਾਂ ਰਹਿ ਗਿਆ ਡਰਾ-ਮਿਆਂ ਜੋਗਾ ਹੀ. ਪ੍ਰੀਤੀ ਸਪਰੂ ਤੇ ਦੀਨਾ ਪਾਠਕ ਨੇ ਸੋਹਣਾ ਕੰਮ ਕੀਤਾ ਹੈ ਬਾਕੀ ਸਭ ਸਿਤਾਰੇ ਖਾਲੀ ਚਿਹਰੇ ਹੀ ਹਨ. ਜੇ. ਓਪ ਪ੍ਰਕਾਸ਼ ਦੀ ਪਟਕਥਾ ਤੇ ਨਿਰਦੇਸ਼ਨ 'ਆਸ਼ਾ' ਵਰਗਾ ਹੀ ਹੈ ਹਾਂ ਲਕਸ਼ਮੀ ਕਾਂਤ ਪਿਆਰੇ ਤੇ ਅਨੰਦ ਬਖਸ਼ੀ ਦੀ ਜੋੜੀ ਨੇ ਲਤਾ ਮੰਗੇਸ਼ਕਰ ਦੇ ਮਿਠੇ ਬੋਲਾਂ ਦਾ ਪੂਰਾ ਫਾਇਦਾ ਉਠਾਇਆ ਹੈ ਕ੍ਹਾਵੇਂ ਬੈਕ ਗਰਾਊਂਡ ਮਿਊਜ਼ਕ ਪੁਰਾਣੀਆਂ ਟੋਪਾਂ ਜੋੜ ਕੇ ਹੀ ਭਰਿਆ ਗਿਆ ਹੈ. ਵੀ: ਬਾਬਾ ਸਾਹਿਬ ਦੀ ਫੋਟੋਗਰਾਫੀ ਸ਼ਲਾਘਾ-ਯੋਗ ਹੈ, ਰਮੇਸ਼ ਪੰਤ ਦੇ ਡਾਇਲਾਗ ਜਾਨਦਾਰ ਹਨ, ਸੁਰੇਸ਼ ਭੱਟ ਦੇ ਨ੍ਰਿਤਯ ਦਰਮਿਆਨੇ ਹੀ ਰਹੇ. ਕਤੀਨਜ਼ ਤੇ ਨਿਊਸਟਾਇਲੋ ਨੇ ਵੇਸ਼ ਭੂਸ਼ਾ ਸੋਹਣੀ ਤਿਆਰ ਕੀਤੀ ਹੈ ਤੇ ਇਸ ਸਭ ਦਾ ਸਿੱਟਾ ਇਹ ਕਿ ਜੇ. ਓਮ ਪ੍ਰਕਾਸ਼ ਦੀ 'ਅਰਪਣ' ਦਰਸ਼ਕਾਂ ਲਈ ਮਨੋਰੰਜਨ ਤੇ ਪਰਿਵਾਰਕ ਤੋਹਫਾ ਹੈ. —ਹਰਸ਼ ਸ਼ਰਮਾ

ਫਿਲਮੀ ਕਲਾਕਾਰ ਐਤਵਾਰ ਨੂੰ ਸ਼ੂਟਿੰਗ ਨਹੀਂ ਕਰਦੇ। ਉਹਨਾਂ ਨੇ ਇਹ ਦਿਨ ਮੌਜ-ਮੇਲਾ ਜਾਂ ਪਰਿਵਾਰ ਨਾਲ ਕਿਸੇ ਵਧੀਆ ਜਗ੍ਹਾ ਬਿਤਾਉਣ ਲਈ ਰਖਿਆ ਹੋਇਆ ਹੈ। ਪਰ ਰਾਜੇਸ਼ ਖੰਨਾ ਐਤਵਾਰ ਨੂੰ ਅਕਸਰ ਡਾਇਮੰਡ ਹੋਟਲ ਵਿਚ ਤਸ਼ਰੀਫ ਲੈ ਜਾਂਦਾ ਹੈ। ਇਕੱਲਾ ਨਹੀਂ, ਸਗੋਂ ਟੀਨਾ ਮੁਨੀਮ ਵੀ ਉਸ ਨਾਲ ਹੁੰਦੀ ਹੈ।



ਸਵਰਗੀ ਮੁਹੰਮਦ ਰਫ਼ੀ ਇਕ ਗਾਣੇ ਦਾ 18 ਹਜ਼ਾਰ ਰੁਪਏ ਲੈਂਦੇ ਸਨ। ਪਰ ਜਿਹੜੇ ਨਿਰਮਾਤਾ-ਨਿਰਦੇਸ਼ਕ ਕਦੀ ਉਹਨਾਂ ਤੋਂ ਬਿਨਾਂ ਫਿਲਮ ਨਹੀਂ ਸੀ ਬਣਾਉਂਦੇ, ਉਹਨਾਂ ਤੋਂ ਚਾਰ-ਪੰਜ ਹਜ਼ਾਰ ਰੁਪਏ ਵੀ ਲੈ ਲੈਂਦੇ ਸਨ ਤੇ ਜੇ ਕਿਸੇ ਪੰਜਾਬੀ ਫਿਲਮ ਦੇ ਨਿਰ-ਮਾਤਾ ਨੇ ਉਹਨਾਂ ਨੂੰ ਕਿਹਾ ਕਿ ਰਫੀ ਸਾਹਬ ਸਾਡੇ ਕੋਲ ਤਾਂ ਸਿਰਫ ਦੋ ਹਜ਼ਾਰ ਰੁਪਏ ਹੀ ਹਨ ਤਾਂ ਗਾਣਾ ਗਾ ਦਿਓ ਤੇ ਉਹ ਫਿਰ ਵੀ ਨਾਂਹ ਨਹੀਂ ਸਨ ਕਰਦੇ।

ਦੋ ਚਾਰ ਸਾਲ ਪਹਿਲਾਂ ਅਣਪਛਾਤੇ ਲੇਖਕਾਂ ਦੀਆਂ ਕਹਾਣੀਆਂ ਨੂੰ ਆਪਣੇ ਨਾਂ ਹੇਠ ਫਿਲਮਾਉਣ ਲਈ ਗੁਲਜ਼ਾਰ ਮਸ਼ਹੂਰ ਸੀ ਪਰ ਹੁਣ ਮਨਮੋਹਨ ਦੇਸਾਈ ਇਸੇ ਕੈਟੇਗਰੀ ਵਿਚ ਸ਼ਾਮਲ ਹੋ ਗਿਆ ਹੈ। ਸਈ ਪ੍ਰਾਂਜਪੇ ਤੇ ਐਚ. ਐਸ. ਰਵੇਲ ਤਾਂ ਪਹਿਲਾਂ ਹੀ ਅਜਿਹਾ ਮਾਅਰਕਾ ਮਾਰ ਚੁਕੇ ਹਨ। ਜਿਥੋਂ ਤਕ ਮਨਮੋਹਨ ਦੇਸਾਈ ਦਾ ਸਬੰਧ ਹੈ, ਉਹ ਅਜ ਕਲ 'ਸਮਰ ਆਫ 42' ਦਾ ਭਾਰਤੀਕਰਨ ਕਰਕੇ ਫਿਲਮ ਬਣਾਉਣ ਦੀ ਯੋਜਨਾ ਬਣਾ ਰਹੇ ਹਨ


'ਪ੍ਰੇਮ ਰੋਗ' ਦੀ ਸਫਲਤਾ ਤੋਂ ਬਾਅਦ ਪਦਮਨੀ ਕੋਲ੍ਹਾਪੁਰੀ ਹੁਣ ਆਰ. ਕੇ. ਸਟੂਡੀਓ ਵਿਚ 'ਵੋ ਸਾਤ ਦਿਨ' ਦੀ ਸ਼ੂਟਿੰਗ ਕਰਨ ਲਈ ਜਾਣ ਤੋਂ ਪਹਿਲਾਂ ਅਕਸਰ ਰਾਜਕਪੂਰ ਦੀ ਕਾਟੇਜ ਵਿਚ 'ਪਟ ਕਥਾ' ਸੁਣਨ ਜਾਣ ਲਗ ਪਈ ਹੈ। ਇਸ ਸਟੂਡੀਓ ਵਿਚ ਸਵੇਰੇ ਦਸ ਵਜੇ ਤੋਂ ਇੰਤਜ਼ਾਰ ਕਰ ਰਹੀ ਸਾਰੀ ਯੂਨਿਟ ਨੂੰ ਕਈ ਵਾਰ ਰਾਤ ਦੇ 11 ਵੀ ਵਜ ਜਾਂਦੇ ਹਨ।



ਇਨਸਾਨ ਹਾਂ ਦਿਲ ਰਖਦਾ ਹਾਂ ਕਹਿੰਦਾ ਹਾਂ ਤਦੇ ਹੀ
ਮੈਂ ਵਕਤ ਦੀ ਆਵਾਜ਼ ਹਾਂ ਪਰਚਾਰ ਨਹੀਂ ਹਾਂ।

ਲਗਦਾ ਦੋ ਚਾਰ ਹੀ ਮਿੰਟਾਂ 'ਚ ਕਿਵੇਂ ਪੜ੍ਹ ਲਵੇ ਕੋਈ
ਇਕ ਉਮਰ ਦੀ ਪੁਸਤਕ ਹਾਂ ਮੈਂ ਅਖਬਾਰ ਨਹੀਂ ਹਾਂ

BUY DIRECT FROM IMPORTER



Good for India

110/220 V.

4 Band

~~$299.95~~ $219.95



Special Sale on Luggage

32″ with wheels

~~$69.95~~

$49.95

30″ ~~$59.95~~

$39.95

Cash Cash

We are licenced Pawnbrokers
We loan or buy anytime of value
Instant highest cash paid

Whole Sale

Video & Audieo Tapes
Watches—Electronic Goods
110/220 voltage
Telephone - Watch Battries
Stereo Cassette Player
110/220 V.


Loans

On articles of value
Unclaimed & estate Jewellery for Sale

ਅਸੀਂ ਹੋਲ ਸੇਲ ਵੀ ਕਰਦੇ ਹਾਂ ਦੁਕਾਨਦਾਰ ਭਰਾ ਪਹੁੰਚ ਕਰਨ

LONDON LOAN & PAWNBROKERS LTD.

SHALIMAR GIFTS LTD.



7 W. HASTINGS, VANCOUVER
B.C. V6B 1G4
MAIL ORDER WELCOME
685-7050


GOYAL : THE VIDEO KING

4160 & 4156 FRASER ST., VANCOUVER, B.C. V5V 4E8

Proudly announces a grand sale on Panasonic Video machines.



PV -5500K $ 1249.95



PV - 1265K $ 625.00



PV-1310K $ 775.00

Great Selection of 220 V Electrical Appliances

Panasonic

Released or Releasing :

Biggest Hit in India
Avtaar

Dharmendra in
Zakhmee Dil

All time Hit
Shammi Kapoor, Sharmila in
Kashmir ki Kali

Dahshat

Sunil Dutt in & as
Zakhmee

Basu Bhatta Charya's
Griha Parvesh
* Sanjiv Kumar & Sharmila Tagore
* Serika

Hit Punjabi Film
Bharjaee

* Jeetendra & Rejesh Khanna
* Poonem Dhillon & Rekha in
Nishaan

Dharmendra & Rajinder Kumar
in
Lalkar

* Dharmendra * Waheeda Rehman
* Jaya Bhaduri in
Phagun (New)

All Movies available for **99¢ A Day (24 hrs)**

Hit Pakistani Films :
Saheli, Biwi Ho To Aisi, Zanzeer & Shama

Hit Mythological Film
Mahabharat



ਰਾਜਿੰਦਰ ਗੋਇਲ

* Mahendra Sandhu * Vinod Mehra in
Khoon ki Takkar

Amjad Khan's
Chor - Police

Rajesh Khenna & Zeenet in
Jaanwar (New)

* Sheshi Kapoor, Hema, Amjad & Pran
in
Maan Gaye Ustad

Mail Orders Accepted

Arrived A Huge Shipment Of SAMSONITE Luggage
We sell Panasonic, Toshiba, Sanyo, Fisher, Sylvania & Mitsubushi Video Machines

For more information, please phone at (604)873-8308